13

# Punjab Vidhan Sabha Debates

**4th March, 1986**

Vol. II--No. 2

**OFFICIAL REPORT**

CONTENTS

**Tuesday, the 4th March, 1986**


| | Page |
|---|---|
| Starred Questions and Answers .. | (2)1 |
| Written Answers to Starred Questions laid on the Table of the House under Rule 38 .. | (2)37 |
| Unstarred Questions and Answers .. | (2)40 |
| Walk-out .. | (2)95 |
| Announcement by the Speaker *re.*—Panel of Chairmen .. | (2)95 |
| Papers laid on the Table .. | (2)95 |
| Discussion on Governor's Address .. | (2)97 |



Punjab Vidhan Sabha Secretariat, Chandigarh.

Price : Rs 1 1 1.



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## *ERRATA*

TO

PUNJAB VIDHAN SABHA DEBATES,

VOL. II—No. 2

*Dated 4th March, 1986*

| *Read* | *For* | *Page* | *Line* |
|---|---|---|---|
| Expunged | Expungep | (2)20 | Last |
| ਅਨੁਸੂਚਿਤ | ਅਨੁਸੂਰਿਤ | (2)43 | 5 |
| ਅਨੁਸੂਚਿਤ | ਅਨੁਸੂਤਿਤ | (2)45 | 13th from below |
| Mahilpur | Hoshiarpur | (2)70 | 4 |
| Barnala | Barna(a | (2)92 | After Sr. No. 68 |
| ਮੁਜ਼ਾਹਰਾ | ਮੁਜਾਰਾ | (2)133 | 11 |
| ਐਗਜ਼ੈਜਰੇਸ਼ਨ | ਐਗਜ਼ੈਲੋਰੇਸ਼ਨ | (2)136 | 5th from below |
| ਦੇਣ | ਦੇ | (2)137 | 6th from below |
| ਮੋਹਕਮ ਚੰਦ | ਮੋਰਕਮ ਚੰਦ | (2)138 | 11th from below |
| ਚੇਅਰਮੈਨ ਸਾਹਿਬ, ਇਹ ਫਿਰਕਾਪ੍ਰਸਤੀ ਦਾ ਜਾਪ ਕਰੀ ਜਾ ਰਹੇ ਹਨ। | ਚੇਅਰਮੈਨ ਫਿਰਕਾਪਸਾਹਿਬ ਇਹ ਸਤੀ, ਫਿਰਕਾਪ੍ਰਤੀ ਦਾ ਜਾਪ ਕਰੀ ਜਾ ਰਹੇ ਹਨ। | (2)141 | Last two lines. |

Original with;
Punjab Vidhan Sabha
Digitized by;
Panjâb Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

**Tuesday, the 4th March, 1986**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Ravi Inder Singh) in the Chair.*

## STARRED QUESTIONS AND ANSWERS

### Appointment of Ex-servicemen for the Protection of Banks

***82. Shri Manmohan Kalia** : Will the Chief Minister be pleased to state—

(a) whether any Ex-servicemen have been employed by the State Government for the protection of Banks under the Punjab Police Act ;

(b) if the reply to part (a) above be in affirmative then what is their number and the salary being paid to them ?

**Sardar Surjit Singh Barnala** : (a) The banks in the Cooperative Sector have employed Ex-servicemen as Chowkidars/Gunmen and Peon-cum-Chowkidars. These appointments have not been made by the State Government under the Police Act of 1861.

(b) According to the information available, the number of such employees and their pay scales are as under :—

| Name of the Bank | Number of employees | Pay Scale |
|---|---|---|
| (i) Punjab State Cooperative Land Mortgage Bank Ltd., and the Primary Cooperative Land Mortgage Banks | 8 | Rs. 400—660. Total salary at initial stage=Rs. 940 per month. |
| (ii) Punjab State Cooperative Bank Ltd. | 38 | Rs. 350—730+Rs. 20 as special pay to those provided with Gun. Total starting salary Rs. 880 per month. |
| (iii) The Central Cooperative Banks | | Ditto |

**ਸ੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗਾ ਕਿ ਪਿੱਛੇ 27 ਮਾਰਚ, 1984 ਨੂੰ ਇਕ ਮੀਟਿੰਗ ਹੋਈ ਸੀ ਤਾਂ ਉਸ ਵਿਚ ਭਾਵਨਾ ਇਹ ਸੀ ਕਿ ਕੋਆਪਰੇਟਿਵ ਬੈਂਕ ਔਰ ਦੂਸਰੇ ਨੈਸ਼ਨੇਲਾਈਜ਼ਡ ਬੈਂਕ ਜਿਹੜੇ ਵੀ ਹਨ ਉਨ੍ਹਾਂ ਵਿਚ ਐਕਸ-ਸਰਵਿਸਮੈੱਨ ਨੂੰ ਇੰਪਲਾਇਮੈਂਟ ਦੇਣ ਦਾ ਫੈਸਲਾ ਹੋਇਆ। ਹੋਰ ਕਈ ਬੈਂਕਾਂ ਵਿਚ 15 ਰੁਪਏ, 20 ਰੁਪਏ ਔਰ ਪੰਜਾਬ ਨੈਸ਼ਨਲ ਬੈਂਕ ਵਿਚ 30 ਰੁਪਏ ਦਿਹਾੜੀ ਦੇ ਦਿੱਤੇ ਜਾਂਦੇ ਹਨ। ਮੇਰੇ ਕੋਲ ਇਸ ਸਬੰਧ ਵਿਚ ਇਕ ਰਿਪ੍ਰੇਜ਼ੈਂਟੇਸ਼ਨ ਆਈ ਹੈ . . . . .

Original with;
Punjab Vidhan Sabha
Digitized by;
Panjab Digital Library

**Mr. Speaker**: How can that be? ਕੁਐਸ਼ਚਨ ਇਹ ਹੈ ਕਿ ਪੰਜਾਬ ਦੀ ਜੁਰਿਸਡਿਕਸ਼ਨ ਵੱਖਰੀ ਹੈ...... Punjab National Banks are not under the Punjab Government. How can that be.?

**ਸ੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਫੈਸਲਾ ਇਹ ਹੋਇਆ ਸੀ ਕਿ ਸੈਲਰੀ ਬੈਂਕ ਦੇਣਗੇ ਲੇਕਿਨ ਉਨ੍ਹਾਂ ਦੀ ਜਿਹੜੀ ਐਪੁਆਇੰਟਮੈਂਟ ਹੈ ਉਹ ਪੁਲਿਸ ਐਕਟ ਦੇ ਥੱਲੇ ਹੋਵੇਗੀ।

**ਸ੍ਰੀ ਸਪੀਕਰ** : ਤੁਸੀਂ ਇਹ ਸੁਆਲ ਕਰੋ ਕਿ ਪੰਜਾਬ ਪੁਲਿਸ ਐਕਟ ਦੇ ਹੇਠ ਕਰਨੀ ਹੈ।

**ਸ੍ਰੀ ਮਨਮੋਹਨ ਕਾਲੀਆ** : ਆਇਆ ਚੀਫ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਨੈਸ਼ਨੇਲਾਈਜ਼ਡ ਬੈਂਕਸ ਵਿਚ ਸੈਕਸ਼ਨ 17, 1861 ਦੇ ਐਕਟ ਦੇ ਹੇਠ ਐਕਸ-ਸਰਵਿਸਮੈਨ ਨੂੰ ਇਮਪਲਾਇਮੈਂਟ ਦਿੱਤੀ ਹੈ ਜਿਵੇਂ ਪੁਲਿਸ ਐਕਟ ਵਿਚ ਕੀਤੀ ਗਈ ਹੈ।

**ਮੁੱਖ ਮੰਤਰੀ** : ਕੋਈ ਨੈਸ਼ਨੇਲਾਈਜ਼ਡ ਬੈਂਕ ਕਹੇਗਾ ਤਾਂ We will help them and we will create employment like this further.

**ਸ੍ਰੀ ਮਨਮੋਹਨ ਕਾਲੀਆ** : ਮੇਰਾ ਸਵਾਲ ਹੀ ਰਹਿ ਗਿਆ ਹੈ ਕਿ ਕੋਈ ਐਪੁਆਇੰਟ-ਮੈਂਟ ਹੋਈ ਹੈ।

**ਮੁੱਖ ਮੰਤਰੀ** : ਸਾਨੂੰ ਐਪਰੋਚ ਨਹੀਂ ਕੀਤਾ ਕਿਸੇ ਬੈਂਕ ਨੇ ਵੀ ਕਿ ਐਪੁਆਇੰਟਮੈਂਟ ਦਿਓ।

**ਸ੍ਰੀ ਰਾਮ ਕਿਸ਼ਨ ਕਟਾਰੀਆ** : ਲਾ ਐਂਡ ਆਰਡਰ ਦੇਖਣ ਦਾ ਕੰਮ ਪੁਲਿਸ ਦਾ ਹੈ......

**ਸ੍ਰੀ ਸਪੀਕਰ** : ਇਹ ਸਵਾਲ ਅਰਾਈਜ਼ ਨਹੀਂ ਹੁੰਦਾ।

**ਸ੍ਰੀ ਰਾਮ ਕਿਸ਼ਨ ਕਟਾਰੀਆ** : ਕੀ ਚੀਫ ਮਨਿਸਟਰ ਸਾਹਿਬ ਯਤਨ ਕਰਨਗੇ ਕਿ ਬਾਕੀ ਸੈਂਟਰਲ ਬੈਂਕ ਵੀ ਐਕਸ-ਸਰਵਿਸਮੈਂਨ ਲਾਉਣ ਔਰ ਆਪਣੀ ਹਿਫ਼ਾਜ਼ਤ ਆਪ ਕਰਨ ਤਾਕਿ ਪੁਲਿਸ ਲਾ ਐਂਡ ਆਰਡਰ ਨੂੰ ਵੇਖ ਸਕੇ।

**ਮੁੱਖ ਮੰਤਰੀ** : ਜੇ ਉਹ ਬੈਂਕਸ ਫੈਸਲਾ ਕਰ ਲੈਣ ਔਰ ਸਾਨੂੰ ਕਹਿਣ ਤਾਂ ਅਸੀਂ ਐਪੁਆਇੰਟ-ਮੈਂਟਸ ਕਰਕੇ ਦੇ ਸਕਦੇ ਹਾਂ। ਫੈਸਲਾ ਉਨ੍ਹਾਂ ਨੇ ਕਰਨਾ ਹੈ, ਅਸੀਂ ਇੰਪਲਾਇਮੈਂਟ ਪਰੋਵਾਈਡ ਕਰਕੇ ਦੇ ਸਕਦੇ ਹਾਂ।

---

## Relief to the Army Deserters

***87. Dr. Kewal Krishan** : Will the Chief Minister be pleased to state—

(a) whether the Government has announced its decision for providing relief to the Army Deserters and their families who deserted soon after the Blue Star Operation at Amritsar ;

(b) if reply to Part (a) above be in the affirmative the details of the decision for providing relief together with the number of widows, children and disabled persons who have applied for relief till 31st January, 1986 ;

(c) The amount provided by the Government to be disbursed among such Army deserters, widows, children and disabled widows ?

**ਸਰਦਾਰ ਮੇਜਰ ਸਿੰਘ ਉਬੋਕੇ** : (ੳ) ਹਾਂ ਜੀ।

Original with;
Punjab Vidhan Sabha
Digitized by;
Panjab Digital Library

(ਅ) ਫੈਸਲਿਆਂ ਦਾ ਵਿਸਥਾਰ ਹਾਊਸ ਦੀ ਟੇਬਲ ਤੇ ਰੱਖਿਆ ਜਾਂਦਾ ਹੈ। 31 ਜਨਵਰੀ, 1986 ਤੱਕ ਜਿਨ੍ਹਾਂ ਪ੍ਰਾਰਥੀਆਂ ਨੇ ਅਰਜ਼ੀਆਂ ਦਿੱਤੀਆਂ ਹਨ, ਉਨ੍ਹਾਂ ਦੀ ਗਿਣਤੀ 108 ਹੈ। ਉਨ੍ਹਾਂ ਦਾ ਵੇਰਵਾ ਹੇਠ ਅਨੁਸਾਰ ਹੈ:—

| | | |
|---|---|---|
| 1. | ਗੁੰਮ ਹੋਏ/ਮਾਰੇ ਗਏ ਫੌਜੀਆਂ ਦੀਆਂ ਵਿਧਵਾਵਾਂ ਅਤੇ ਆਸ਼ਰਿਤਾਂ ਦੀ ਗਿਣਤੀ | 19 |
| 2. | ਫੌਜ ਵਿਚੋਂ ਡਿਸਚਾਰਜ ਕੀਤੇ ਗਏ ਫੌਜੀ ਜਿਨ੍ਹਾਂ ਨੂੰ ਰਾਹਤ ਦਿੱਤੀ ਗਈ ਹੈ ... | 3 |
| 3. | ਕੈਦ ਕੀਤੇ ਗਏ ਫੌਜੀ ਜਿਨ੍ਹਾਂ ਨੂੰ ਰਾਹਤ ਦਿੱਤੀ ਗਈ ਹੈ ਦੀ ਗਿਣਤੀ ... | 86 |

(ੲ) ਸਾਲ 1985-86 ਵਿੱਚ 63.00 ਲੱਖ ਰੁਪਏ ਦੀ ਰਾਸ਼ੀ ਰੱਖੀ ਗਈ ਹੈ।

ਬਲਿਊਸਟਾਰ ਉਪਰੇਸ਼ਨ ਅੰਮ੍ਰਿਤਸਰ ਵਜੋਂ ਫੌਜੀ ਭਗੌੜਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਸਬੰਧੀ ਸਰਕਾਰ ਵੱਲੋਂ ਲਏ ਗਏ ਫੈਸਲਿਆਂ ਦਾ ਵੇਰਵਾ ਜੋ ਸਦਨ ਦੀ ਮੇਜ਼ ਤੇ ਰੱਖਿਆ ਗਿਆ।

ਪੰਜਾਬ ਸਰਕਾਰ ਨੇ ਇਸ ਸਬੰਧੀ ਨਿਮਨ ਅਨੁਸਾਰ ਫੈਸਲੇ ਲਏ ਹਨ:—

(ੳ) 500 ਰੁਪਏ ਪ੍ਰਤੀ ਮਹੀਨਾ ਗੁਜ਼ਾਰਾ ਗਰਾਂਟ:—

(1) ਉਪਰੇਸ਼ਨ "ਬਲਿਊ-ਸਟਾਰ" ਵਜੋਂ ਜਿਹੜੇ ਫੌਜੀ ਮਾਰੇ ਗਏ ਹਨ ਜਾਂ ਲਾਪਤਾ ਹਨ ਜਾਂ ਪਕੜੇ ਗਏ ਸਨ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ, ਦੇ ਪਰਿਵਾਰਾਂ ਨੂੰ;

(2) ਜਨਰਲ ਕੋਰਟ ਮਾਰਸ਼ਲ ਵਜੋਂ ਫੌਜੀ ਭਗੌੜੇ, ਜਿਨ੍ਹਾਂ ਨੂੰ ਸਖਤ ਕੈਦ ਦੀ ਸਜ਼ਾ ਅਤੇ ਸੇਵਾਵਾਂ ਵਿਚੋਂ ਡਿਸਮਿਸ ਕਰ ਦਿੱਤਾ ਗਿਆ ਸੀ, ਦੇ ਪਰਿਵਾਰਾਂ ਨੂੰ;

(3) ਉਨ੍ਹਾਂ ਫੌਜੀ ਭਗੌੜਿਆਂ ਨੂੰ ਜਿਨ੍ਹਾਂ ਨੂੰ ਸੇਵਾ ਤੋਂ ਡਿਸਮਿਸ ਕਰੇ ਬਿਨਾਂ ਅਠਾਰਾਂ ਮਹੀਨੇ ਦੀ ਸਜ਼ਾ ਹੋਈ ਜਾਂ ਉਨ੍ਹਾਂ ਨੂੰ ਜਿਨ੍ਹਾਂ ਨੂੰ ਡਿਸਮਿਸ ਕਰ ਦਿੱਤਾ ਗਿਆ ਸੀ, ਦੇ ਪਰਿਵਾਰਾਂ ਨੂੰ,; ਅਤੇ

(4) ਉਹ ਫੌਜੀ ਭਗੌੜੇ ਜਿਨ੍ਹਾਂ ਵਿਰੁੱਧ ਮੁਕੱਦਮੇ ਚੱਲ ਰਹੇ ਹਨ।

ਇਹ ਗੁਜ਼ਾਰਾ ਗਰਾਂਟ ਮਿਤੀ 1 ਜਨਵਰੀ, 1986 ਤੋਂ ਉਸ ਸਮੇਂ ਤੱਕ ਜਦੋਂ ਤੱਕ ਕਿ ਫੌਜੀ ਭਗੌੜਾ ਜਾਂ ਉਸ ਦਾ ਇਕ ਅਸ਼ਰਿਤ ਮੁੜ ਸਥਾਪਤ ਨਹੀਂ ਹੋ ਜਾਂਦਾ, ਉਪਲਬਧ ਕਰਨੀ ਬਣਦੀ ਹੈ ਸਿਵਾਏ ਕੈਟੇਗਰੀ (4) ਦੇ ਜਿਥੇ ਇਹ ਕੋਰਟ ਮਾਰਸ਼ਲ ਦੀ ਕਾਰਵਾਈ ਦੇ ਖਾਤਮੇ ਤੱਕ ਅਦਾਇਗੀ ਯੋਗ ਹੋਵੇਗੀ ਜਿਸ ਤੋਂ ਪਿਛੋਂ ਇਹ ਗਰਾਂਟ ਇਨ੍ਹਾਂ ਵਿਅਕਤੀਆਂ ਨੂੰ ਉਪਰੋਕਤ ਕੈਟਗਰੀ (1) ਤੋਂ (3) ਅਨੁਸਾਰ ਦਿੱਤੀ ਜਾਵੇਗੀ ਜਿਸ ਕਿਸੇ ਕੈਟੇਗਰੀ ਵਿੱਚ ਵੀ ਉਹ ਆਉਂਦੇ ਹਨ।

(ਅ) "ਉਪਰੇਸ਼ਨ ਬਲਿਊ-ਸਟਾਰ" ਦੇ ਪਿਛੋਂ ਜਿਹੜੇ ਫੌਜੀ ਹੋਰ ਟਰੁਪਾਂ ਨਾਲ ਜਾਂ ਪੁਲਿਸ ਨਾਲ ਟਕਰਾਂਦੇ ਹੋਏ ਜ਼ਖਮੀ ਹੋਏ, ਜਾਂ ਨਕਾਰਾ ਹੋ ਗਏ, ਨੂੰ 250 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਗੁਜ਼ਾਰਾ ਗਰਾਂਟ।

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

(ੲ) ਉਕਤ ਕੈਟੇਗਰੀ ੳ(1) ਅਤੇ (2) ਨੂੰ 5000 ਰੁਪਏ ਅਤੇ ਕੈਟੇਗਰੀ ੳ(3) ਅਤੇ (4) ਨੂੰ 2000 ਰੁਪਏ ਅਤੇ ਕੈਟੇਗਰੀ (ਅ) ਨੂੰ 10,000 ਰੁਪਏ ਦੀ ਐਕਸ ਗਰੇਸ਼ੀਆ ਗਰਾਂਟ ਦੇਣਾ।

(ਸ) ਉਕਤ ਕੈਟੇਗਰੀ ੳ(1) ਨੂੰ ਖੇਤੀਬਾੜੀ ਲਈ 5 ਏਕੜ ਜ਼ਮੀਨ ਜਾਂ ਇਸ ਦੇ ਬਦਲੇ ਉਨ੍ਹਾਂ ਦੇ ਨਿਵਾਸ ਅਸਥਾਨ ਦੇ ਲਾਗੇ ਉਨ੍ਹਾਂ ਦੀ ਇੱਛਾ ਅਨੁਸਾਰ ਸ਼ਹਿਰ ਜਾਂ ਕਸਬੇ ਵਿੱਚ ਐਲ.ਆਈ.ਜੀ. ਫ਼ਲੈਟ/250 ਮੁਰੱਬਾ ਗਜ਼ ਦੇ ਪਲਾਟ ਦੇਣਾ।

(ਹ) ਉਕਤ ਕੈਟੇਗਰੀ ੳ(1), ੳ(2) ਅਤੇ 'ਅ' ਵਿੱਚ ਦਰਸਾਏ ਫੌਜੀ ਭਗੌੜਿਆਂ ਦੇ ਬੱਚਿਆਂ ਨੂੰ ਸੇਵਾ ਕਰਦੇ ਜਾਂ ਸੇਵਾ ਨਿਵਰਤ ਫੌਜੀਆਂ ਦੇ ਵਾਂਗ ਯੂਨੀਵਰਸਿਟੀ ਪੱਧਰ ਤੱਕ ਮੁਫ਼ਤ ਵਿਦਿਆ ਅਤੇ ਪੰਜਾਬ ਡਿਫੈਂਸ ਅਤੇ ਸਿਕਿਓਰਿਟੀ ਰੀਲੀਫ ਫੰਡ ਵਿਚੋਂ ਵਿਦਿਅਕ ਸਹੂਲਤਾਂ ਦੇਣਾ।

(ਕ) ਕੈਟੇਗਰੀ ੳ(1) ਅਤੇ 'ਅ' ਵਿੱਚ ਕਵਰ ਹੁੰਦੇ ਫੌਜੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸੇਵਾ ਲਾਭ ਜਿਵੇਂ ਪੈਨਸ਼ਨ ਅਤੇ ਗਰੁੱਪ ਇਨਸ਼ੋਰੈਂਸ ਸਹੂਲਤਾਂ ਉਪਲਬਧ ਕਰਾਉਣ ਲਈ ਭਾਰਤ ਸਰਕਾਰ ਨਾਲ ਪੈਰਵੀ ਕਰਨਾ।

(ਖ) ਪੰਜਾਬ ਸਟੇਟ ਵੂਮੈਨ ਅਤੇ ਚਿਲਡਰਨ ਡੀਵੈਲਪਮੈਂਟ ਅਤੇ ਵੈਲਫੇਅਰ ਕਾਰਪੋਰੇਸ਼ਨ ਵੱਲੋਂ ਇਨ੍ਹਾਂ ਡਿਸਚਾਰਜਡ ਫੌਜੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਖਲਾਈ ਅਤੇ ਮੁੜ ਸਥਾਪਨਾ ਪ੍ਰਤੀ ਸਹੂਲਤਾਂ ਇਨ-ਬਿਨ ਉਪਲਬਧ ਕਰਵਾਈਆਂ ਜਾਣਗੀਆਂ ਜਿਵੇਂ ਕਿ ਨਵੰਬਰ, 1984 ਦੇ ਦੰਗਾ ਪੀੜਤਾਂ ਦੇ ਪਰਿਵਾਰਾਂ ਨੂੰ ਕਰਵਾਈਆਂ ਗਈਆਂ ਹਨ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹਵਾਂਗਾ ਕਿ according to Clause 4 of the Punjab Accord: Rehabiliitation of those discharged from the Army: and according to clause 4.1: for all those discharged, efforts will be made to rehabilitate and provide gainful employment. ਡਿਸਚਾਰਜ ਵਾਸਤੇ ਅਕਾਰਡ ਵਿਚ ਗੱਲ ਆਈ ਸੀ। ਮੈਂ ਜਾਣਨਾ ਚਾਹਵਾਂਗਾ ਕਿ ਡਿਸਮਿਸ ਔਰ ਜਿਨ੍ਹਾਂ ਤੇ ਮੁਕਦਮੇ ਵੀ ਚਲਦੇ ਹਨ, ਜਿਨ੍ਹਾਂ ਨੇ ਪੁਲਿਸ ਨਾਲ ਮੁਕਾਬਲੇ ਕੀਤੇ ਹਨ ਅਤੇ ਫੌਜੀ ਅਫਸਰਾਂ ਤੇ ਹਮਲੇ ਕਰਕੇ ਬਗਾਵਤ ਕੀਤੀ ਸੀ, ਉਨ੍ਹਾਂ ਨੂੰ ਇਨਕਰੇਜਮੈਂਟ ਦੇਣਾ ਕੀ ਅਕਾਰਡ ਦੀ ਅਵੇਹਲਨਾ ਨਹੀਂ ਹੈ ?

**ਮੰਤਰੀ** : ਡਾਕਟਰ ਸਾਹਿਬ ਬੜੇ ਸਿਆਣੇ ਮੈਂਬਰ ਸਾਹਿਬ ਹਨ ਜਿਹੜੇ ਹਿੰਦੁਸਤਾਨ ਦਾ ਪੁਰਾਣਾ ਇਤਿਹਾਸ ਸ਼ਾਇਦ ਨਹੀਂ ਜਾਣਦੇ, ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਡਿਸਚਾਰਜ ਦੇ ਮੁਤਾਬਿਕ ਹੋਵੇ। ਇਸ ਸਬੰਧ ਵਿਚ ਅੱਗੇ ਇਹੋ ਜਿਹੀਆਂ ਮਿਸਾਲਾਂ ਸਾਡੇ ਕੋਲ ਹਨ। ਅਜ਼ਾਦ ਹਿੰਦ ਫੌਜ ਵਾਲਿਆਂ ਨੂੰ ਔਰ 1858 ਵਿਚ ਅਜਿਹੇ ਲੋਕ ਸਨ ਜਿਨ੍ਹਾਂ ਨੇ ਕਾਰਤੂਸ ਨਹੀਂ ਵੇਖੇ ਸਨ ਉਹ ਇਹ ਸਮਝਕੇ ਕਿ ਕਾਰਤੂਸਾਂ ਵਿਚ ਗਾਂ ਅਤੇ ਸੂਰ ਦੀ ਚਰਬੀ ਹੈ ਅਤੇ ਬਗਾਵਤ ਕੀਤੀ ਸੀ ਤਾਂ ਉਸ ਵੇਲੇ ਦੀ ਮਲਕਾਂ ਨੇ ਉਨ੍ਹਾਂ ਨੂੰ ਮੁਆਫ਼ ਕੀਤਾ ਸੀ। ਇਸ ਲਈ ਤੁਹਾਨੂੰ ਅਜਿਹੀ ਭਾਵਨਾ ਨਹੀਂ ਲਿਆਉਣੀ ਚਾਹੀਦੀ। ਉਹ ਨਿਰੋਲ ਧਾਰਮਿਕ ਜਜ਼ਬਾਤ ਵਿਚ ਪ੍ਰਭਾਵਿਤ ਹੋਏ ਹਨ ਇਸ ਕਰਕੇ ਸਰਕਾਰ ਉਨ੍ਹਾਂ ਨਾਲ ਹਮਦਰਦੀ ਦਾ ਸਲੂਕ ਕਰ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਹਿੰਦੁਸਤਾਨ ਅਜ਼ਾਦ ਔਰ ਗੁਲਾਮ ਦੇ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਅਜ਼ਾਦ ਹਿੰਦੁਸਤਾਨ ਵਿਚ ਅਗਰ ਜਜ਼ਬਾਤ ਵਿਚ ਆਕੇ ਪੁਲਿਸ ਸਿਕਓਰਿਟੀ ਕੁਝ ਕਰ ਬੈਠਦੀ ਹੈ ਤਾਂ ਕੀ ਕੋਈ ਉਨ੍ਹਾਂ ਨੂੰ ਰੀਹੈਬਿਲੀਟੇਟ ਕਰੇਗਾ। ਜੇ ਉਹ ਬਗ਼ਾਵਤ ਕਰਕੇ ਚਲੇ ਜਾਣ ਤਾਂ ਕੀ ਪੰਜਾਬ ਸਰਕਾਰ ਉਨ੍ਹਾਂ ਲਈ ਵੀ ਮੱਦਦ ਦੇਵੇਗੀ, ਪੈਨਸ਼ਨ ਦੇਵੇਗੀ ?

**ਸ੍ਰੀ ਸਪੀਕਰ**: ਇਹ ਤਾਂ ਸਟੇਟਮੈਂਟ ਹੈ।

**ਮੁੱਖ ਮੰਤਰੀ** : ਮੇਰਾ ਖਿਆਲ ਸੀ ਕਿ ਇਸ ਤਰ੍ਹਾਂ ਦਾ ਸਵਾਲ ਸੁਲਝੇ ਹੋਏ ਮੈਂਬਰ ਨਹੀਂ ਉਠਾਓਣਗੇ ਜਿਸ ਨਾਲ ਲੋਕਾਂ ਦੇ ਜਜ਼ਬਾਤ ਭੜਕਣ। ਇਹ ਮਸਝੌਤਾ ਦੇਸ਼ ਦੇ ਪ੍ਰਧਾਨ ਮੰਤਰੀ ਔਰ ਸੰਤ ਲੌਂਗੋਵਾਲ ਦੇ ਦਰਮਿਆਨ ਹੋਇਆ ਸੀ ਔਰ ਇਸ ਸਮਝੌਤੇ ਦੀ ਹਰ ਕਲਾਜ਼ ਬੜੀ ਸੇਕਰਡ ਡਾਕੂਮੈਂਟ ਸਮਝੀ ਜਾਂਦੀ ਹੈ। ਇਹ ਇਸ ਦੀ ਭਾਵਨਾ ਹੈ। ਜਿਨ੍ਹਾਂ ਨਾਲ ਬੇਇਨਸਾਫ਼ੀ ਹੋਈ ਹੈ ਉਨ੍ਹਾਂ ਨੂੰ ਰੀਹੈਬਿਲੀਟੇਟ ਕਰਨਾ ਇਸ ਅਕਾਰਡ ਦੀ ਭਾਵਨਾ ਹੈ। ਉਸ ਵੇਲੇ 237 ਡਿਸਚਾਰਜ ਹੋਏ ਸਨ ਉਨ੍ਹਾਂ ਨੂੰ ਰੀਹੈਬਿਲੀਟੇਟ ਕਰਨ ਵਾਸਤੇ ਸੈਂਟਰਲ ਗੌਰਮਿੰਟ ਵਲੋਂ ਵੀ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਸਨ ਔਰ ਕੁਝ ਨੂੰ ਅਸੀਂ ਵੀ ਦਿੱਤੀਆਂ ਹਨ। ਜਿਨ੍ਹਾਂ ਨੂੰ ਉਸ ਵੇਲੇ ਤਕਲੀਫ਼ ਹੋਈ ਹੈ ਉਨ੍ਹਾਂ ਨੂੰ ਰੀਹੈਬਿਲੀਟੇਟ ਕਰਨ ਦੀ ਭਾਵਨਾ ਥੱਲੇ ਅਸੀਂ ਕੰਮ ਕਰ ਰਹੇ ਹਾਂ। ਜੋ ਵਿਧਵਾ ਹੋ ਗਈਆਂ ਹਨ ਉਨ੍ਹਾਂ ਨੂੰ ਪੈਨਸ਼ਨ ਵਗੈਰਾ ਦੀ ਸਹੂਲਤ ਦੇ ਰਹੇ ਹਾਂ। ਉਨ੍ਹਾਂ ਦੇ ਬੱਚਿਆਂ ਲਈ ਵਿੱਦਿਆ ਦਾ ਇੰਤਜ਼ਾਮ ਕਰ ਰਹੇ ਹਾਂ। ਪਤਾ ਨਹੀਂ ਇਨ੍ਹਾਂ ਨੂੰ ਇਸ ਗੱਲ ਲਈ ਕਿਉਂ ਤਕਲੀਫ ਹੋ ਰਹੀ ਹੈ।

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਸਾਰੇ ਪੰਜਾਬ ਅਤੇ ਦੇਸ਼ ਦੇ ਹਿੱਤ ਵਿਚ ਸੋਚ ਕੇ ਕੰਮ ਕੀਤਾ ਜਾ ਰਿਹਾ ਹੈ। ਇਸ ਗੱਲ ਨੂੰ ਬਾਰ ਬਾਰ ਛੇੜਨਾ ਪੰਜਾਬ ਦੇ ਹਿੱਤ ਵਿਚ ਨਹੀਂ ਹੋਵੇਗਾ। ਤੁਸੀਂ ਜਿਹੜਾ ਸਵਾਲ ਕਰਨਾ ਹੈ ਉਹ ਕਰ ਲਵੋ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਜੋ ਚੀਫ ਮਨਿਸਟਰ ਸਾਹਿਬ ਨੇ ਭਾਵਨਾ ਜ਼ਾਹਿਰ ਕੀਤੀ ਹੈ ਉਸ ਦੇ ਬਾਰੇ ਹੀ ਸਵਾਲ ਪੁਟ ਕਰਨਾ ਚਾਹੁੰਦਾ ਹਾਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ......

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਜਿਹੜੀ ਤੁਸੀਂ ਚੀਜ਼ ਪੁੱਛਣਾ ਚਾਹੁੰਦੇ ਹੋ ਉਹ ਉਸੇ ਸਵਾਲ ਦੇ ਲਾਈਨਜ਼ ਤੇ ਹੋਣੀ ਚਾਹੀਦੀ ਹੈ। I shall be grateful if you please do not make a statement but put a relevant supplementary question.

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਇਹ ਦੱਸ ਦੇਣ ਆਰਮੀ ਵਿਚੋਂ ਡਿਸਚਾਰਜ ਹੋਏ ਆਦਮੀਆਂ ਦੀ ਗਿਣਤੀ ਕਿੰਨੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਹਾਲੇ ਤੱਕ ਸਾਨੂੰ ਗੌਰਮਿੰਟ ਆਫ ਇੰਡੀਆ ਤੋਂ ਕੋਈ ਪੌਜੇਟਿਵ ਇਨਫਰਮੇਸ਼ਨ ਨਹੀਂ ਆਈ ਹੈ। ਇਸ ਬਾਰੇ ਮੈਂ ਸੈਂਟਰ ਦੀ ਸਰਕਾਰ ਨੂੰ ਚਿੱਠੀ ਲਿਖੀ ਹੋਈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ ਕਿ ਸਾਨੂੰ ਦਸਿਆ ਜਾਵੇ ਕਿ ਕਿੰਨੇ ਆਦਮੀ ਆਰਮੀ ਵਿਚੋਂ ਡਿਸਚਾਰਜ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਪੁਜ਼ੀਸ਼ਨ ਕੀ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਭਾਵਨਾ ਦੇ ਖਿਲਾਫ ਕੋਈ ਗੱਲ ਨਹੀਂ ਕਰਨੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 1977 ਦੇ ਵਿਚ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਦੇ ਸਮੇਂ ਪੁਲਿਸ ਕਰਮਚਾਰੀਆਂ ਦੀ ਯੂਨੀਅਨ ਬਣੀ ਸੀ ਜਿਸ ਕਰਕੇ ਇਨ੍ਹਾਂ ਨੇ 300—400 ਦੇ ਕਰੀਬ ਕਰਮਚਾਰੀਆਂ ਨੂੰ ਨੌਕਰੀ ਵਿਚੋਂ ਕੱਢ ਦਿੱਤਾ ਸੀ ਅਤੇ ਇਨ੍ਹਾਂ ਵਿਚੋਂ 100 ਕਰਮਚਾਰੀ ਰੀ-ਇਨਸਟੇਟ ਹੋਣੇ ਹਾਲੇ ਰਹਿੰਦੇ ਹਨ। ਕੀ ਚੀਫ ਮਨਿਸਟਰ ਸਾਹਿਬ, ਇਸੇ ਭਾਵਨਾ ਨੂੰ ਲੈ ਕੇ ਇਨ੍ਹਾਂ ਪੁਲਿਸ ਕਰਮਚਾਰੀਆਂ ਨੂੰ ਵੀ ਰੀਇਨਸਟੇਟ ਕਰਨ ਲਈ ਤਿਆਰ ਹਨ ?

**ਸ੍ਰੀ ਸਪੀਕਰ :** ਸੌਰੀ, ਡਿਸਅਲਾਓਡ।

**ਸਰਦਾਰ ਦਲੀਪ ਸਿਘ ਪਾਂਧੀ :** ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਆਰਮੀ ਵਿਚੋਂ ਡਿਸਚਾਰਜ ਹੋ ਗਏ ਹਨ ਅਤੇ ਜਿਹੜੇ ਡਿਜ਼ਰਟਰਜ਼ ਵੀ ਕਹੇ ਜਾਂਦੇ ਹਨ, ਇਨ੍ਹਾਂ ਲੋਕਾਂ ਨੂੰ ਰੀਹੈਬਿਲੀਟੇਟ ਕਰਨ ਲਈ ਕੀ ਸਰਕਾਰ ਸੈਂਟਰ ਦੀ ਸਰਕਾਰ ਨਾਲ ਉਚੇਚੇ ਤੌਰ ਤੇ ਮੀਟਿੰਗ ਕਰਨ ਲਈ ਤਿਆਰ ਹੈ ਤਾਕਿ ਕੋਈ ਡੈਫੀਨੇਟ ਸਟੈਪਸ ਲਏ ਜਾ ਸਕਣ। ਸਾਨੂੰ ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਦੀਆਂ ਬਹੁਤ ਚਿੱਠੀਆਂ ਆਉਂਦੀਆਂ ਹਨ। ਇਨ੍ਹਾਂ ਲੋਕਾਂ ਨੂੰ ਸੈਟਲ ਕਰਨ ਲਈ ਕੀ ਸਰਕਾਰ ਵਲੋਂ ਡੈਫੀਨੇਟ ਸਟੈਪਸ ਲਏ ਜਾ ਰਹੇ ਹਨ ਅਤੇ ਇਨ੍ਹਾਂ ਨੂੰ ਵਿੱਡੋ ਪੈਨਸ਼ਨ ਅਤੇ ਸਰਵਿਸ ਦੇਣ ਬਾਰੇ ਕੀ ਕਦਮ ਸਰਕਾਰ ਉਠਾ ਰਹੀ ਹੈ ਤਾਕਿ ਉਹ ਲੋਕ ਆਪਣਾ ਗੁਜ਼ਾਰਾ ਕਰ ਸਕਣ। ਇਸ ਸਬੰਧ ਵਿਚ ਕਿੰਨੇ ਆਦਮੀ ਅਫੈਕਟਿਡ ਹੋਏ ਸਨ ਅਤੇ ਇਨ੍ਹਾਂ ਦਾ ਫੌਰੀ ਤੌਰ ਤੇ ਇਨ੍ਹਾਂ ਨੂੰ ਰੀਹੈਬਿਲੀਟੇਟ ਕਰਨ ਦਾ ਇੰਤਜ਼ਾਮ ਕੀਤਾ ਜਾਵੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਬਹੁਤ ਡੀਟੇਲਜ਼ ਨਾਲ ਆਇਆ ਹੋਇਆ ਹੈ। ਇਹ ਅਸੀਂ ਪਤਾ ਲਗਾ ਰਹੇ ਹਾਂ ਕਿ ਇਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਬਾਰੇ ਗੌਰਮਿੰਟ ਆਫ ਇੰਡੀਆ ਨੂੰ ਵੀ ਲਿਖਿਆ ਗਿਆ ਹੈ ਕਿ ਸਾਨੂੰ ਫਿਗਰਜ਼ ਭੇਜੀ ਜਾਵੇ। ਅਸੀਂ ਆਪਣੇ ਤੌਰ ਤੇ ਵੀ ਪੜਤਾਲ ਕਰਵਾ ਰਹੇ ਹਾਂ। ਉਨ੍ਹਾਂ ਦੇ ਘਰਾਂ ਵਿਚ ਜਾ ਕੇ ਅਤੇ ਪਰਵਾਰਾਂ ਦੇ ਵਿਚ ਜਿਹੜੀਆਂ ਔਰਤਾਂ ਹਨ ਉਨ੍ਹਾਂ ਤੋਂ ਪੁੱਛਿਆ ਜਾ ਰਿਹਾ ਹੈ ਤਾਕਿ ਉਨ੍ਹਾਂ ਨੂੰ ਰੀਹੈਬਿਲੀਟੇਟ ਕੀਤਾ ਜਾ ਸਕੇ।

**ਡਾਕਟਰ ਕੇਵਲ ਕ੍ਰਿਸ਼ਨ :** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਾਡੇ ਕੋਲ ਕੋਈ ਹਾਲੇ ਲਿਸਟ ਨਹੀਂ ਆਈ ਹੈ। ਫੇਰ ਕੀ ਇਹ ਬਿਨਾਂ ਲਿਸਟ ਦੇ ਹੀ ਲੱਖਾਂ ਰੁਪਏ ਦੀ ਪ੍ਰੋਵੀਜ਼ਨ ਕਰ ਦਿੱਤੀ ਹੈ ਅਤੇ ਦਿੱਤਾ ਜਾ ਰਿਹਾ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਸਾਡੇ ਕੋਲ ਲਿਸਟ ਕੰਪਲੀਟ ਨਹੀਂ ਹੈ। ਹਾਲੇ ਤੱਕ ਸਾਡੇ ਕੋਲ 200 ਦੀ ਲਿਸਟ ਆ ਚੁੱਕੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਪੈਨਸ਼ਨ ਅਤੇ ਰਿਆਇਤਾਂ ਦੇਣ ਵਿਚ ਲਗੇ ਹੋਏ ਹਾਂ।

Original with;
Punjab Vidhan Sabha
Digitized by;
Panjab Digital Library

**Grant of Exemption to Films from the Payment of Entertainment Tax**

***110. Shri Sewa Ram Arora :** Will the Minister for Finance be pleased to state—

(a) the names of the films granted exemption by the Government from the payment of the Entertainment Tax from the 1st January, 1983 to-date ;

(b) the estimated loss to the State Exchequer on account of the exemption granted to each of the films referred to in para (a) above ?

**Sardar Balwant Singh :** (a) & (b) Information is given in the statement below :—

**Statement showing the estimated loss of revenue to the State Exchequer on account of the tax exemption granted to the Films from 1st January, 1983 to upto date.**

| Serial No. | Name of Film | | Loss of Revenue |
|---|---|---|---|
| | | | (Rs.) |
| 1 | Pyars | .. | 1,69,703 |
| 2 | Bagga Daku | .. | 3,15,399 |
| 3 | Vehra Lambran Da | .. | 1,88,377 |
| 4 | Mata Da Darbar | .. | 2,24,287 |
| 5 | Angrejan | .. | (Not screened) |
| 6 | Lajo | .. | 3,59,335 |
| 7 | Do Madari | .. | 3,76,296 |
| 8 | Sardara Kartara | .. | 1,61,288 |
| 9 | Putt Jattan De | .. | 5,36,625 |
| 10 | Dard Ka Rishta | .. | 9,31,402 |
| 11 | Gandhi | .. | 2,60,625 |
| 12 | Batwara | .. | 3,23,380 |
| 13 | Roop Shaukeenan Da | .. | 2,38,426 |
| 14 | Jai Mata Chintpurni | .. | 1,70,680 |
| 15 | Mamla Garbar Hai | .. | 2,71,948 |
| 16 | Reshma | .. | (Not screened) |
| 17 | Vejata | .. | 8,573 |
| 18 | Ambri | .. | (Not screened) |

Original with;
Punjab Vidhan Sabha
Digitized by;
Panjab Digital Library

[Finance Minister]

| Serial No. | Name of Film | | Loss of Revenue |
|---|---|---|---|
| 19 | Patwari | .. | 72,477 |
| 20 | Sassi Punnu | .. | (Not screened) |
| 21 | Aasra Pyar Da | .. | 2,26,942 |
| 22 | Til Til Da Lekha | .. | 1,04,540 |
| 23 | Avtar | .. | 1,57,023 |
| 24 | Long Da Lishkara | .. | 7,28,556 |
| 25 | Voti Hath Soti | .. | 3,28,238 |
| 26 | Bhulekha | .. | 5,76,052 |
| 27 | Unkhili Mutiar | .. | (Not screened) |
| 28 | Geet Ganga | .. | (Not screened) |
| 29 | Anokha Bandhan | .. | 48,912 |
| 30 | Lal Chooda | .. | (Not screened) |
| | **1984-85** | | |
| 31 | Josh Jawani Da | .. | 18,467 Information being collected from Local officers and would be supplied in due course. |
| 32 | Maawan Thandian Chhawan | .. | |
| 33 | Sohni Mahiwal | .. | |
| 34 | Duja Viah | .. | |
| 35 | Jigri Yaar | .. | |
| 36 | Ishq Nimana | .. | |
| 37 | Ranjhan Mera Yaar | .. | |
| | **1985-86** | | |
| 38 | Veera | .. | As per order of Govt. concession can be availed within one year from the issue of exemption order. The loss of revenue of these flms cannot be given at this stage. |
| 39 | Guddo | .. | |
| 40 | Nimmo | .. | |
| 41 | Pt. Jawahar Lal Nehru | .. | |
| 42 | Jeeja Saali | .. | |
| 43 | Maujan Dubai Dian | .. | |
| 44 | Babul Da Vehra | .. | |
| 45 | Asiad 82 | .. | |
| 46 | Veri Jat | .. | |

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਮੈਂ ਫਾਈਨੈਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਫਿਲਮਾਂ ਨੂੰ ਇੰਟਰਟੇਨਮੈਂਟ ਟੈਕਸ ਤੋਂ ਅੱਗਜ਼ੈਂਪਸ਼ਨ ਦੇਣ ਦਾ ਕੀ ਕਰਾਈ-ਟੇਰਿਆ ਸਰਕਾਰ ਦਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜੋ ਕਰਾਈਟੇਰੀਆ ਪਿਛਲੀ ਸਰਕਾਰ ਨੇ ਫਿਲਮਾਂ ਲਈ ਬਣਾਇਆ ਹੋਇਆ ਸੀ ਹਾਲੇ ਉਹ ਹੀ ਪਾਲਿਸੀ ਚਲ ਰਹੀ ਹੈ। ਸਰਕਾਰ ਪੰਜਾਬੀ ਫਿਲਮ ਹੋਵੇ ਉਸ ਉਤੇ 50% ਦੀ ਰਿਆਇਤ ਦਿੰਦੀ ਹੈ ਔਰ ਜਿਹੜੀ ਪੰਜਾਬੀ ਫਿਲਮ ਪੰਜਾਬ ਵਿਚ ਬਣੀ ਹੋਵੇ ਉਸ ਉਤੇ 50% ਤੋਂ ਜ਼ਿਆਦਾ ਰਿਆਇਤ ਦਿੱਤੀ ਜਾਂਦੀ ਹੈ ਅਤੇ ਫਿਲਮ ਵਾਲੇ ਮੰਗ ਸਕਦੇ ਹਨ ਅਤੇ ਉਸ ਕੋਲ ਫਿਲਮ ਸੈਂਸਰ ਬੋਰਡ ਆਫ ਸੈਂਟਰਲ ਗੌਰਮਿੰਟ ਦਾ ਸਰਟੀਫਿਕੇਟ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹਿੰਦੀ ਫਿਲਮਾਂ ਦਾ ਕਰਾਈਟੇਰੀਆ ਹੈ ਉਸ ਫਿਲਮ ਦੇ ਵਿਚ ਇੰਟਰਨੈਸ਼ਨਲ ਗੁਡਵਿਲ, ਕਾਮੂਨਲ ਹਾਰਮਨੀ ਹੋਵੇ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਹੋਣ। ਉਸ ਵਿਚ ਰਿਆਇਤ ਦਿੱਤੀ ਜਾਂਦੀ ਹੈ।

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਜਿਹੜੀ ਇਨਫਰਮੇਸ਼ਨ ਮੈਂ 1984–85 ਅਤੇ 1985–86 ਦੀ ਮੰਗੀ ਸੀ ਉਹ ਦਿੱਤੀ ਨਹੀਂ ਗਈ ਹੈ। ਇਹ ਕਿਉਂ ਨਹੀਂ ਹਾਊਸ ਵਿਚ ਦਿੱਤੀ ਗਈ। ਇਸ ਨੂੰ ਜਾਣ-ਬੁਝ ਕੇ ਸਪਰੈੱਸ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕਿੰਨੀਆਂ ਹਿੰਦੀ ਫਿਲਮਾਂ ਹਨ ਜਿਸ ਤੇ ਟੈਕਸ ਮੁਆਫ ਕੀਤਾ ਗਿਆ ਸੀ।

**ਮੰਤਰੀ :** ਸਪੀਕਰ ਸਾਹਿਬ, ਇਨਫਰਮੇਸ਼ਨ 1983–84, 1984–85 ਅਤੇ 1985–86 ਦੀ ਦਿੱਤੀ ਹੋਈ ਹੈ।

**ਸ੍ਰੀ ਸਪੀਕਰ :** ਸੇਵਾ ਰਾਮ ਜੀ, ਇਹ ਇਨਫਰਮੇਸ਼ਨ ਜਵਾਬ ਵਿਚ ਦਿੱਤੀ ਹੋਈ ਹੈ। ਤੁਸੀਂ ਦੇਖੋ।

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ 1984–85 ਅਤੇ 1985–86 ਵਿਚ ਸਟੇਟ ਐਕਸਚੈਕਰ ਤੇ ਕਿੰਨਾ ਲਾਸ ਸਰਕਾਰ ਨੂੰ ਹੋਇਆ ਸੀ ਇਸ ਦਾ ਵੇਰਵਾ ਨਹੀਂ ਦਿੱਤਾ ਗਿਆ। ਇਸ ਜਵਾਬ ਨੂੰ ਸਪਰੈੱਸ ਕੀਤਾ ਗਿਆ ਹੈ।

**ਮੰਤਰੀ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਸ ਪੀਰੀਅਡ ਵਿਚ ਕਿੰਨਾ ਲਾਸ ਸਰਕਾਰ ਨੂੰ ਹੋਇਆ ਉਸ ਸਬੰਧੀ ਟੋਟਲ ਇਨਫਰਮੇਸ਼ਨ ਕੁਲੈਕਟ ਕੀਤੀ ਜਾ ਰਹੀ ਹੈ।

**Mr. Speaker :** I would ask the Minister concerned that as soon as the information is available, the same may please be supplied to the House.

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਕਿਹੜੀਆਂ ਕਿਹੜੀਆਂ ਹਿੰਦੀ ਫਿਲਮਾਂ ਹਨ ਜਿਨ੍ਹਾਂ ਤੇ ਟੈਕਸ ਮੁਆਫ ਕੀਤਾ ਗਿਆ ਸੀ।

**ਮੰਤਰੀ :** ਸਪੀਕਰ ਸਾਹਿਬ, ਇਸ ਵਾਸਤੇ ਸੈਪਰੇਟ ਸਵਾਲ ਦਾ ਨੋਟਿਸ ਚਾਹੀਦਾ ਹੈ।

**ਡਾਕਟਰ ਕੇਵਲ ਕ੍ਰਿਸ਼ਨ :** ਸਪੀਕਰ ਸਾਹਿਬ, ਸਰਕਾਰ ਪੰਜਾਬੀ ਫਿਲਮਾਂ ਨੂੰ 50% ਰਿਆਇਤ ਦਿੰਦੀ ਹੈ। ਕੀ ਸਰਕਾਰ ਪੰਜਾਬੀ ਕਲਚਰ ਨੂੰ ਬੜ੍ਹਾਵਾ ਦੇਣ ਲਈ ਇਸ ਤੋਂ ਵੱਧ ਰੀਲੀਫ ਦੇਣ ਲਈ ਪ੍ਰਬੰਧ ਕਰੇਗੀ ਅਤੇ ਜਿਹੜੀਆਂ ਵਲਗਰ ਫਿਲਮਾਂ ਹਨ ਉਨ੍ਹਾਂ ਤੇ ਰਿਆਇਤ ਬੰਦ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਹਾਲੇ ਤਕ ਪਾਲਿਸੀ ਪਿਛਲੀ ਸਰਕਾਰ ਵਾਲੀ ਹੀ ਚਲ ਰਹੀ ਹੈ। ਡਾਕਟਰ ਸਾਹਿਬ ਨੇ ਜਿਹੜੀ ਗੱਲ ਕਹੀ ਹੈ ਕਿ ਪੰਜਾਬੀ ਕਲਚਰ ਨੂੰ ਬੜ੍ਹਾਵਾ ਦੇਣ ਵਾਲੀਆਂ ਫਿਲਮਾਂ ਨੂੰ ਹੋਰ ਰਿਆਇਤਾਂ ਅਤੇ ਵਲਗਰ ਫਿਲਮਾਂ ਨੂੰ ਰਿਆਇਤਾਂ ਬੰਦ ਕਰਨ ਬਾਰੇ ਜ਼ਰੂਰ ਵਿਚਾਰ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਨਮੋਹਨ ਕਾਲੀਆ :** ਸਪੀਕਰ ਸਾਹਿਬ, ਟੈਕਸ ਰਿਆਇਤ ਦਾ ਫਾਇਦਾ ਪ੍ਰੋਡਿਊਸਰਜ਼ ਨੂੰ ਨਹੀਂ ਹੁੰਦਾ ਬਲਕਿ ਇਸ ਦਾ ਫਾਇਦਾ ਡਿਸਟਰੀਬਿਊਟਰਜ਼ ਨੂੰ ਹੁੰਦਾ ਹੈ। ਕੀ ਸਰਕਾਰ ਦੀ ਕੋਈ ਐਸੀ ਪਰੋਪੋਜ਼ਲ ਹੈ ਜਿਸ ਦੇ ਨਾਲ ਟੈਕਸ ਰਿਆਇਤ ਦਾ ਫਾਇਦਾ ਪ੍ਰੋਡਿਊਸਰਜ਼ ਨੂੰ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਇਸ ਉਤੇ ਵਿਚਾਰ ਕਰ ਲਵਾਂਗੇ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਕਿੰਨੀਆਂ ਫਿਲਮਾਂ ਨੂੰ ਟੈਕਸ ਰਿਆਇਤ ਦਿੱਤੀ ਗਈ ਸੀ ਜਿਹੜੀਆਂ ਵਲਗਰ ਸਨ ਅਤੇ ਜਿਹੜੀਆਂ ਕਾਂਗਰਸੀ ਕਲਚਰਜ਼ ਦੀਆਂ ਸਨ ? ਇਸ ਤੋਂ ਇਲਾਵਾ ਸਹੀ ਕਿਸਮ ਦੀਆਂ ਫਿਲਮਾਂ ਕਿੰਨੀਆਂ ਸਨ ਜਿਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਸਨ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਸਹੀ ਹੈ ਅਤੇ ਜਿਹੜੀ ਡਾਕਟਰ ਸਾਹਿਬ ਨੇ ਰਾਏ ਦਿੱਤੀ ਹੈ ਕਿ ਵਲਗਰ ਫਿਲਮਾਂ ਨੂੰ ਰਿਆਇਤ ਨਾ ਦਿੱਤੀ ਜਾਵੇ, ਅਸੀਂ ਅਗੇ ਤੋਂ ਵੇਖ ਲਵਾਂਗੇ।

---

**Industrial Licences allotted to Punjab**

***111. Shri Sewa Ram Arora :** Will the Minister for Finance be pleased to state—

(a) The number of industrial licences allotted to the Punjab Government by the Central Government from 1st January, 1983 to date ;

(b) The number of industrial licences out of those referred to in part (a) above which were allotted to Amritsar District ?

**Sardar Balwant Singh :** (a) The Government of India, Ministry of Industrial Development, have granted 52 Industrial Licences for setting up industrial units in the State of Punjab during the period from January, 1983 to date.

(b) Out of the above 52 Industrial licences, 4 Industrial licences have been granted for setting up industrial units in Amritsar District.

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਸੈਂਟਰ ਗੌਰਮਿੰਟ ਤੋਂ ਇਨਡਸਟਰੀਅਲ ਲਸੰਸ ਮਿਲੇ ਹਨ ਅਤੇ ਇਹ ਕਿਹੜੇ ਕਿਹੜੇ ਸਾਲ ਵਿਚ ਮਿਲੇ ਹਨ। ਅੰਮ੍ਰਿਤਸਰ ਵਿਚ ਕਿਹੜੇ ਕਿਹੜੇ ਲਸੰਸ ਅਲਾਟ ਹੋਏ ਹਨ।

**ਮੰਤਰੀ :** ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ 8 ਇਨਡਸਟਰੀਅਲ ਲਾਇਸੈਂਸ ਮਿਲੇ ਹਨ। ਲੈਟਰ ਆਫ ਇਨਟੈਂਟ ਦਾ ਜੋ ਸਿਸਟਮ ਹੈ, ਉਸ ਦੇ ਅਧਾਰ ਤੇ 8 ਵਿਚੋਂ 4 ਨੂੰ ਉਦਯੋਗਿਕ ਲਾਇਸੈਂਸ ਅੰਮ੍ਰਿਤਸਰ ਜ਼ਿਲ੍ਹੇ ਵਿਚ ਦਿੱਤੇ ਗਏ ਹਨ ਉਨ੍ਹਾਂ ਦੇ ਨਾਂ ਹਨ :—

(1) ਮੈਸਰਜ਼ ਭਾਵਾ ਸੂਹ ਪ੍ਰਾਈਵੇਟ ਲਿਮਿਟਿਡ, ਗੋਇੰਦਵਾਲ।

(2) ਮੈਸਰਜ਼ ਪ੍ਰਤਾਪ ਸਟੀਲ ਰੋਲਿੰਗ ਮਿਲਜ਼, ਪ੍ਰਤਾਪ ਸਟੇਟ, ਅੰਮ੍ਰਿਤਸਰ।

Original with;
Punjab Vidhan Sabha
Digitized by;
Panjab Digital Library

(3) ਮੈਸਰਜ਼ ਮਾਝਾ ਕੋਆਪਰੇਟਿਵ ਸ਼ੂਗਰ ਮਿਲ, ਅੰਮ੍ਰਿਤਸਰ।

(4) ਹਿੰਦੁਸਤਾਨ ਵੈਜੀਟੇਬਲ ਕਾਰਪੋਰੇਸ਼ਨ, ਅੰਮ੍ਰਿਤਸਰ।

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਇਹ ਇੰਡਸਟਰੀਜ਼ ਤਾਂ ਪਹਿਲਾਂ ਹੀ ਲਗੀਆਂ ਹੋਈਆਂ ਸਨ। ਇਨ੍ਹਾਂ ਨੇ ਕਿਹੜੀਆਂ ਕਿਹੜੀਆਂ ਇਨਡਸਟਰੀਜ਼ ਲਗਾਈਆਂ ਹਨ, ਨਵੇਂ ਇੰਡਸਟਰੀਅਲ ਲਾਇਸੈਂਸ ਕਿਹੜੇ ਕਿਹੜੇ ਲਗੇ ਹਨ, ਉਨ੍ਹਾਂ ਬਾਰੇ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨ ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ 52 ਉਦਯੋਗਿਕ ਲਾਇਸੈਂਸਾਂ ਦਾ ਸਵਾਲ ਹੈ ਜਨਵਰੀ, 1983 ਤੋਂ ਲੈ ਕੇ ਹੁਣ ਤਕ ਦੇ ਹਨ। ਨਵੇਂ ਇੰਡਸਟਰੀਅਲ ਲਾਇਸੈਂਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ।

**ਸ੍ਰੀ ਸੇਵਾ ਰਾਮ ਅਰੋੜਾ :** ਸਪੀਕਰ ਸਾਹਿਬ, ਵਿੱਤ ਮੰਤਰੀ ਜੀ 52 ਉਦਯੋਗਿਕ ਲਾਇਸੈਂਸਾਂ ਦੇ ਨਾਂ ਦਸ ਦੇਣ ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਲਿਸਟ ਸਪਲਾਈ ਕਰ ਦਿਆਂਗਾ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਕੀ ਵਿੱਤ ਮੰਤਰੀ ਜੀ ਦੱਸਣਗੇ ਕਿ ਲੈਟਰ ਆਫ ਇਨਟੈਂਟ ਲਾਲ ਫੀਤਾ ਸ਼ਾਹੀ ਦੇ ਕਾਰਨ ਇਸ਼ੂ ਨਹੀਂ ਹੋਏ। ਇਸ ਕਰਕੇ ਇਹ ਪੰਜਾਬ ਦੀ ਇਨਡਸਟਰੀ ਵਿਚ ਬਹੁਤ ਵੱਡੀ ਰੁਕਾਵਟ ਹੈ। ਇਸ ਲਈ ਯੋਗ ਪ੍ਰਬੰਧ ਕੀਤਾ ਜਾਵੇ ਤਾਕਿ ਇਨਡਸਟਰੀ ਐਸਟੈਬਲਿਸ਼ ਹੋਵੇ। ਪੰਜਾਬ ਦਾ ਬਾਰਡਰ ਇਲਾਕੇ ਦਾ ਖਿਆਲ ਰਖਿਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਮੈਂ ਇਨਕੁਆਇਰੀ ਕਰਾ ਲਵਾਂਗਾ। ਮੈਂ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਅਸ਼ੋਅਰ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਟੇਟ ਇਨਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਇਕ ਸੈੱਲ ਬਣਾ ਦਿੱਤਾ ਹੈ ਜੋ ਕਿ ਇਨਡਸਟਰੀਅਲ ਕਾਰਪੋਰੇਸ਼ਨ ਵਿਚ ਸੁਧਾਰ ਕਰੇਗਾ। ਸਪੀਕਰ ਸਾਹਿਬ, ਪੰਜਾਬ ਗਰਮਿੰਟ ਨੇ ਸੈਂਟਰ ਗੌਰਮਿੰਟ ਨੂੰ ਰਿਕੁਮੈਂਡੇਸ਼ਨ ਕੀਤੀ ਤਾਕਿ ਬਾਰਡਰ ਡਿਸਟ੍ਰਿਕਟਸ ਨੂੰ ਕੈਟਾਗਰੀ "ਏ" ਵਿਚ ਰਖਿਆ ਜਾਏ। ਉਨ੍ਹਾਂ ਨੂੰ 25% ਸਬਸਿਡੀ ਮਿਲੇ। ਸਾਡੀ ਸਰਕਾਰ ਦੀ, ਸਪੀਕਰ ਸਾਹਿਬ, ਕੋਸ਼ਿਸ਼ ਹੋਵੇਗੀ ਕਿ ਬਾਰਡਰ ਸਟੇਟ ਵਿਚ ਇਨਡਸਟਰੀ ਲਗੇ। ਪਿਛਲੇ ਕੁਝ ਮਹੀਨਿਆਂ ਤੋਂ ਚਾਰ ਇਨਡਸਟਰੀਅਲ ਲਾਇਸੰਸਜ਼ ਅਸੀਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਦਿੱਤੇ ਹਨ।

**ਸ੍ਰੀ ਬ੍ਰਿਜ ਭੂਸ਼ਨ ਮਹਿਰਾ :** ਸਪੀਕਰ ਸਾਹਿਬ, ਮੈਂ, ਤੁਹਾਡੇ ਰਾਹੀਂ, ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਨੂੰ ਇਹ ਹੋਰ ਕਿੰਨੇ ਉਦਯੋਗਿਕ ਲਾਇਸੰਸ ਦੇ ਰਹੇ ਹਨ। ਉਥੇ ਇਨਡਸਟਰੀਅਲ ਫੋਕਲ ਪੁਆਇੰਟ ਬਾਰੇ ਵੀ ਦਸਿਆ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਗੌਰਮਿੰਟ ਦੀ ਨਵੀਂ ਇਨਡਸਟਰੀਅਲ ਪਾਲਿਸੀ ਦੇ ਮੁਤਾਬਿਕ ਅਸੀਂ ਸੈਂਟਰ ਗੌਰਮਿੰਟ ਨੂੰ ਰਿਕੁਮੈਂਡੇਸ਼ਨ ਕੀਤੀ ਹੈ ਕਿ ਬਜਾਏ ਡਿਸਟ੍ਰਿਕਟਸ ਨੂੰ ਫੋਕਲ ਪੁਆਇੰਟ ਡਿਕਲੇਅਰ ਕਰਨ ਦੇ ਬਲਾਕ ਨੂੰ ਫੋਕਲ ਪੁਆਇੰਟ ਡਿਕਲੇਅਰ ਕੀਤਾ ਜਾਵੇ ਤਾਕਿ ਇਨਡਸਟਰੀ ਸਾਰੇ ਡਿਸਟ੍ਰਿਕਟ ਵਿਚ ਹੋ ਜਾਵੇ। ਅੰਮ੍ਰਿਤਸਰ ਵਿਚ ਇਨਡਸਟਰੀ ਜ਼ਿਆਦਾ ਹੋਣ ਕਰਕੇ ਰੂਰਲ ਏਰੀਆ ਵੱਲ ਅਤੇ ਜਿਹੜਾ ਇਲਾਕਾ ਜ਼ਿਆਦਾ ਬੈਕਵਰਡ ਹੈ, ਇਨਡਸਟਰੀ ਦੇਣੀ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਬ੍ਰਿਜ ਭੂਸ਼ਨ ਮਹਿਰਾ**: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

**ਸ੍ਰੀ ਸਪੀਕਰ**: ਮੈਂ ਤੁਹਾਨੂੰ ਦੋਬਾਰਾ ਕਾਲ ਕਰਾਂਗਾ।

**ਸਰਦਾਰ ਜਸਦੇਵ ਸਿੰਘ ਸੰਧੂ**: ਸਪੀਕਰ ਸਾਹਿਬ, ਕੀ ਵਿੱਤ ਮੰਤਰੀ ਜੀ ਦੱਸਣਗੇ ਕਿ ਇਨ੍ਹਾਂ ਨੇ ਬਾਰਡਰ ਏਰੀਏ ਬਾਰੇ ਕਿਹਾ ਸੀ ਕਿ ਉਥੇ ਇਨਡਸਟਰੀ ਦੇਣਗੇ। ਜਿਹੜੇ ਬਲਾਕ ਵਿਚ ਕੋਈ ਇਨਡਸਟਰੀ ਨਹੀਂ ਹੈ, ਕੀ ਉਥੇ ਇਨਡਸਟਰੀ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਅਸੀਂ ਜਿਹੜੀ ਨਵੀਂ ਇਨਡਸਟਰੀ ਦੀ ਪਾਲਿਸੀ ਬਣਾਈ ਹੈ, ਉਹ ਸੈਂਟਰ ਗੌਰਮਿੰਟ ਦਿੱਲੀ ਤੋਂ ਅਪਰੂਵ ਹੋਣੀ ਹੈ। ਇਸ ਸਕੀਮ ਵਿਚ ਅਸੀਂ ਬਲਾਕ ਨੂੰ ਕੈਟਾਗਰਾਈਜ਼ ਕੀਤਾ ਹੈ। 74 ਬਲਾਕਾਂ ਦੀ ਸਿਫਾਰਸ਼ ਕਰਕੇ ਸੈਂਟਰ ਗੌਰਮਿੰਟ ਨੂੰ ਭੇਜੀ ਹੈ ਕਿ ਇਨ੍ਹਾਂ ਨੂੰ ਇਨ-ਡਸਟਰੀਅਲੀ ਬੈਕਵਰਡ ਡਿਕਲੇਅਰ ਕੀਤਾ ਜਾਵੇ। ਫਿਰ ਉਥੇ ਫੈਸਿਲਟੀਜ਼ ਦਿੱਤੀਆਂ ਜਾਣਗੀਆਂ।

**ਸਰਦਾਰ ਕਰਨੈਲ ਸਿੰਘ ਡੋਡ**: ਸਪੀਕਰ ਸਾਹਿਬ, ਫਰੀਦਕੋਟ ਡਿਸਟ੍ਰਿਕਟ ਵਿਚ ਕਿਤਨੇ ਲਾਇਸੰਸ ਦਿੱਤੇ ਗਏ ਹਨ ?

**ਸ੍ਰੀ ਸਪੀਕਰ**: ਸਵਾਲ ਅੰਮ੍ਰਿਤਸਰ ਡਿਸਟ੍ਰਿਕਟ ਦਾ ਹੈ।

**Sardar Karnail Singh Doad** : In the written reply it has been stated : "The Government of India, Ministry of Industrial Development, have granted 52 Industrial Licences for setting up Industrial Units in the State of Punjab during the period from January 1983 to-date". My question is whether any of these 52 Industrial Licences has been allotted to Faridkot District.

**ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਲਿਸਟ ਸਪਲਾਈ ਕਰ ਦਿਆਂਗਾ।

---

### Provincialisation of Services of Panchayat Secretaries

***90. Shri Jagjit Singh** : Will the Minister for Agriculture and Forests be pleased to state whether the Government propose to provincialise the services of Panchayat Secretaries woking in the Development Department in the State, if so, the time by which that is likely to be done ?

**ਸਰਦਾਰ ਸੁਖਜਿੰਦਰ ਸਿੰਘ**: (ਸਿਖਿਆ ਮੰਤਰੀ) ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਨੂੰ ਪ੍ਰਾਂਤੀਕਰਨ ਕਰਨ ਦੀ ਤਜਵੀਜ ਕਈ ਵਾਰ ਘੋਖੀ ਗਈ ਅਤੇ ਇਸ ਤਜਵੀਜ਼ ਨੂੰ ਮੰਨਣਾ ਸੰਭਵ ਨਹੀਂ ਸਮਝਿਆ ਗਿਆ।

**ਸ੍ਰੀ ਜਗਜੀਤ ਸਿੰਘ**: ਸਪੀਕਰ ਸਾਹਿਬ, ਪੰਚਾਇਤ ਸਕੱਤਰਾਂ ਅਤੇ ਹੋਰ ਕਰਮਚਾਰੀਆਂ ਨੇ ਮੁਢਲਾ ਕੰਮ ਕਰਨਾ ਹੁੰਦਾ ਹੈ। ਬਹੁਤ ਸਾਰੀਆਂ ਪੰਚਾਇਤਾਂ ਐਸੀਆਂ ਹਨ, ਜਿਨ੍ਹਾਂ ਪਾਸ ਕੋਈ ਕੰਮ ਨਹੀਂ ਹੈ ਪਰ ਪੰਚਾਇਤ ਸਕੱਤਰਾਂ ਨੂੰ ਤਨਖਾਹਾਂ ਮਿਲਦੀਆਂ ਹਨ ਅਤੇ ਕੁਝ ਤਨਖਾਹਾਂ ਪੰਚਾਇਤ ਸੰਮਤੀਆਂ ਵਲੋਂ ਕਰਮਚਾਰੀਆਂ ਨੂੰ ਮਿਲਦੀਆਂ ਹਨ। ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਤਨਖਾਹਾਂ ਦੇਣ ਵਿਚ ਹੀ ਲਗੇ ਰਹਿੰਦੇ ਹਨ ਅਤੇ ਉਨ੍ਹਾਂ ਲਈ ਪੈਸਾ ਇਕੱਠਾ ਕਰਦੇ ਫਿਰਦੇ ਹਨ। ਇਸ ਤਰ੍ਹਾਂ ਨਾਲ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਚਾਇਤ ਸਕੱਤਰ ਦਿਲ ਲਗਾ ਕੇ ਕੰਮ ਨਹੀਂ ਕਰਦੇ। ਇਲੈਕਸ਼ਨਾਂ ਹੋਏ ਨੂੰ ਵੀ ਕਿਤਨੀ ਦੇਰ ਹੋ ਚੁੱਕੀ ਹੈ। ਉਨ੍ਹਾਂ ਨੂੰ ਉਥੇ ਪੁੱਛਣ ਵਾਲਾ ਕੋਈ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਦਾ ਪ੍ਰਾਂਤੀਕਰਨ ਕੀਤਾ ਜਾਵੇ ਔਰ ਉਨ੍ਹਾਂ ਦੀਆਂ ਤਨਖਾਹਾਂ ਦਾ ਸਹੀ ਪ੍ਰਬੰਧ ਕੀਤਾ ਜਾਵੇ ਤਾਂਕਿ ਸਹੀ ਕੰਮ ਚਲ ਸਕੇ।

**ਸਿੱਖਿਆ ਮੰਤਰੀ :** ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਸਾਰਿਆਂ ਨੂੰ ਇਕੋ ਜਿਹੀਆਂ ਫੈਸਿਲਟੀਜ਼ ਦਿੱਤੀਆਂ ਹਨ। ਸਾਰਾ ਕੰਟਰੋਲ ਐਡਮਨਿਸਟਰੇਸ਼ਨ ਦਾ ਪੰਜਾਬ ਗਰਮਿੰਟ ਨਹੀਂ ਕਰ ਸਕਦੀ ਜੇਕਰ ਸਾਰਾ ਕੰਟਰੋਲ ਕਰਾਂਗੇ ਤਾਂ ਲੋਕਲ ਬਾਡੀਜ਼ ਦੀ ਪੁਜ਼ੀਸ਼ਨ ਅਤੇ ਹੋਰ ਮੁਸ਼ਕਿਲਾਂ ਹੁੰਦੀਆਂ ਹਨ। ਇਸ ਲਈ ਇਹ ਤਜਵੀਜ਼ ਨੂੰ ਮੰਨਣਾ ਸੰਭਵ ਨਹੀਂ ਹੈ।

**ਸ੍ਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਇਸ ਤਜਵੀਜ਼ ਨੂੰ ਮੰਨਣਾ ਚਾਹੀਦਾ ਹੈ। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਪ੍ਰੋਵਿਨਸ਼ੇਲਾਈਜ਼ ਕੀਤਾ ਗਿਆ ਤਾਂ ਮੁਸ਼ਕਿਲ ਹੋਵੇਗੀ ਪਰ ਜਦ ਤਕ ਇਸ ਨੂੰ ਪ੍ਰੋਵਿਨਸ਼ੇਲਾਈਜ਼ ਨਹੀਂ ਕਰਾਂਗੇ ਤਦ ਤਕ ਇਹ ਪੰਚਾਇਤਾਂ ਸਹੀ ਕੰਮ ਨਹੀਂ ਕਰ ਸਕਣਗੀਆਂ ਇਸ ਨਾਲ ਪੰਚਾਇਤੀ ਰਾਜ ਨੂੰ ਬੜਾ ਘਾਟਾ ਪੈ ਰਿਹਾ ਹੈ।

**ਮੰਤਰੀ :** ਸਪੀਕਰ ਸਾਹਿਬ, ਇਸ ਤਰ੍ਹਾਂ ਕੋਈ ਘਾਟਾ ਪੈਣ ਦਾ ਸਵਾਲ ਨਹੀਂ ਹੈ ਜੇਕਰ ਕੋਈ ਪੰਚਾਇਤ ਗਲਤ ਕੰਮ ਕਰੇਗੀ ਤਾਂ ਉਸ ਪੰਚਾਇਤ ਉਤੇ ਐਕਸ਼ਨ ਲਵਾਂਗੇ।

**ਸ੍ਰੀ ਰਾਮ ਪ੍ਰਕਾਸ਼ ਬਾਲੀ :** ਸਪੀਕਰ ਸਾਹਿਬ, ਪੰਚਾਇਤ ਸਕੱਤਰਾਂ ਦੀਆਂ ਅਤੇ ਹੋਰ ਸਟਾਫ ਦੀ ਕਮੀ ਹੈ। ਜਿਥੇ ਕੁਲ 24 ਸਟਾਫ ਦੇ ਬੰਦੇ ਚਾਹੀਦੇ ਹਨ, ਉਥੇ ਸਿਰਫ 12 ਆਦਮੀ ਲਗੇ ਹੋਏ ਹਨ। ਇਨ੍ਹਾਂ ਖਾਲੀ ਪੋਸਟਾਂ ਨੂੰ ਭਰਨ ਦੇ ਵਾਸਤੇ ਕੀ ਮਨਿਸਟਰ ਸਾਹਿਬ ਯਤਨ ਕਰਨਗੇ ?

**ਮੰਤਰੀ :** ਜੇਕਰ ਕੋਈ ਇਹੋ ਜਿਹਾ, ਸਪੀਕਰ ਸਾਹਿਬ, ਇਨ੍ਹਾਂ ਕੋਲ ਕੇਸ ਹੈ ਤਾਂ ਮੈਂਬਰ ਸਾਹਿਬ ਲਿਖ ਕੇ ਭੇਜ ਦੇਣ।

---

### Starred Question No. 133*

**Mr. Speaker :** Extension has been asked for in respect of Starred Question No. 133.

---

### Sale of Government Land at Delhi

***68. Sardar Dalip Singh Pandhi :** Will the Chief Minister be pleased to state—

(a) whether any case of negligence/malpractice has occurred in the sale of the State Government land/property at Delhi during the last 5 years ;

(b) if the reply to part (a) above be in the affirmative, the name of the authority held responsible in the said case together with the action, if any, taken against the person/persons responsible therefor ;

(c) whether any criminal case has since been instituted against the persons responsible for the said lapse, if not, the reasons therefor ?

---

*For Starred Question No. 133 and reply thereto, please see Punjab Vidhan Sabha Debates Vol. II, No. 12, dated 18-3-1986 (M.S.).

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਪਿਛਲੇ ਪੰਜ ਸਾਲਾਂ ਵਿਚ ਦਿੱਲੀ ਵਿੱਚ ਪੰਜਾਬ ਸਰਕਾਰ ਦੀ ਕੋਈ ਜਾਇਦਾਦ ਨਹੀਂ ਵੇਚੀ ਗਈ ।

(ਅ) ਤੇ (ੲ) : ਸਵਾਲ ਪੈਦਾ ਨਹੀਂ ਹੁੰਦਾ ।

**Starred Question No. 69***

**Mr. Speaker** : Extension has been asked for in respect of Starred Question number 69.

**Number of Educated Un-employed**

***85. Shri Om Parkash Gupta** : Will the Chief Minister be pleased to state—

(a) the number of educated un-employed registered in each district as on 31st December, 1985, and how many names stand registered ;

(b) the steps being taken by the Government to give employment to these persons still stand registered ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਮਿਤੀ 31 ਦਸੰਬਰ, 1985 ਅਨੁਸਾਰ ਚਾਲੂ ਰਜਿਸਟਰ ਵਿੱਚ ਦਰਜ ਪੜ੍ਹੇ ਲਿਖੇ ਵਿਅਕਤੀਆਂ ਦੀ ਗਿਣਤੀ/ ਕੁਲ ਵਿਅਕਤੀਆਂ ਦੀ ਗਿਣਤੀ ਜ਼ਿਲ੍ਹੇਵਾਰ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਮਿਤੀ 31 ਦਸੰਬਰ, 1985 ਅਨੁਸਾਰ ਚਾਲੂ ਰਜਿਸਟਰ ਵਿਚ ਦਰਜ ਵਿਅਕਤੀਆਂ ਦੀ ਕੁਲ ਗਿਣਤੀ | ਮਿਤੀ 31 ਦਸੰਬਰ 1985 ਅਨੁਸਾਰ ਚਾਲੂ ਰਜਿਸਟਰ ਵਿਚ ਦਰਜ ਪੜ੍ਹੇ-ਲਿਖੇ ਵਿਅੱਕਤੀਆਂ ਦੀ ਕੁਲ ਗਿਣਤੀ |
|---|---|---|---|---|
| 1 | ਅੰਮ੍ਰਿਤਸਰ | ... | 72,087 | 36,758 |
| 2 | ਗੁਰਦਾਸਪੁਰ | ... | 78,311 | 31,504 |
| 3 | ਜਲੰਧਰ | ... | 77,177 | 26,340 |
| 4 | ਕਪੂਰਥਲਾ | ... | 44,810 | 9,706 |

*For Starred Question No 69 and reply thereto, please see Punjab Vidhan Sabha Debates Vol. II, No. 7 dated 11-3-1986.

Original with;
Punjab Vidhan Sabha
Digitized by;
Panjab Digital Library

| ਲੜੀ ਨੰ. | ਜ਼ਿਲ੍ਹੇ ਦਾ ਨਾਂ | | ਮਿਤੀ 31 ਦਸੰਬਰ 1985 ਅਨੁਸਾਰ ਚਾਲੂ ਰਜਿਸਟਰ ਵਿਚ ਦਰਜ ਵਿਅੱਕਤੀਆਂ ਦੀ ਕੁਲ ਗਿਣਤੀ | ਮਿਤੀ 31 ਦਸੰਬਰ 1985 ਅਨੁਸਾਰ ਚਾਲੂ ਰਜਿਸਟਰ ਵਿਚ ਦਰਜ ਪੜ੍ਹੇ ਲਿਖੇ ਵਿਅੱਕਤੀਆਂ ਦੀ ਕੁਲ ਗਿਣਤੀ |
|---|---|---|---|---|
| 5 | ਹੁਸ਼ਿਆਰਪੁਰ | ... | 36,870 | 3,221 |
| 6 | ਲੁਧਿਆਣਾ | ... | 51,796 | 27,257 |
| 7 | ਫਿਰੋਜ਼ਪੁਰ | ... | 40,398 | 15,898 |
| 8 | ਪਟਿਆਲਾ | ... | 56,555 | 28,278 |
| 9 | ਰੂਪਨਗਰ (ਸਮੇਤ ਰਾਜ ਰੋਜ਼ਗਾਰ ਦਫਤਰ ਮੋਹਾਲੀ ਐਟ ਚੰਡੀਗੜ੍ਹ) | ... | 59,999 | 42,848 |
| 10 | ਸੰਗਰੂਰ | ... | 29,490 | 17,992 |
| 11 | ਬਠਿੰਡਾ | ... | 45,730 | 18,904 |
| 12 | ਫਰੀਦਕੋਟ | ... | 39,021 | 19,920 |
| 13 | ਡਾਇਰੈਕਟੋਰੇਟ ਦੀ ਪੇਸ਼ਾਵਾਰਾਨਾ ਤੇ ਕਾਰਜਕਾਰੀ ਸ਼ਾਖਾ ਵਿਚਲੇ ਪੇਸ਼ਾਵਾਰਾਨਾ ਤੇ ਕਾਰਜਕਾਰੀ ਪੱਧਰ ਪੋਸਟ ਗਰੈਜੂਏਟ ਬਿਨੈਕਾਰਾਂ ਦੀ ਗਿਣਤੀ | ... | 4,134 | 4,134 |
| | ਕੁੱਲ ਜੋੜ | ... | 6,36,378 | 2,82,760 |

(ਅ) ਬੇਰੋਜ਼ਗਾਰ ਵਿਅਕਤੀਆਂ ਨੂੰ ਜਿਥੋਂ ਤੀਕ ਸੰਭਵ ਹੋਵੇ, ਰੋਜ਼ਗਾਰ ਦੇਣਾ ਸਰਕਾਰ ਦਾ ਸਾਧਾਰਣ ਫਰਜ਼ ਹੈ। ਐਪਰ, ਰੋਜ਼ਗਾਰ ਦੇ ਮੌਕੇ ਕਾਇਮ ਕਰਨ ਲਈ ਹੇਠ ਲਿਖੇ ਕਦਮ ਉਠਾਏ ਗਏ ਹਨ :—

1. ਭਾਰਤ ਸਰਕਾਰ ਦੀ ਸਵੈ-ਰੋਜ਼ਗਾਰ ਸਕੀਮ ਅਧੀਨ ਸਾਲ 1985-86 ਦੇ ਦੌਰਾਨ 15,000 ਵਿਅਕਤੀਆਂ ਨੂੰ ਕਵਰ ਕੀਤਾ ਜਾ ਰਿਹਾ ਹੈ।

2. ਪੰਜਾਬ ਸਰਕਾਰ ਨੇ 3,000 ਵਿਅਕਤੀਆਂ ਨੂੰ ਸਵੈ-ਰੋਜ਼ਗਾਰ ਮੁਹੱਈਆ ਕਰਨ ਲਈ ਆਪਣੀਆਂ ਸਕੀਮਾਂ ਵੀ ਬਣਾਈਆਂ ਹਨ।

3. ਰੋਜ਼ਗਾਰ-ਮੌਕੇ ਵਧਾਉਣ ਲਈ ਸਨਅਤੀਕਰਨ ਦੀ ਰਫਤਾਰ ਨੂੰ ਵਧਾਇਆ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ਸਿਰਦਾਰ ਸੁਰਜੀਤ ਸਿੰਘ ਬਰਨਾਲਾ]

4. ਵਧੇਰੇ ਵਿਅਕਤੀਆਂ ਨੂੰ ਰੋਜ਼ਗਾਰ ਦੇਣ ਲਈ ਥੀਨ ਡੈਮ ਦੀ ਉਸਾਰੀ ਦੇ ਕੰਮ ਨੂੰ ਤੇਜ਼ ਕੀਤਾ ਜਾ ਰਿਹਾ ਹੈ।

5. ਪੰਜਾਬ ਸਰਕਾਰ ਦੇ ਪਬਲਿਕ ਸੈਕਟਰ ਅਦਾਰੇ ਬੇ-ਰੋਜ਼ਗਾਰ ਵਿਅਕਤੀਆਂ ਨੂੰ ਵੱਖ ਵੱਖ ਕਿੱਤਿਆਂ ਲਈ ਕਰਜ਼ੇ ਦੇ ਕੇ ਸਵੈ-ਰੋਜ਼ਗਾਰ ਦੇ ਕੰਮ ਨੂੰ ਉਤਸ਼ਾਹ ਦੇ ਰਹੇ ਹਨ।

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਸਪੀਕਰ ਸਾਹਿਬ, ਇਹ ਜਿਹੜਾ ਟੋਟਲ ਨੰਬਰ ਇੰਗਲਿਸ਼ ਦੇ ਵਿੱਚ ਦਿੱਤਾ ਗਿਆ ਹੈ The total number of persons on live register as on 31-12-85 ਅਤੇ ਇਸੇ ਤਰ੍ਹਾਂ ਦੂਜੇ ਪਾਸੇ ਦਿੱਤਾ ਗਿਆ ਹੈ (Total number of educated persons on live register as on 31-12-1985) ਏਥੇ ਟੋਟਲ ਅਨਇਮ-ਪਲਾਇਡ ਪਰਸਨਜ਼ ਜਿਹੜੇ ਰਜਿਸਟਰਡ ਹਨ ਉਹ 6,36,378 ਹਨ ਅਤੇ ਪੜ੍ਹੇ ਲਿਖੇ ਬੇ-ਰੁਜ਼ਗਾਰ ਜਿਹੜੇ ਹਨ ਉਹ 2,82,760 ਹਨ। ਇਸ ਦੇ ਵਿਚ, ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ 15,000 ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦਾ ਜਿਕਰ ਕੀਤਾ ਹੈ, ਉਨ੍ਹਾਂ ਨੂੰ ਕਿਸ ਤਰੀਕੇ ਨਾਲ ਰੁਜ਼ਗਾਰ ਦੇਣਗੇ ਅਤੇ ਕਿੰਨੇ ਸਮੇਂ ਵਿਚ ਦੇ ਦੇਣਗੇ ਅਤੇ ਜਿਹੜੇ ਐਜੂਕੇਟਿਡ ਅਨਇਮਪਲਾਇਡ ਹਨ, ਉਨ੍ਹਾਂ ਨੂੰ ਰੁਜ਼ਗਾਰ ਦੇਣ ਦਾ ਕਿਹੜਾ ਤਰੀਕਾ ਅਖਤਿਆਰ ਕਰਨਾ ਹੈ, ਇਹ ਇਨ੍ਹਾਂ ਨੇ ਨਹੀਂ ਲਿਖਿਆ ?

**ਸ੍ਰੀ ਸਪੀਕਰ:** ਗੁਪਤਾ ਜੀ, ਇਕ ਸਮੇਂ ਵਿਚ ਇਕੋ ਹੀ ਸਵਾਲ ਕਰੋ। ਸਪਲੀਮੈਂਟਰੀ ਵਿੱਚ ਇਨੇ ਸਵਾਲ ਇਕੋ ਵਾਰੀ ਨਾ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਅੱਛਾ ਜੀ। ਮੈਂ ਆਪਣਾ ਸਵਾਲ ਫਿਰ ਰਿਪੀਟ ਕਰਦਾ ਹਾਂ।

**ਸ੍ਰੀ ਸਪੀਕਰ:** ਤੁਸੀਂ ਮੁੜ ਕੇ ਫ਼ਿਰ ਸਾਰਾ ਕੁਝ ਨਾ ਰਿਪੀਟ ਕਰਨਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ:** ਸਪੀਕਰ ਸਾਹਿਬ, ਇਹ ਜਿਹੜਾ ਬ (i) ਵਿੱਚ ਲਿਖਿਆ ਗਿਆ ਹੈ ਕਿ 15,000 persons during 1985-86 are being accommodated. ਇਸ ਸਵਾਲ ਦੇ ਵਿਚ ਇਹ ਕਿਸ ਤਰ੍ਹਾਂ ਕਰਨਗੇ ਅਤੇ ਕੀ ਦੇਣਗੇ ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਸ ਦੇ ਵਿੱਚ ਮੈਂ ਕਿਹਾ ਹੈ ਕਿ ਜਿਹੜੇ ਪੜ੍ਹੇ ਲਿਖੇ ਬੇਰੁਜ਼ਗਾਰ ਹਨ ਅਤੇ ਜਿਨ੍ਹਾਂ ਦੀ ਉਮਰ 18 ਸਾਲ ਤੋਂ 35 ਸਾਲ ਦੇ ਵਿੱਚ ਹੈ, ਉਨ੍ਹਾਂ ਨੂੰ 25,000 ਰੁਪਏ ਦੇ ਕਰਜ਼ੇ ਦਿੱਤੇ ਜਾਣਗੇ ਤਾਂਕਿ ਉਹ ਸੈਲਫ ਇਮਪਲਾਇਮੈਂਟ ਸਕੀਮ ਦੇ ਤਹਿਤ ਆਪਣਾ ਰੁਜ਼ਗਾਰ ਆਪ ਸ਼ੁਰੂ ਕਰ ਸਕਣ ਅਤੇ ਇਹ ਕਰਜ਼ੇ 1985-86 ਦੇ ਵਿਚ ਦੇ ਦਿੱਤੇ ਜਾਣਗੇ।

**ਸ੍ਰੀ ਮਨਮੋਹਨ ਕਾਲਿਆ:** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਨਾ ਹਾਂ ਕਿ ਇਸ ਵਕਤ ਜਿਹੜਾ ਟੋਟਲ ਬੈਨ ਸਰਵਿਸਿਜ਼ ਉਤੇ ਪਬਲਿਕ ਸੈਕਟਰ ਵਿਚ ਅਤੇ ਗੌਰਮਿੰਟ

Original with;
Punjab Vidhan Sabha
Digitized by;
Panjab Digital Library

ਅਦਾਰਿਆਂ ਵਿਚ ਲੱਗਾ ਹੋਇਆ ਹੈ, ਇਹ ਕਦੋਂ ਖੋਲ੍ਹਿਆ ਜਾਵੇਗਾ। ਦੂਜਾ ਇਹ ਕਿ ਕੀ ਰਿਜ਼ਰ-ਵੇਸ਼ਨ ਦੀ ਰੇਸ਼ੋ ਉਹੀ ਰਹੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੈਨ ਤਾਂ ਖੋਲ੍ਹ ਦਿੱਤਾ ਗਿਆ ਹੈ। ਇਸ ਬਾਰੇ ਅਖਬਾਰਾਂ ਵਿੱਚ ਵੀ ਜ਼ਿਕਰ ਆਇਆ ਹੈ। ਸ਼ਾਇਦ ਕਾਲੀਆ ਸਾਹਿਬ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਹੋਵੇਗਾ। ਬਾਕੀ ਜਿਹੜੀ ਰਿਜ਼ਰਵੇਸ਼ਨ ਦੀ ਗੱਲ ਹੈ ਉਹ ਉਸੇ ਤਰ੍ਹਾਂ ਜਨਰਲ ਕੈਟੇਗਰੀ ਲਈ 50% ਅਤੇ ਦੂਜਿਆਂ ਲਈ ਮਿਲਾ ਕੇ 50% ਹੀ ਰਹੇਗੀ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਜ਼ਾਦੀ ਤੋਂ ਬਾਅਦ ਅਨਇਮਪਲਾਇਡ ਪੜ੍ਹੇ ਲਿਖਿਆਂ ਦੀ ਤਾਦਾਦ ਗਰੈਜੁਅਲੀ ਵਧਦੀ ਰਹੀ ਹੈ। ਜਿਹੜੀ ਇਨ੍ਹਾਂ ਨੇ ਰੁਜ਼ਗਾਰ ਦੇਣ ਦੀ ਗੱਲ ਕੀਤੀ ਹੈ, ਉਸਦੇ ਨਾਲ ਕੀ ਅਗਲੇ ਸਾਲ ਆਉਣ ਵਾਲੇ ਅੰਕੜਿਆਂ ਵਿਚ ਕੁਝ ਕਮੀ ਆਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਨਇਮਪਲਾਇਡ ਦੀ ਤਾਦਾਦ ਵੀ ਵਧਦੀ ਰਹੀ ਹੈ ਕਿਉਂਕਿ ਪਾਪੂਲੇਸ਼ਨ ਦੀ ਤਾਦਾਦ ਵੀ ਵਧਦੀ ਰਹੀ ਹੈ। ਇਹ ਕਹਿਣਾ ਕਿ ਅਗਲੇ ਸਾਲ ਵਾਸਤੇ ਅਨਇਮ-ਪਲਾਇਡ ਦੀ ਗਿਣਤੀ ਘਟੇਗੀ, ਮੈਂ ਇਹ ਕਹਿ ਨਹੀਂ ਸਕਦਾ। ਪਰ ਫਿਰ ਵੀ ਸਾਡਾ ਯਤਨ ਇਹ ਹੋਵੇਗਾ ਕਿ ਵੱਧ ਤੋਂ ਵੱਧ ਇਮਪਲਾਇਮੈਂਟ ਜੈਨਰੇਟ ਕਰਕੇ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮੁਹੱਈਆ ਕੀਤਾ ਜਾਵੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਪਹਿਲੇ ਨੰਬਰ ਤੇ ਦੱਸਿਆ ਹੈ ਕਿ 15,000 ਵਿਅਕਤੀਆਂ ਨੂੰ ਅਤੇ ਦੂਜੇ ਨੰਬਰ ਤੇ 3,000 ਵਿਅਕਤੀਆਂ ਨੂੰ ਰੁਜ਼ਗਾਰ ਦੇਣ ਵਾਸਤੇ ਕਿਹਾ ਹੈ। ਇਹ ਕਿਸ ਤਰ੍ਹਾਂ ਕਰਨਗੇ ਜਦ ਕਿ ਇਨ੍ਹਾਂ ਨੇ ਬਿਆਨ ਵਿਚ 8,000 ਵੈਕੈਂਸੀਆਂ ਭਰਨ ਬਾਰੇ ਕਿਹਾ ਹੈ। ਫਿਰ ਇਹ ਇਨ੍ਹਾਂ 18,000 ਵਿਅਕਤੀਆਂ ਨੂੰ ਰੁਜ਼ਗਾਰ ਕਿਸ ਤਰ੍ਹਾਂ ਦੇਣਗੇ ?

ਸ੍ਰੀ ਸਪੀਕਰ : ਗੁਪਤਾ ਜੀ, ਤੁਸੀਂ ਵਾਕਿਆ ਹੀ ਨਹੀਂ ਸਮਝੇ। ਇਨ੍ਹਾਂ ਨੇ ਕਿਹਾ ਹੈ ਕਿ ਸੈਲਫ ਇਮਪਲਾਇਮੈਂਟ ਦੀ ਸਕੀਮ ਅਧੀਨ 25,000 ਰੁਪਏ ਦੇ ਕਰਜ਼ੇ ਦੇ ਕੇ ਇਨ੍ਹਾਂ ਵਿਅਕਤੀਆਂ ਨੂੰ ਸਵੈ-ਰੁਜ਼ਗਾਰ ਮੁਹੱਈਆ ਕੀਤਾ ਜਾਵੇਗਾ। ਫਿਰ ਵੀ ਤੁਸੀਂ ਇਨ੍ਹਾਂ ਤੋਂ ਪੁੱਛ ਲਓ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਐਜੂਕੇਟਿਡ ਅਨ-ਇਮਪਲਾਇਡ ਦੇ ਬਾਰੇ ਸੀ। ਇਨ੍ਹਾਂ ਨੇ ਟੋਟਲ ਅਨਇਮਪਲਾਇਡ ਲੈ ਲਏ ਹਨ। ਸੈਲਫ ਇਮਪਲਾਇਮੈਂਟ ਸਕੀਮ ਦੇ ਅਧੀਨ ਆਂਕੜੇ 15,000 ਹਨ ਅਤੇ 3,000 ਸਾਡੇ ਵਲੋਂ ਹਨ ਅਤੇ ਦੂਸਰੀਆਂ ਕੈਟੇਗਰੀਆਂ ਵੀ ਦੱਸੀਆਂ ਗਈਆਂ ਹਨ, ਜਿਨ੍ਹਾਂ ਅਧੀਨ ਰੁਜ਼ਗਾਰ ਮੁਹੱਈਆ ਕਰਨ ਦੀ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਇਹ ਐਜੂਕੇਟਿਡ ਅਨਇਮਪਲਾਇਡ ਦੇ ਬਾਰੇ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਫੈਸਲਾ ਸੀ ਕਿ ਜਿੰਨਾ ਚਿਰ ਕਿਸੇ ਨੂੰ ਇਮਪਲਾਇਮੈਂਟ ਨਹੀਂ ਮਿਲਦੀ, ਉਨਾਂ ਚਿਰ ਐਜੂਕੇਟਿਡ ਪਰਸਨਜ਼ ਨੂੰ ਗੌਰਮਿੰਟ ਅਲਾਊਂਸ ਦੇਵੇਗੀ। ਕੀ ਇਹ ਦੱਸਣਗੇ ਕਿ ਸਰਕਾਰ ਕਿੰਨੇ ਆਦਮੀਆਂ ਨੂੰ ਇਸ ਵਕਤ ਇਹ ਅਲਾਊਂਸ ਦੇ ਰਹੀ ਹੈ ਅਤੇ ਕਿੰਨਿਆਂ ਨੂੰ ਦੇਣਾ ਬੰਦ ਕਰ ਦਿੱਤਾ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਇਸ ਬਾਰੇ ਨਵਾਂ ਸਵਾਲ ਕਰ ਲੈਣ ।

**ਸ਼੍ਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਹੁਣ ਨੌਕਰੀਆਂ ਖੋਲ੍ਹ ਦਿਤੀਆਂ ਗਈਆਂ ਹਨ। ਜਿਹੜੀਆਂ ਨੌਕਰੀਆਂ ਦੀ ਭਰਤੀ ਹੋਣੀ ਹੈ, ਉਸ ਵਿਚ ਆਮ ਤੌਰ ਤੇ ਇਹ ਹੁੰਦਾ ਹੈ ਕਿ ਹਰ ਡਿਪਾਰਟਮੈਂਟ ਵਿਚ ਅਫਸਰ 3-3 ਮਹੀਨਿਆਂ ਵਾਸਤੇ ਭਰਤੀ ਕਰ ਲੈਂਦੇ ਹਨ ਅਤੇ ਵਾਰ ਵਾਰ ਐਕਸਟੈਨਸ਼ਨ ਦੇ ਕੇ ਬਾਅਦ ਵਿਚ ਉਸ ਵਿਅਕਤੀ ਨੂੰ ਕਨਫਰਮ ਕਰ ਦੇਂਦੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ 3-3 ਮਹੀਨਿਆਂ ਵਾਸਤੇ ਇਮਪਲਾਇਮੈਂਟ ਦੇਣੀ ਹੈ, ਕੀ ਉਸਦੇ ਵਿਚ ਰਿਜ਼ਰਵੇਸ਼ਨ ਦਾ ਖਿਆਲ ਰਖਿਆ ਜਾਵੇਗਾ ? ਕੀ 25% ਕੋਟਾ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਵੀ ਦਿੱਤਾ ਜਾਵੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਜਿਹੜਾ ਜਵਾਬ ਦਿੱਤਾ ਹੈ, ਉਸ ਵਿੱਚ 3 ਮਹੀਨਿਆਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ।

**ਸ਼੍ਰੀ ਸਪੀਕਰ :** ਇਸ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ ।

**ਸ਼੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਦੇ ਜਵਾਬ ਵਿਚ ਸੈਲਫ-ਇਮਪਲਾਇ-ਮੈਂਟ ਸਕੀਮ ਅਧੀਨ ਬੈਂਕਾਂ ਦੇ ਕਰਜ਼ਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਕਰਜ਼ੇ ਇੰਡਸਟਰੀ ਡਿਪਾਰਟਮੈਂਟ ਵਲੋਂ ਅਤੇ ਰੂਰਲ ਡਿਵੈਲਪਮੈਂਟ ਏਜੰਸੀਆਂ ਵਲੋਂ ਰਿਕੁਮੈਂਡ ਕੀਤੇ ਜਾਂਦੇ ਹਨ । ਪਰ ਬੈਂਕਾਂ ਦੇ ਮੈਨੇਜਰ ਏਜੰਸੀਆਂ ਦੀ ਰਿਕੁਮੈਂਡੇਸ਼ਨ ਦੇ ਬਾਵਜੂਦ ਵੀ ਪੰਜਾਬ ਗੌਰਮਿੰਟ ਦਾ ਕੰਟਰੋਲ ਨਾ ਹੋਣ ਕਰਕੇ ਲੋਕਾਂ ਨੂੰ ਜ਼ਲੀਲ ਕਰਦੇ ਹਨ। ਕੀ ਸਰਕਾਰ ਕੁਝ ਇਸ ਤਰ੍ਹਾਂ ਦਾ ਪ੍ਰਬੰਧ ਕਰਕੇ ਇਹ ਯਕੀਨੀ ਬਣਾਏਗੀ ਕਿ ਜਿਹੜੇ ਕਰਜ਼ੇ ਏਜੰਸੀਆਂ ਨੇ ਰਿਕੁਮੈਂਡ ਕਰ ਦਿੱਤੇ ਹਨ ਉਹ ਲੋਕਾਂ ਨੂੰ ਠੀਕ ਢੰਗ ਨਾਲ ਅਤੇ ਠੀਕ ਸਮੇਂ ਤੇ ਮਿਲ ਜਾਣ ?

**ਮੁੱਖ ਮੰਤਰੀ :** ਇਸ ਤੇ ਵਿਚਾਰ ਕਰ ਲਵਾਂਗੇ ਕਿ ਇਨ੍ਹਾਂ ਨੂੰ ਕਿਸ ਤਰ੍ਹਾਂ ਮਜਬੂਰ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਤੇ ਪਰੈਸ਼ਰ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ।

**ਸਰਦਾਰ ਤਾਰਾ ਸਿੰਘ ਲਾਇਲਪੁਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਨੌਕਰੀਆਂ ਖੋਲ੍ਹ ਦਿੱਤੀਆਂ ਗਈਆਂ ਹਨ। ਪਰ ਇਸ ਵਿਚ ਇੱਕ ਅੜਚਣ ਪੈਦਾ ਹੋਈ ਹੈ ਜਿਹੜੇ ਐਮਪਲਾਈਜ਼ ਨੇ ਨੌਕਰੀਆਂ ਲੈਣੀਆਂ ਹਨ, ਕਾਂਗਰਸ ਵੇਲੇ ਪਹਿਲਾਂ ਵੀ ਇਹ ਨੌਕਰੀਆਂ ਬੰਦ ਰਹੀਆਂ ਹਨ, ਜਿਨ੍ਹਾਂ ਨੇ ਡਿਗਰੀਆਂ ਪ੍ਰਾਪਤ ਕੀਤੀਆਂ ਸਨ ਉਨ੍ਹਾਂ ਦੀਆਂ ਉਮਰਾਂ ਜ਼ਿਆਦਾ ਹੋ ਗਈਆਂ ਹਨ, ਇਸ ਲਈ ਜਦੋਂ ਉਹ ਨੌਜਵਾਨ ਨੌਕਰੀਆਂ ਲਈ ਆਉਣਗੇ ਉਨ੍ਹਾਂ ਦੀਆਂ ਉਮਰਾਂ ਜ਼ਿਆਦਾ ਹੋਣਗੀਆਂ। ਕੀ ਅਜਿਹੇ ਕੇਸਾਂ ਵਿਚ ਰਿਲੈਕਸੇਸ਼ਨ ਦਿੱਤੀ ਜਾਏਗੀ ? ਇਸ ਬਾਰੇ ਚੀਫ ਮਨਿਸਟਰ ਸਾਹਿਬ ਦੱਸ ਦੇਣ।

**ਮੁੱਖ ਮੰਤਰੀ :** ਇਸ ਤੇ ਵਿਚਾਰ ਕਰ ਲਵਾਂਗੇ ।

### Employment to released Youths

*68. **Dr. Kewal Krishan :** Will the Chief Minister be pleased to state—

(a) whether the Government has planned to accommodate ten thousand youths who have been released from jails after calling off the Akali agitation for gainfull employment ;

Original with;
Punjab Vidhan Sabha
Digitized by;
Panjab Digital Library

(b) if the reply to part (a) above be in the affirmative, the details of said plan along with the exact number of youths who have been identified by the District Committee set up for this particular purpose district-wise ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : (ੳ) ਨਹੀਂ ਸ੍ਰੀਮਾਨ ਜੀ, ਪੜ੍ਹੇ ਲਿਖੇ ਨੌਜਵਾਨਾਂ ਵਿਚ ਬੇਰੋਜਗਾਰੀ ਦੀ ਸਮਸਿਆ ਰਾਜ ਵਿਚਲੇ ਸਾਰੇ ਫਿਰਕਿਆਂ ਨੂੰ ਪੇਸ਼ ਆ ਰਹੀ ਹੈ । ਜਿਨ੍ਹਾਂ ਨੌਜਵਾਨਾਂ ਨੇ ਅੰਦੋਲਨ ਵਿਰ ਹਿੱਸਾ ਲਿਆ ਤੇ ਜੇਲ੍ਹਾਂ ਵਿਚ ਗਏ ਉਹ ਵੀ ਬੇਰੋਜਗਾਰ ਯੁਵਕਾਂ ਦੀ ਸ੍ਰੇਣੀ ਵਿਚ ਆਉਂਦੇ ਹਨ ਜਿਨ੍ਹਾਂ ਵਾਸਤੇ ਰੋਜ਼ਗਾਰ ਦੇ ਮੌਕੇ ਢੂੰਡੇ ਜਾਣੇ ਹਨ । ਰਾਜ ਸਰਕਾਰ ਰਾਜ ਦੇ ਨੌਜਵਾਨਾਂ ਲਈ ਉਦਮਕਾਰੀ ਤੇ ਲਾਹੇਬੰਧ ਰੋਜ਼ਗਾਰ ਦੇ ਵਿਕਾਸ ਲਈ ਵੱਖ ਵੱਖ ਸਕੀਮਾਂ ਤਿਆਰ ਕਰ ਰਹੀ ਹੈ। ਇਸ ਯਤਨ ਵਿਚ ਹਾਲ ਹੀ ਵਿਚ ਜੇਲ੍ਹਾਂ ਵਿਚੋਂ ਰਿਹਾ ਕੀਤੇ ਨੌਜਵਾਨਾਂ ਨੂੰ ਵੀ ਪਾਤਰਤਾ ਆਧਾਰ ਉਤੇ ਲਾਹੇਬੰਧਾ ਰੋਜ਼ਗਾਰ ਦੇਣ ਲਈ ਵਿਚਾਰ ਕੀਤੀ ਜਾਵੇਗੀ ।

(ਅ) ਸਮਾਜਕ ਅਤੇ ਸਿਆਸੀ ਬੇਚੈਨੀ ਕਾਰਨ ਲਗਾਤਾਰ ਵਧੀ ਹੋਈ ਬੇਰੋਜ਼ਗਾਰੀ ਨੂੰ ਘਟਾਉਣ ਦੇ ਲਈ ਸਰਕਾਰ ਨੇ ਵੱਡੀ ਪੱਧਰ ਉਤੇ ਸਵੈ-ਰੋਜ਼ਗਾਰ ਸਕੀਮ ਨੂੰ ਅਮਲੀ ਰੂਪ ਦੇ ਕੇ ਖੁਦ ਹੀ ਰੋਜ਼ਗਾਰ ਮੌਕੇ ਵਧਾਉਣ ਦਾ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਉਜਰਤੀ ਰੋਜ਼ਗਾਰ ਮੌਕੇ ਵਧਾਉਣ ਦੇ ਵਿਚਾਰ ਕਰਨ ਨਾਲ ਭਰਤੀ ਉਤੇ ਲੱਗੀ ਪਾਬੰਦੀ ਹਟਾਉਣ ਦਾ ਵੀ ਫੈਸਲਾ ਕੀਤਾ ਹੈ। ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਸਵੈ-ਰੋਜ਼ਗਾਰ ਸਕੀਮਾਂ ਅਪਨਾਉਣ ਵਾਲੇ ਵਿਅਕਤੀਆਂ ਬਾਰੇ ਪਤਾ ਲਗਾਇਆ ਜਾ ਰਿਹਾ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹਾਂਗਾ ਕਿ ਯੂਥਸ ਜਿਹੜੇ ਕਿ ਜੇਲ੍ਹਾਂ ਵਿਚੋਂ ਰੀਲੀਜ਼ ਹੋਏ ਹਨ ਉਨ੍ਹਾਂ ਨੇ ਐਜੀਟੇਸ਼ਨ ਵਿਚ ਹਿੱਸਾ ਲਿਆ ਇਹ ਗੱਲ ਸਮਝ ਆਉਂਦੀ ਹੈ। ਪਰ ਕਈ ਕਰਾਈਮਜ਼ ਵਿਚ, ਕਤਲਾਂ ਵਿਚ, ਲੁਟ ਮਾਰ ਵਿਚ ਅਤੇ ਮਰਡਰਜ਼, ਕਿਲਿੰਗਜ਼ ਵਿਚ ਹਿੱਸਾ ਲੈਣ ਕਰਕੇ ਗਿਰਫਤਾਰ ਹੋਏ, ਕੀ ਇਨ੍ਹਾਂ ਨੂੰ ਵੀ ਐਜੀਟੇਸ਼ਨ ਵਿਚ ਸ਼ਾਮਲ ਹੋਕੇ ਰੀਲੀਜ਼ ਹੋਏ ਸਮਝਕੇ ਗੇਨਫੁਲ ਐਂਪਲਾਇਮੈਂਟ ਵਾਸਤੇ ਇਲਿਜੀਬਲ ਸਮਝਕੇ ਐਂਪਲਾਇਮੈਂਟ ਦਿੱਤੀ ਜਾਏਗੀ ?

**ਮੁੱਖ ਮੰਤਰੀ** : ਬਹੁਤ ਸਾਰਿਆਂ ਤੇ ਬਦਕਿਸਮਤੀ ਨਾਲ ਝੂਠੇ ਮੁਕੱਦਮੇ ਬਣਾਕੇ, ਗਲਤ ਮੁਕੱਦਮੇ ਬਣਾਕੇ ਅੰਦਰ ਕੀਤਾ ਜਾਂਦਾ ਰਿਹਾ ਹੈ। ਬੇਗੁਨਾਹ ਲੋਕਾਂ ਨੂੰ ਫਸਾਇਆ ਜਾਂਦਾ ਰਿਹਾ ਹੈ। ਬਹੁਤ ਸਾਰੇ ਲੋਕ ਇਸ ਪਾਸੇ ਲੱਗੇ ਹੋਏ ਸਨ ਕਿ ਵਿਰੋਧੀਆਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਜੇਲ੍ਹਾਂ ਵਿਚ ਦਿੱਤਾ ਜਾਏ ਅਤੇ ਸਾਡਾ ਫਰਜ਼ ਬਣਦਾ ਸੀ ਕਿ ਜੇਲ੍ਹਾਂ ਵਿਚੋਂ ਉਨ੍ਹਾਂ ਦੀ ਰਿਹਾਈ ਕਰਾਈਏ। ਇਹ ਰਿਹਾਈਆਂ ਵੀ ਕਿਸੇ ਢੰਗ ਨਾਲ ਕੀਤੀਆਂ ਗਈਆਂ ਹਨ। ਬੈਂਸ ਕਮੇਟੀ ਬਣਾਕੇ ਜਿਸ ਦਾ ਮੁੱਖੀ ਇਕ ਜੱਜ ਸੀ ਉਸ ਦੀਆਂ ਸਿਫਾਰਸ਼ਾਂ ਤੇ ਰਿਹਾਈਆਂ ਕੀਤੀਆਂ ਗਈਆਂ ਹਨ। ਡਾਕਟਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਲੋਕਾਂ ਤੇ ਕੇਸ ਬਣੇ ਹੋਏ ਸਨ। ਪਰ ਉਨ੍ਹਾਂ ਤੇ ਤਾਂ ਕੇਸ ਬਣਾਏ ਸਨ ਅਤੇ ਇਸ ਕਰਕੇ ਜੇਲ੍ਹਾਂ ਵਿਚ ਦਿੱਤੇ ਗਏ ਸਨ। ਉਨ੍ਹਾਂ ਤੇ ਝੂਠੇ ਕੇਸ ਬਣਾਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਦਿੱਤਾ ਹੋਇਆ ਸੀ ।

Original with;
Punjab Vidhan Sabha
Digitized by;
Panjab Digital Library

**ਡਾਕਟਰ ਕੇਵਲ ਕ੍ਰਿਸ਼ਨ :** ਜਿਹੜੇ ਕੇਸਾਂ ਵਿਚ ਇਨਵਾਲਵਡ ਸਨ ਔਰ ਜਿਨ੍ਹਾਂ ਦੇ ਕੇਸ ਸਾਬਤ ਨਹੀਂ ਹੋ ਸਕੇ, ਐਵੀਡੈਂਸ ਪਰੂਵ ਨਹੀਂ ਹੋਈਆਂ, ਅਜਿਹੇ ਕੇਸਾਂ ਵਾਸਤੇ ਕੀ ਸਰਕਾਰ ਉਨ੍ਹਾਂ ਨੂੰ ਐਂਪਲਾਇਮੈਂਟ ਦੇਣ ਤੋਂ ਗੁਰੇਜ਼ ਕਰੇਗੀ ?

**ਮੁੱਖ ਮੰਤਰੀ :** ਜੇ ਕਿਸੇ ਬੰਦੇ ਦੇ ਖਿਲਾਫ ਇਲਜ਼ਾਮ ਲਗਾਇਆ ਜਾਏ, ਜੇਲ੍ਹਾਂ ਵਿਚ ਦੇ ਦਿੱਤਾ ਜਾਏ, ਕਿਸੇ ਅਦਾਲਤ ਵਿਚ ਸਾਬਤ ਨਾ ਹੋਵੇ, ਤਾਂ ਉਹ ਅਸੰਬਲੀ ਦਾ ਮੈਂਬਰ ਬਣ ਸਕਦਾ ਹੈ ਅਤੇ ਮਨਿਸਟਰ ਵੀ ਬਣ ਸਕਦਾ ਹੈ (ਥੰਪਿੰਗ) ਉਨ੍ਹਾਂ ਵਿਚ ਅੜਿਕਾ ਨਹੀਂ ਲਗਦਾ ਹੈ।

**ਡਾਕਟਰ ਕੇਵਲ ਕ੍ਰਿਸ਼ਨ :** ਮੈਂ ਜਾਣਨਾ ਚਾਹਾਂਗਾ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਇਸ ਲਈ ਕਮੇਟੀ ਬਣਾਈ ਹੈ। ਜਿਹੜੀਆਂ ਡਿਸਟ੍ਰਿਕਟਸ ਕਮੇਟੀਆਂ ਹਨ ਜਿਸ ਨੇ ਇਹ ਦੇਖਣਾ ਸੀ ਕਿ ਐਂਪਲਾਇਮੈਂਟ ਲਈ ਕਿਹੜੇ ਕਿਹੜੇ ਯੂਥਸ ਇਲਿਜੀਬਲ ਹਨ, ਕੀ ਉਨ੍ਹਾਂ ਕਮੇਟੀਆਂ ਵਿਚ ਆਪੋਜ਼ੀਸ਼ਨ ਦੇ ਐਮ.ਐਲ.ਏਜ਼ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ ?

**ਮੁੱਖ ਮੰਤਰੀ :** ਜਿਨ੍ਹਾਂ ਯੂਥਸ ਵਾਸਤੇ ਕਮੇਟੀ ਬਣੀ ਹੈ ਉਨ੍ਹਾਂ ਵਿਚ ਆਪੋਜ਼ੀਸ਼ਨ ਦੇ ਯੂਥਸ ਨਹੀਂ ਸੀ, ਇਸ ਕਰਕੇ ਆਪੋਜ਼ੀਸ਼ਨ ਦੇ ਕਿਸੇ ਮੈਂਬਰ ਨੂੰ ਉਸ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਜਿਹੜੇ ਪੰਜਾਬ ਦੇ ਹੱਕੀ ਮੰਗਾਂ ਖਾਤਰ ਲੜਦੇ ਰਹੇ ਉਨ੍ਹਾਂ ਨੂੰ ਇਹ ਜੇਲ੍ਹਾਂ ਵਿਚ ਭੇਜਦੇ ਰਹੇ, ਉਨ੍ਹਾਂ ਨੂੰ ਫ੍ਰਿਰ ਕਿਸ ਕਰਕੇ ਕਮੇਟੀ ਵਿਚ ਲੈਣਾ ਸੀ।

**ਸਰਦਾਰ ਗੁਰਦੇਵ ਸਿੰਘ ਬਾਦਲ :** ** ** ** ** ** ** (ਵਿਘਨ)

**ਸ੍ਰੀ ਸਪੀਕਰ :** ਇਸ ਦਾ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। Disallowed । (ਸ਼ੋਰ) I am sorry. This is not relevant.

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਇਨ੍ਹਾਂ ਤੋਂ (ਵਿਘਨ) ......

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ (ਸ਼ੋਰ) (ਵਿਘਨ) ਪਹਿਲਾਂ ਸਾਨੂੰ ਖੂੰਝੇ ਲਗਾ ਦਿੱਤਾ ਹੈ। ਸਾਡੇ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ। (ਵਿਘਨ) ਸਾਨੂੰ ਮਨਿਸਟਰ ਵੀ ਨਹੀਂ ਬਣਾਂਦੇ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਮੈਂ ਦਰਿਆਫਤ ਕਰਨਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਸਾਹਿਬ ਨੇ ਇਕ ਸਟੇਟਮੈਂਟ ਦਿੱਤੀ ਹੈ ਉਸ ਮੁਤਾਬਿਕ ਮਾਸੂਮ ਲੋਕਾਂ ਦੇ ਖਿਲਾਫ ਝੂਠੇ ਕੇਸ ਸਾਬਕਾ ਗੌਰਮਿੰਟ ਦੇ ਅਫਸਰਾਂ ਨੇ ਬਣਾਏ ਹਨ। ਕੀ ਉਨ੍ਹਾਂ ਅਫਸਰਾਂ ਦੇ ਖਿਲਾਫ ਜਿਨ੍ਹਾਂ ਨੇ ਐਨਾ ਕੰਮ ਖਰਾਬ ਕੀਤਾ ਹੈ ਅਤੇ ਲੋਕਾਂ ਨੂੰ ਕਈ ਕਈ ਮਹੀਨੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਲੀ ਤੇ ਟੰਗੀ ਰਖਿਆ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਅੰਦਰ ਰਖਿਆ ਗਿਆ, ਕੀ ਜਿਹੜਾ ਉਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਉਸ ਦਾ ਮੁਆਵਜ਼ਾ ਉਨ੍ਹਾਂ ਨੂੰ ਉਨ੍ਹਾਂ ਤੋਂ ਦਿਵਾਉਗੇ ਜਿਨ੍ਹਾਂ ਨੇ ਝੂਠੇ ਕੇਸ ਬਣਾਏ ? ਕੀ ਉਨ੍ਹਾਂ ਨੂੰ ਸਜ਼ਾਵਾਂ ਦਿਵਾਉਗੇ ? ਕੀ ਅਜਿਹਾ

*Expungep as ordered by the Chair.

Original with;
Punjab Vidhan Sabha
Digitized by;
Panjab Digital Library

ਕਰਨ ਵਾਸਤੇ ਕੋਈ ਆਪਣੇ ਆਪ ਸਰਕਾਰ ਨੇ ਸਕੀਮ ਬਣਾਈ ਹੈ ਅਤੇ ਕੀ ਕਦਮ ਇਸ ਪ੍ਰਤੀ ਚੁਕੇ ਗਏ ਹਨ ?

ਮੁੱਖ ਮੰਤਰੀ : ਇਸ ਵਿਚੋਂ ਇਹ ਅਲਾਈਜ਼ ਨਹੀਂ ਹੁੰਦਾ ਹੈ। ਇਸ ਪ੍ਰਤੀ ਪੜਤਾਲ ਕਰਾਈ ਹੈ। ਉਨ੍ਹਾਂ ਵਿਚੋਂ ਸਾਰੇ ਬੰਦੇ ਭੱਜ ਗਏ ਹਨ। ਇਸ ਪਾਸੇ ਵਿਚਾਰ ਹੋ ਰਹੀ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਜਿਹੜੇ ਰਿਹਾ ਹੋ ਕੇ ਆਏ ਹਨ ਉਨ੍ਹਾਂ ਨੂੰ ਵੀ ਐਂਪਲਾਇਮੈਂਟ ਲਈ ਕਨਸਿਡਰ ਕੀਤਾ ਜਾਏ। ਕੀ ਕੋਈ ਸਪੈਸੇਫਿਕ ਸਕੀਮ ਨਹੀਂ ਬਣਾਈ ਕਿ ਪਹਿਲਾਂ ਉਹ ਬੰਦੇ ਐਡਜਸਟ ਹੋਣ ਅਤੇ ਬਾਕੀ ਦੇ ਬਾਅਦ ਵਿਚ ਹੋਣ ?

ਮੁੱਖ ਮੰਤਰੀ : ਅਸੀਂ ਬਹੁਤ ਮਿਹਨਤ ਕਰਕੇ ਐਸੇ ਫੈਕਟਸ ਇਕੱਠੇ ਕੀਤੇ ਹਨ ਜਿਸ ਤੋਂ ਪਤਾ ਲੱਗ ਸਕੇ ਕਿ ਪਰਾਇਰਟੀਜ਼ ਕਿਸ ਨੂੰ ਦਿੱਤੀ ਜਾਣੀ ਹੈ, ਕਿਸ ਕਿਸ ਨੇ ਜ਼ਿਆਦਾ ਕੁਰਬਾਨੀਆਂ ਕੀਤੀਆਂ ਹਨ, ਐਸੇ ਫੈਕਟਸ ਇਕੱਠੇ ਕੀਤੇ ਹਨ। ਲਾਜ਼ਮੀ ਤੌਰ ਤੇ ਇਸ ਨੂੰ ਧਿਆਨ ਵਿਚ ਰਖਾਂਗੇ।

---

## Murders in District Ludhiana

***86. Shri Om Parkash Gupta :** Will the Chief Minister be pleased to state—

(a) the number of murders committed in District Ludhiana during the years 1984, 1985 and upto 12th January, 1986.

(b) the dates on which the said murders were committed and the dates on which cases were registered against the accused persons.

(c) the number of the accused persons arrested in the said murder cases and the number of challans put up in the courts ?

**ਸਰਦਾਰ ਸੁਰਜੀਤ ਸਿੰਘ ਬਰਨਾਲਾ :** (ੳ) ਸਾਲ ਮੁਤਾਬਿਕ ਕਤਲਾਂ ਦੇ ਵੇਰਵੇ :—

| ਸਾਲ | ਕਤਲਾਂ ਦੀ ਗਿਣਤੀ |
|---|---|
| 1984 | 59 |
| 1985 | 67 |
| 1986 (12 ਜਨਵਰੀ, 86 ਤੱਕ) | 2 |
| | 128 |

(ਅ) ਵਿਸਥਾਰ ਪੂਰਬਕ ਸੂਚਨਾਂ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਏ) ਵੇਰਵੇ ਹੇਠ ਲਿਖੇ ਅਨੁਸਾਰ ਹਨ :

| ਸਾਲ | ਗ੍ਰਿਫਤਾਰ ਕੀਤੇ ਦੋਸ਼ੀਆਂ ਦੀ ਗਿਣਤੀ | ਅਦਾਲਤਾਂ ਵਿਚ ਪੇਸ਼ ਕੀਤੇ ਚਲਾਨਾਂ ਦੀ ਗਿਣਤੀ |
|---|---|---|
| 1984 | 183 | 54 |
| 1985 | 132 | 43 |
| 1986 | — | — |

ਸੂਚੀ

| ਲੜੀ ਨੰ: | ਮੁਕੱਦਮਾਂ ਨੰਬਰ | ਕਤਲ ਹੋਣ ਦੀ ਮਿਤੀ | ਦੋਸ਼ੀਆਂ ਦੇ ਖ਼ਿਲਾਫ ਮੁਕੱਦਮਾਂ ਦਰਜ ਹੋਣ ਦੀ ਮਿਤੀ |
|---|---|---|---|
| 1 | ਮੁ: ਨੰ: 4 ਅ/ਧ 302 ਹ:ਡ: ਥਾਣਾ ਸਦਰ, ਲੁਧਿਆਣਾ | 31 ਦਸੰਬਰ, 1983 1 ਜਨਵਰੀ, 1984 ਦੀ ਰਾਤ | 1-1-84 |
| 2 | ਮੁ: ਨੰ: 39 ਅ/ਧ 302/34 ਹ: ਡ: ਥਾਣਾ ਹੇਵਲੋਂ | 23/24 ਜਨਵਰੀ, 1984 ਦੀ ਰਾਤ | 24-1-84 |
| 3 | ਮੁ: ਨੰ: 48 ਅ/ਧ 302/34 ਹ: ਡ: ਥਾਣਾ ਡਵੀਜ਼ਨ ਨੰ: 6, ਲੁਧਿਆਣਾ | 25 ਜਨਵਰੀ, 1984 ਦੀ ਰਾਤ | 26-1-84 |
| 4 | ਮੁ: ਨੰ: 19 ਅ/ਧ 302 ਹ: ਡ: ਥਾਣਾ ਫੋਕਲ ਪੁਆਇੰਟ, ਲੁਧਿਆਣਾ | 2/3 ਫਰਵਰੀ, 1984 ਦੀ ਰਾਤ | 3-2-84 |
| 5 | ਮੁ: ਨੰ: 77 ਅ/ਧ: 302/201/34 ਹ:ਡ:, ਥਾਣਾ ਡਵੀਜ਼ਨ 3, ਲੁਧਿਆਣਾ | 11/12 ਫਰਵਰੀ, 1984 ਦੀ ਰਾਤ | 12-2-84 |
| 6 | ਮੁ: ਨੰ: 36 ਅ/ਧ 302/201 ਹ:ਡ: ਥਾਣਾ ਪਾਇਲ | 14/15 ਫਰਵਰੀ, 1984 ਦੀ ਰਾਤ | 15-2-84 |
| 7 | ਮੁ: ਨੰ: 85 ਅ/ਧ 302 ਹ:ਡ: ਥਾਣਾ ਸਦਰ, ਲੁਧਿਆਣਾ | 22/23 ਫਰਵਰੀ, 1984 ਦੀ ਰਾਤ | 23-2-84 |
| 8 | ਮੁ: ਨੰ: 45 ਅ/ਧ 302/309 ਹ:ਡ: ਥਾਣਾ ਜੀ. ਆਰ. ਪੀ., ਲੁਧਿਆਣਾ | 26 ਫਰਵਰੀ, 1984 | 26-2-84 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮੁਕੱਦਮਾਂ ਨੰਬਰ | ਕਤਲ ਹੋਣ ਦੀ ਮਿਤੀ | ਦੋਸ਼ੀਆਂ ਦੇ ਖ਼ਿਲਾਫ ਮੁਕੱਦਮਾਂ ਦਰਜ ਹੋਣ ਦੀ ਮਿਤੀ |
|---|---|---|---|
| 9 | ਮੁ: ਨੰ: 58 ਅ/ਧ 302/307 ਹ: ਡ: ਥਾਣਾ ਡਵੀਜ਼ਨ ਨੰ: 2, ਲੁਧਿਆਣਾ | 8 ਮਾਰਚ, 1984 | 8–3–84 |
| 10 | ਮੁ: ਨੰ: 56 ਅ/ਧ 302/307 ਹ:ਡ: ਥਾਣਾ ਡਵੀ: ਨੰ: 2, ਲੁਧਿਆਣਾ | 7 ਮਾਰਚ, 1984 | 7–3–84 |
| 11 | ਮੁ: ਨ: 116, ਮਿਤੀ 10 ਮਾਰਚ, 1984 ਅ/ਧ 302/201 ਹ: ਡ:, ਥਾਣਾ ਸਦਰ, ਲੁਧਿਆਣਾ | 7/8 ਮਾਰਚ, 1984 ਦੀ ਰਾਤ | 10–3–84 |
| 12 | ਮੁ: ਨੰ: 35 ਅ/ਧ 302/34 ਹ:ਡ: 25 ਅਸਲਾ ਐਕਟ, ਥਾਣਾ ਸਦਰ, ਖੰਨਾ | 10 ਮਾਰਚ, 1984 | 10–3–84 |
| 13 | ਮੁ: ਨੰ: 67, ਮਿਤੀ 18 ਮਾਰਚ, 1984 ਅ/ਧ 302 ਅ:ਡ:, 25/27 ਅਸਲਾ ਐਕਟ, ਥਾਣਾ ਸਰਾਭਾ ਨਗਰ, ਲੁਧਿਆਣਾ | 18 ਮਾਰਚ, 1984 | 18–3–84 |
| 14 | ਮੁ: ਨੰ: 62 ਅ/ਧ 302/34 ਹ:ਡ:, ਥਾਣਾ ਦਾਖ਼ਾ | 18 ਮਾਰਚ, 1984 | 17–3–84 |
| 15 | ਮੁ: ਨੰ: 61 ਅ/ਧ 302/307/326/324/34 ਹ:ਡ:, 25 ਅਮਲਾ ਐਕਟ, ਥਾਣਾ ਡਵੀਜ਼ਨ ਨੰ: 4, ਲੁਧਿਆਣਾ | 20 ਮਾਰਚ, 1984 | 20–3–84 |
| 16 | ਮੁ: ਨੰ: 67 ਅ/ਧ 302 ਹ:ਡ: 25 ਅਸਲਾ ਐਕਟ ਥਾਣਾ ਦਾਖਾ | 27 ਮਾਰਚ, 1984 | 27–3–84 |
| 17 | ਮੁ: ਨੰ: 75 ਅ/ਧ 302 ਹ:ਡ: ਥਾਣਾ ਦਾਖਾ | 5/6 ਅਪ੍ਰੈਲ, 1984 ਦੀ ਰਾਤ | 16–4–84 |
| 18 | ਮੁ: ਨੰ: 160 ਅ/ਧ 302/34 ਹ:ਡ: ਥਾਣਾ ਸਦਰ, ਲੁਧਿਆਣਾ | 7 ਅਪ੍ਰੈਲ, 1984, 10 ਏ.ਐਮ. | 8–4–84 |
| 19 | ਮੁ: ਨੰ: 180 ਅ/ਧ 302/307/34 ਹ:ਡ:, ਥਾਣਾ ਸਦਰ, ਲੁਧਿਆਣਾ | 17 ਅਪ੍ਰੈਲ, 1984 | 17–4–84 |
| 20 | ਮੁ: ਨੰ: 74 ਅ/ਧ 302/380/34 ਹ:ਡ: 25/27 ਅਸਲਾ ਐਕਟ, ਥਾਣਾ ਰਾਏਕੋਟ | 27 ਅਪ੍ਰੈਲ, 1984 | 27–4–84 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| ਲੜੀ ਨੰ: | ਮੁਕੱਦਮਾਂ ਨੰਬਰ | ਕਤਲ ਹੋਣ ਦੀ ਮਿਤੀ | ਦੋਸ਼ੀਆਂ ਦੇ ਖ਼ਿਲਾਫ਼ ਮੁਕੱਦਮਾਂ ਦਰਜ ਹੋਣ ਦੀ ਮਿਤੀ |
|---|---|---|---|
| 21 | ਮੁ: ਨੰ: 90 ਅ/ਧ 302/307/353 ਹ:ਡ:, 25/27 ਅਸਲਾ ਐਕਟ, ਥਾਣਾ ਰਾਏਕੋਟ | 13 ਮਈ, 1984 | 13-5-84 |
| 22 | ਮੁ: ਨੰ: 135 ਅ/ਧ 302/34 ਹ:ਡ: ਥਾਣਾ ਸਿਧਵਾਂ ਬੇਟ | 15 ਮਈ, 1984 | 16-5-84 |
| 23 | ਮੁ:ਨੰ: 187 ਅ/ਧ 302/307/379/34 ਹ:ਡ: 225 ਅਸਲਾ ਐਕਟ, ਥਾਣਾ ਜਗਰਾਉਂ | 20 ਮਈ, 1984 | 20-5-84 |
| 24 | ਮੁ: ਨੰ: 141 ਅ/ਧ 302/307/34 ਹ:ਡ: 25/27 ਅਸ਼ਲਾ ਐਕਟ, ਥਾਣਾ ਸਿਧਵਾਂ ਬੇਟ | 24 ਮਈ, 1984 | 24-5-84 |
| 25 | ਮੁ: ਨੰ: 120 ਅ/ਧ 302 ਹ:ਡ: ਥਾਣਾ ਡੇਹਲੋਂ | 23/24 ਮਈ, 1984 ਦੀ ਰਾਤ | 24-5-84 |
| 26 | ਮੁ: ਨੰ: 62 ਅ/ਧ 302 ਹ:ਡ: ਥਾਣਾ ਸਿਟੀ ਖੰਨਾਂ | 24/25 ਮਈ, 1984 ਦੀ ਰਾਤ | 25-5-84 |
| 27 | ਮੁ: ਨੰ: 236 ਅ/ਧ 302/34 ਹ:ਡ: ਥਾਣਾ ਸਦਰ, ਲੁਧਿਆਣਾ | 26 ਮਈ, 1984 | 27-5-84 |
| 28 | ਮੁ: ਨੰ: 50 ਅ/ਧ 302/34 ਹ:ਡ: ਥਾਣਾ ਮਾਛੀਵਾੜਾ | 30 ਮਈ, 1984 ਦੀ ਰਾਤ | 31-5-84 |
| 29 | ਮੁ: ਨੰ: 63 ਅ/ਧ 302/307/34 ਹ:ਡ: 25 ਅਸਲਾ ਐਕਟ, ਥਾਣਾ ਸਿਟੀ ਖੰਨਾਂ | 3 ਜੂਨ, 1984 | 3-6-84 |
| 30 | ਮੁ: ਨੰ: 77 ਅ/ਧ 302/34 ਹ:ਡ: 3/4 ਐਕਸਪਲੋਸਿਵ ਐਕਟ, 25 ਅਸਲਾ ਐਕਟ ਥਾਣਾ ਸਦਰ, ਖੰਨਾਂ | 6 ਜੂਨ, 1984 | 6-6-84 |
| 31 | ਮੁ: ਨੰ: 78, ਅ/ਧ 302 ਹ:ਡ: ਥਾਣਾ ਸੰਦਰ ਖੰਨਾਂ | 7 ਜੂਨ, 1984 | 7-6-84 |
| 32 | ਮੁ: ਨੰ: 63 ਅ/ਧ 302/34 ਹ:ਡ: ਥਾਣਾ ਖਮਾਣੋਂ | 9/10 ਜੂਨ, 1984 ਦੀ ਰਾਤ | 10-6-84 |

Original with;
Punjab Vidhan Sabha
Digitized by;
Panjab Digital Library

| ਲੜੀ ਨੰ. | ਮੁਕੱਦਮਾਂ ਨੰਬਰ | ਕਤਲ ਹੋਣ ਦੀ ਮਿਤੀ | ਦੋਸ਼ੀਆਂ ਦੇ ਖਿਲਾਫ਼ ਮੁਕੱਦਮਾ ਦਰਜ ਹੋਣ ਦੀ ਮਿਤੀ |
|---|---|---|---|
| 33 | ਮੁ: ਨੰ: 292 ਅ/ਧ 302/201/34 ਹ:ਡ: ਥਾਣਾ ਸਦਰ, ਲੁਧਿਆਣਾ | 24 ਜੂਨ, 1984 | 24-6-84 |
| 34 | ਮੁ: ਨੰ: 71 ਅ/ਧ 302/34 ਹ:ਡ: ਥਾਣਾ ਮਾਛੀਵਾੜਾ | 27/28 ਜੂਨ, 1984 ਦੀ ਰਾਤ | 29-6-84 |
| 35 | ਮੁ: ਨੰ: 185 ਅ/ਧ 302/307/34 ਹ:ਡ: 25/27 ਅਸਲਾ ਐਕਟ, ਥਾਣਾ ਸਿਧਵਾਂ ਬੇਟ | 29 ਜੂਨ, 1984 | 29-6-84 |
| 36 | ਮੁ: ਨੰ: 236 ਅ/ਧ 302 ਹ:ਡ: ਥਾਣਾ ਕੋਤਵਾਲੀ, ਲੁਧਿਆਣਾ | 5 ਜੁਲਾਈ, 1984 | 5-7-84 |
| 37 | ਮੁ: ਨੰ: 153 ਅ/ਧ 302/452/148/149/34 ਹ:ਡ: ਥਾਣਾ ਡਵੀਜ਼ਨ ਨੰ: 4, ਲੁਧਿਆਣਾ | 18 ਜੁਲਾਈ, 1984 | 18-7-84 |
| 38 | ਮੁ: ਨੰ: 113 ਅ/ਧ 302/34 ਹ:ਡ: ਥਾਣਾ ਸਦਰ, ਖੰਨਾ | 22 ਜੁਲਾਈ, 1984 | 22-7-84 |
| 39 | ਮੁ: ਨੰ: 126 ਅ/ਧ 302/34 ਹ:ਡ:, ਥਾਣਾ ਸਮਰਾਲਾ | 9 ਅਗਸਤ, 1984 | 9-8-84 |
| 40 | ਮੁ: ਨੰ: 123 ਅ/ਧ 302/201 ਹ:ਡ: ਥਾਣਾ ਸਦਰ, ਖੰਨਾ | 14 ਅਗਸਤ, 1984 | 15-8-84 |
| 41 | ਮੁ: ਨੰ: 123 ਅ/ਧ 302/148/149 ਹ:ਡ: ਥਾਣਾ ਫੋਕਲ ਪੁਆਇੰਟ, ਲੁਧਿਆਣਾ | 20 ਅਗਸਤ, 1984 | 21-8-84 |
| 42 | ਮੁ: ਨੰ: 407 ਅ/ਧ 302/202 ਹ:ਡ: ਥਾਣਾ ਸਦਰ, ਲੁਧਿਆਣਾ | 31 ਅਗਸਤ, 1984/ 1 ਸਤੰਬਰ, 1984 ਦੀ ਰਾਤ | 1-9-84 |
| 43 | ਮੁ: ਨੰ: 412 ਅ/ਧ 302 ਹ:ਡ:, ਥਾਣਾ ਸਦਰ, ਲੁਧਿਆਣਾ | 5 ਸਤੰਬਰ, 1984 | 5-9-84 |
| 44 | ਮੁ: ਨੰ: 96 ਅ/ਧ 302/148/149 ਹ:ਡ: ਥਾਣਾ ਖ਼ਮਾਣੋਂ | 18 ਸਤੰਬਰ, 1984 | 19-9-84 |
| 45 | ਮੁ: ਨੰ: 94 ਅ/ਧ 302 ਹ:ਡ:, ਥਾਣਾ ਮਾਛੀਵਾੜਾ | 21/22 ਸਤੰਬਰ, 1984 | 22-9-84 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਮੁਕੱਦਮਾ ਨੰਬਰ | ਕਤਲ ਹੋਣ ਦੀ ਮਿਤੀ | ਦੋਸ਼ੀਆਂ ਦੇ ਖ਼ਲਾਫ਼ ਮੁਕੱਦਮਾਂ ਦਰਜ ਹੋਣ ਦੀ ਮਿਤੀ |
|---|---|---|---|
| 46 | ਮੁ: ਨੰ: 141 ਅ/ਧ 302/452/148/149 ਹ:ਡ:, ਥਾਣਾ ਫੋਕਲ ਪੁਆਇੰਟ, ਲੁਧਿਆਣਾ | 3 ਅਕਤੂਬਰ, 1984 | 3–10–84 |
| 47 | ਮੁ: ਨੰ: 188 ਅ/ਧ 302/34 ਹ:ਡ: 25/27 ਅਸਲਾ ਐਕਟ, ਥਾਣਾ ਪਾਇਲ | 7 ਅਕਤੂਬਰ, 1984 | 7–10–84 |
| 48 | ਮੁ: ਨੰ: 534 ਅ/ਧ 302 ਹ:ਡ: ਥਾਣਾ ਡਵੀਜ਼ਨ ਨੰ: 6, ਲੁਧਿਆਣਾ | 11/12 ਅਕਤੂਬਰ, 1984 ਦੀ ਰਾਤ | 12–10–84 |
| 49 | ਮੁ: ਨੰ: 216 ਅ/ਧ 302/34 ਹ:ਡ: ਥਾਣਾ ਡਵੀਜ਼ਨ ਨੰ: 4, ਲੁਧਿਆਣਾ | 23 ਅਕਤੂਬਰ, 1984 | 24–10–84 |
| 50 | ਮੁ: ਨੰ: 159 ਅ/ਧ 302/34 ਹ:ਡ: ਥਾਣਾ ਸਮਰਾਲਾ | 3 ਨਵੰਬਰ, 1984 | 3–11–84 |
| 51 | ਮੁ: ਨੰ: 545 ਅ/ਧ 302 ਹ:ਡ: ਥਾਣਾ ਸਿਵਲ ਲਾਇਨ, ਲੁਧਿਆਣਾ | 5 ਨਵੰਬਰ, 1984 | 5–11–84 |
| 52 | ਮੁ: ਨੰ: 129 ਅ/ਧ 302 ਹ:ਡ: ਥਾਣਾ ਸਿਟੀ ਖੰਨਾਂ | 9/10 ਨਵੰਬਰ, 1984 ਦੀ ਰਾਤ | 10–11–84 |
| 53 | ਮੁ: ਨੰ: 168 ਅ/ਧ 302 ਹ:ਡ: ਥਾਣਾ ਫੋਕਲ ਪੁਆਇੰਟ, ਲੁਧਿਆਣਾ | 18 ਨਵੰਬਰ, 1984 | 19–11–84 |
| 54 | ਮੁ: ਨੰ: 269 ਅ/ਧ 302/34 ਹ:ਡ: 25 ਅਸਲਾ ਐਕਟ, ਥਾਣਾ ਸਰਾਭਾ ਨਗਰ, ਲੁਧਿਆਣਾ | 4 ਦਸੰਬਰ, 1984 | 4–12–84 |
| 55 | ਮੁ: ਨੰ: 116 ਅ/ਧ 302/34 ਹ:ਡ: ਥਾਣਾ ਖਮਾਣੋਂ | 11/12 ਦਸੰਬਰ, 1984 ਦੀ ਰਾਤ | 12–12–84 |
| 232 | Buchra | 262 | Behrampur |
| 233 | Majri Araiyan. | 263 | Bhagwanpur |
| 234 | Behbatpura | 264 | Talwara |
| 235 | Govardhanpur | 265 | Lulon |
| 236 | Alipur Sodian | 266 | Raili |
| 237 | Kumbra | 267 | Dedohran |
| 238 | Nurpura | 268 | Balahri Kalan |

Original with;
Punjab Vidhan Sabha
Digitized by;
Panjab Digital Library

[Minister for Agriculture and Forests]

| Serial No. | Name of the village | Serial No. | Name of the village |
|---|---|---|---|
| 269 | Hindpur. | 3 | Bhakoomajra. |
| 270 | Dholan. | 4 | Lodhi Majra. |
| 271 | Mehtabgarh. | 5 | Lohgarh Fidde. |
| 272 | Bhukheri. | 6 | Lohari. |
| 273 | Bhagatpura. | 7 | Rallon Khurd. |
| 274 | Sindhra. | 8 | Patiala. |
| 275 | Naraingarh. | 9 | Ghanauli. |
| 276 | Ramgarh Sainian. | 10 | Dulchi Majra. |
| 277 | Rampur. | 11 | Kakraon. |
| 278 | Khanpur. | 12 | Kala Majra. |
| 279 | Bhangerian. | 13 | Singh. |
| 280 | Bagsikander. | 14 | Chak Karma. |
| 281 | Bhangan. | 15 | Pather Majra. |
| 282 | Jandali. | 16 | Maini. |
| 283 | Dhabali. | 17 | Manda Mahal Kalan. |
| 284 | Dofra. | 18 | Kot Bala. |
| 285 | Harlalpura. | 19 | Bhagomajra. |
| 286 | Alampur. | 20 | Chak Dehra. |
| 287 | Manupur. | 21 | Hussainpur. |
| 288 | Bhaini Kalan. | 22 | Kakat. |
| 289 | Kotla Bajwara. | 23 | Solkian. |
| 290 | Kotla Fajjal. | 24 | Haripur (*urf* Road Majra). |
| 291 | Himmatpur. | | **Panchayat Samiti, Chamkaur Sahib** |
| 292 | Dhirpur. | 25 | Dhanola. |
| 293 | Ferozepur. | 26 | Mangarh Rakali. |
| 294 | Mullanpur. | 27 | Suleman Shikoh. |
| | DISTRICT ROPAR | 28 | Gagarwal. |
| | **Panchayat Samiti, Ropar** | 29 | Rolumajra. |
| 1 | Dekwala. | 30 | Dehar. |
| 2 | Purkhali. | 31 | Sangpur. |

Original with;
Punjab Vidhan Sabha
Digitized by;
Panjab Digital Library

| Serial No. | Name of the village |
|---|---|
| 32 | Fatehgarh. |
| 33 | Lutheri. |
| 34 | Bharromajara. |
| 35 | Katlaur. |
| 36 | Marulikalan. |
| 37 | Hafizibad. |
| 38 | Oind. |
| 39 | Salohmajra. |
| 40 | Samrauli. |
| 41 | Surtapur Kalan. |
| 42 | Talapur. |
| 43 | Dhanouri. |
| 44 | Mundian. |
| 45 | Chamkaur Sahib. |
| 46 | Dholanmajra. |
| 47 | Man Kheri. |
| 48 | Samana Khurd. |
| 49 | Sindhwan. |
| 50 | Manaili. |
| 51 | Sandharimajra. |
| 52 | Shadipur. |
| 53 | Assarpur. |
| 54 | Kajauli. |
| 55 | Khant. |
| 56 | Behrampur Bet. |
| 57 | Tapprian Amar Singh. |
| 58 | Jattana. |
| 59 | Kullian Baman. |
| 60 | Rashidpur. |
| 61 | Nanakpura. |
| 62 | Bazidpur. |
| 63 | Mekhowal. |
| 64 | Manakpur. |
| 65 | Phul Kalan. |
| 66 | Bhagwantpura. |
| 67 | Hardonamoh. |
| 68 | Parhi. |
| | **Panchayat Samiti, Kharar** |
| 69 | Mamupur. |
| 70 | Jandpur. |
| 71 | Fatehulapur. |
| 72 | Khooni Majra. |
| 73 | Pir Sohana. |
| 74 | Sunk. |
| 75 | Chhaju Majra. |
| 76 | Baroli. |
| 77 | Raipur Khurd. |
| 78 | Mote Majra. |
| 79 | Marauli. |
| 80 | Saidpur. |
| 81 | Chuni Kalan. |
| 82 | Silh. |
| 83 | Rassanheri. |
| 84 | Dharak Khurd. |
| 85 | Padiala. |
| 86 | Mullanpur (Garibdass). |
| 87 | Gudana. |
| 88 | Desumajra. |
| 89 | Dhurali. |
| 90 | Chhota Khurd. |
| 91 | Manak Majra. |
| 92 | Maujpur. |
| 93 | Choga. |
| 94 | Baliali. |

Original with;
Punjab Vidhan Sabha
Digitized by;
Panjab Digital Library

[Minister for Agriculture and Forest]

| Serial No. | Name of the village | Serial No. | Name of the village |
|---|---|---|---|
| 95 | Pannuan. | 124 | Paroul. |
| 96 | Saneta. | 125 | Rurki Kham. |
| 97 | Todarmajra. | 126 | Gunno Majra. |
| 98 | Popna. | 127 | Tajpura. |
| 99 | Shampur. | 128 | Mahalka. |
| 100 | Gharuan. | 129 | Mullanpur (Sodhian). |
| 101 | Milak. | 130 | Rampur. |
| 102 | Bhukbri. | | **Panchayat Samiti, Anandpur Sahib** |
| 103 | Dao Majra. | 131 | Bandheri. |
| | **Panchayat Samiti, Majri** | 132 | Mehan. |
| 104 | Chatamli. | 133 | Bholan. |
| 105 | Palheri. | 134 | Sehjjowal. |
| 106 | Tiour. | 135 | Ajauli. |
| 107 | Paintpur. | 135-A | Sawamipur. |
| 108 | Sialwah. | 136 | Kherabag. |
| 109 | Fatehpur. | 137 | Kalitran. |
| 110 | Dhanauran | 138 | Jindwari |
| 111 | Chintgarh. | 139 | Bhikhapur. |
| 112 | Chanalon. | 140 | Desgran. |
| 113 | Mianpur Changar. | 141 | Agampur. |
| 114 | Khera. | 142 | Chhutewal. |
| 115 | Sangatpur. | 143 | Hambewal. |
| 116 | Taroli. | 144 | Sajmaur. |
| 117 | Mastgarh. | 145 | Kathera. |
| 118 | Phantwan. | 146 | Bhabour Sahib. |
| 119 | Boothgarh. | 147 | Chandesa. |
| 120 | Barsalpur. | 148 | Nangal Nikku. |
| 121 | Sainimajra. | 149 | Dayapur. |
| 122 | Badali. | 150 | Chambirpur. |
| 123 | Fatehpur Tapprian. | 151 | Behrampur. |

Original with;
Punjab Vidhan Sabha
Digitized by;
Panjab Digital Library

| Serial No. | Name of the village | Serial No. | Name of the village |
|---|---|---|---|
| 152 | Mataur. | 182 | Simbal Majra. |
| 153 | Malwan. | 183 | Brari. |
| 154 | Thapal. | | DISTRICT SANGRUR |
| | **Panchayat Samiti, Nurpur Bedi** | | **Panchayat Samiti, Sangrur** |
| 155 | Baihara. | 1 | Sahoke. |
| 156 | Batlaur Khad. | 2 | Kheri. |
| 157 | Dahirpur. | 3 | Saror. |
| 158 | Bassi. | 4 | Laddi. |
| 159 | Barwah. | 5 | Thalia. |
| 160 | Takhatgarh. | 6 | Audheri. |
| 161 | Khatana | 7 | Badhrukha. |
| 162 | Madhopur. | 8 | Tunga. |
| 163 | Gochar. | 9 | Namol. |
| 164 | Bhauwal. | 10 | Kila Bharain. |
| 165 | Kangor. | 11 | Togewal. |
| 166 | Bairala. | 12 | Bhindran. |
| 167 | Bagri. | 13 | Fatehgarh Channa. |
| 168 | Sakhpur. | 14 | Akoi Sahib. |
| 169 | Tiba Tapprian. | 15 | Khurani. |
| 170 | Kata. | 16 | Rupa Heri. |
| 171 | Chaunta. | | **Panchayat Samiti, Bhawanigarh** |
| 172 | Raipur. | 17 | Dharamgarh. |
| 173 | Samundri. | 18 | Johlian. |
| 174 | Sarai. | 19 | Phumanwal. |
| 175 | Bhatoli. | 20 | Balial. |
| 176 | Nalhoti. | 21 | Bhatwal Kalan. |
| 177 | Nangran. | 22 | Nakte. |
| 178 | Boothgarh Khanpur. | 23 | Sangatpura. |
| 179 | Bhaini. | 24 | Gharachon. |
| 180 | Bhangal. | 25 | Sakroudi. |
| 181 | Ghanura Hirpur. | 26 | Sanghreri. |

Original with;
Punjab Vidhan Sabha
Digitized by;
Panjab Digital Library

[Minister for Agriculture and Forests]

| Serial No. | Name of the village | Serial No. | Name of the village |
|---|---|---|---|
| 27 | Bhaneri. | 55 | Burj Sedha. |
| 28 | Naraingarh. | | **Panchayat Samiti, Malerkotla** |
| 29 | Rampura. | 56 | Ram pur Chhanna. |
| | **Panchayat Samiti, Lehragaga.** | 57 | Isra. |
| 30 | Maniana. | 58 | Salempur. |
| 31 | Churar Kalan. | 59 | Bhambhouri. |
| 32 | Jhalur. | 60 | Bhaini Kammoan. |
| 33 | Arkbas | 61 | Bhanbhoura. |
| 34 | Kalia. | 62 | Gaggowal. |
| 35 | Kotra Lehal. | 63 | Narike. |
| 36 | Gagga. | 64 | Mukali. |
| 37 | Shaddiheri. | 65 | Bhumsi. |
| 38 | Rampura Baharwala. | 66 | Dhiromajra. |
| 39 | Rai Dharana. | 67 | Lasoi. |
| 40 | Nagla. | 68 | Langrian. |
| 41 | Salimgarh. | | **Panchayat Samiti, Barnala** |
| | **Panchayat Samiti, Dhuri** | 69 | Aspal Kalan. |
| 42 | Ramnagar Channa. | 70 | Bhadhla. |
| 43 | Sherpur. | 71 | Bhure. |
| 44 | Kheri Khurd. | 72 | Attar Singhwala. |
| 45 | Issi. | 73 | Badbar. |
| 46 | Kanjla. | 74 | Seikha. |
| 47 | Nath. | 75 | Kaleke. |
| 48 | Inna Bajwa. | 76 | Dhoorkot. |
| 49 | Burj Gohran. | 77 | Uppli. |
| 50 | Ballian. | 78 | Kubbe. |
| 51 | Bhullarheri. | 79 | Rajgarh. |
| 52 | Ranike. | 80 | Jhalour. |
| 53 | Mullowal. | 81 | Katto. |
| 54 | Sherpur Sodhian. | 82 | Badra. |

Original with;
Punjab Vidhan Sabha
Digitized by;
Panjab Digital Library

| Serial No. | Name of the village | Serial No. | Name of the village |
|---|---|---|---|
| 83 | Pakho Kalan. | 113 | Panjgrain. |
| 84 | Kahanke. | 114 | Sherwanikot. |
| 85 | Rure Ke Kalan. | 115 | Kuthala. |
| | **Panchayat Samiti, Sehna** | 116 | Pharwahi. |
| 86 | Sandhu Kalan. | 117 | Khurd. |
| 87 | Tallewal. | 118 | Jitwal Kalan. |
| 88 | Sehna. | 119 | Kasapur. |
| 89 | Vidata. | 120 | Tibba. |
| 90 | Kairay. | 121 | Shiekhopura Khurd. |
| 91 | Dhilwan Patiala. | 122 | Dasonda Singhwala. |
| 92 | Alkara. | 123 | Bhudan. |
| 93 | Ghunas. | | |
| 94 | Mainewal. | 124 | Mehdevi. |
| 95 | Dhilwan Nabha. | | **Panchayat Samiti Mehal Kalan** |
| 96 | Tajoke. | 125 | Sadowal. |
| 97 | Baloke. | 126 | Gangohar. |
| 98 | Mauran (Patiala). | 127 | Nihaluwal. |
| | **Panchayat Samiti, Sunam** | 128 | Sahaur. |
| 99 | Dialgarh Jajian. | 129 | Mehal Kalan. |
| 100 | Lad Banjara Khurd. | 130 | Chananwal. |
| 101 | Kahangarh. | 131 | Jalaldiwal. |
| 102 | Nilowal. | 132 | Naraingarh Sohian. |
| 103 | Dhandoli Khurd. | 133 | Chhapa. |
| 104 | Ganduan. | 134 | Kalal Majra. |
| 105 | Chhabar | 135 | Kalsan. |
| 106 | Phalera. | 136 | Mehal Khurd. |
| 107 | Dharamgarh. | 137 | Dhaner. |
| 108 | Mojowal. | 138 | Hardaspura. |
| 109 | Gobindpura Nagri. | 139 | Wazid Khurd. |
| 110 | Kamalpur. | 140 | Diwana. |
| 111 | Lad Banjara Kalan. | 141 | Pandori. |
| | **Panchayat Samiti, Ahmedgarh** | 142 | Gobindgarh. |
| 112 | Fatehgarh. | 143 | Chiniwal Khurd. |

Original with;
Punjab Vidhan Sabha
Digitized by;
Panjab Digital Library

**Number of posts of Warden in Mental Hospital Amritsar.**

33. **Shri Sewa Ram Arora** : Will the Minister for Health and Family Welfare be pleased to state—

(a) the number of posts of Warden in the Punjab Mental Hospital Amritsar at present.

(b) whether any Warden-patient ratio is prescribed in the Punjab Mental Rules, Manual ;

(c) whether the number of Wardens temporarily recruited by the Medical Superintendent, Punjab Mental Hospital, Amritsar during the year 1983, 1984, 1985 and 1986 to date is in conformity with that ratio, if not, the reason threreof ?

---

**ਸਰਦਾਰ ਬਸੰਤ ਸਿੰਘ ਖਾਲਸਾ** : (ੳ) 232

(ਅ) ਨਹੀਂ ਜੀ

(ੲ) ਕਿਉਂ ਜੋ ਪੰਜਾਬ ਮੈਂਟਲ ਮੈਨੂਅਲ ਵਿਚ ਅਜਿਹਾ ਕੋਈ ਪ੍ਰੋਵੀਜ਼ਨ ਨਹੀਂ ਹੈ, ਇਸ ਲਈ ਮੈਂਟਲ ਹਸਪਤਾਲ ਵਿਚ ਮਰੀਜ਼ਾਂ ਦੀ ਗਿਣਤੀ ਦੇ ਅਨੁਪਾਤ ਅਨੁਸਾਰ ਵਾਰਡਨਾਂ ਦੀਆਂ ਆਸਾਮੀਆਂ ਭਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

---

**Reimbursement of Medical Charges**

35. **Shri Jai Muni,**
**Shri Raghunath Sahai Puri** : Will the Minister for Health and Family Welfare be pleased to state—

(a) whether the Government employees posted at Chandigarh are entitled to reimbursement of medical charges in respect of the treatment taken by them /their dependants at the Government dispensaries at S. A. S. Nagar (Mohali) ;

(b) if the reply to part (a) above be in the affirmative whether the Government employees posted in Punjab Government offices at S.A.S. Nagar (Mohali), are also entitled to the reimbursement of medical charges in respect of the treatment taken by them/their dependants at Government dispensaries at Chandigarh ; if not, the reasons thereof ?

**ਸਰਦਾਰ ਬਸੰਤ ਸਿੰਘ ਖਾਲਸਾ** : (ੳ) ਹਾਂ ਜੀ।

(ਅ) ਪੰਜਾਬ ਸਰਕਾਰ ਦੇ ਕਰਮਚਾਰੀ ਜਿਹੜੇ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਪੋਸਟਿਡ ਹਨ, ਪੀ.ਜੀ.ਆਈ. ਚੰਡੀਗੜ੍ਹ ਵਿਚ ਇਲਾਜ ਕਰਾਉਣ ਦੇ ਚਾਰਜਿਜ਼ ਦੀ ਪ੍ਰਤੀਪੂਰਤੀ ਦੇ ਹੱਕਦਾਰ ਹਨ, ਜੇਕਰ ਉਨ੍ਹਾਂ ਦੇ ਕੇਸਿਜ਼ ਠੀਕ ਤਰ੍ਹਾਂ ਯੋਗ ਅਧਿਕਾਰੀਆਂ ਦੁਆਰਾ ਰੈਫਰ ਹੋਏ

Original with;
Punjab Vidhan Sabha
Digitized by;
Panjab Digital Library

ਹੋਣ । ਪੰਜਾਬ ਸਰਕਾਰ ਦੇ ਕਰਮਚਾਰੀ ਜਿਹੜੇ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਪੋਸਟਿਡ ਹਨ, ਦੁਆਰਾ ਸਿੱਧੇ ਤੌਰ ਤੇ ਪੀ.ਜੀ.ਆਈ. ਅਤੇ ਦੂਜੇ ਹਸਪਤਾਲਾਂ/ਡਿਸਪੈਂਸਰੀਆਂ ਵਿਚ ਇਲਾਜ ਕਰਾਉਣ ਦੇ ਮੈਡੀਕਲ ਚਾਰਜਿਜ਼ ਦੇ ਹੱਕਦਾਰ ਨਹੀਂ ਹਨ, ਕਿਉਂਕਿ ਇਹ ਪੰਜਾਬ ਦੇ ਖੇਤਰ ਤੋਂ ਬਾਹਰ ਹਨ ।

## *WALK-OUT*

**ਸ੍ਰੀ ਮਨਮੋਹਨ ਕਾਲੀਆ** : ਆਨ ਏ ਪੁਆਇੰਟ ਆਫ ਆਰਡਰ, ਸਰ ** ** * ** ** **

(ਇਸ ਵਕਤ ਮਾਨਯੋਗ ਮੈਂਬਰ ਪ੍ਰੋਫੈਸਰ ਦਰਬਾਰੀ ਲਾਲ ਵੀ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਮੰਗ ਕਰ ਰਹੇ ਸਨ) ।

**ਸ੍ਰੀ ਸਪੀਕਰ** : ਪ੍ਰੋਫੈਸਰ ਸਾਹਿਬ, ਮੈਨੂੰ ਇਕ ਬੰਦੇ ਦਾ ਪਹਿਲਾ ਪੁਆਇੰਟ ਆਫ ਆਰਡਰ ਸੁਣ ਲੈਣ ਦਿਓ ।

**ਸ੍ਰੀ ਮਨਮੋਹਨ ਕਾਲੀਆ** : ** ** ** ** ** **

**Mr. Speaker** : That adjournment notice is under my decision. I will consider it. No Point of Order. You know I am going to over-rule it.

**ਸ੍ਰੀ ਮਨਮੋਹਨ ਕਾਲੀਆ** : ** ** ** ** ** **

**Mr. Speaker** : I will consider it. No point of Order. Disallowed.

(At this stage the members belonging to the Bhartiya Janata Party present in the House walked out.)

## ANNOUNCEMENT BY THE SPEAKER *RE*. PANEL OF CHAIRMEN

**Mr. Speaker** : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :—

1. Shri Ram Krishan Kataria.
2. Sardar Jasdev Singh Sandhu.
3. Giani Arjan Singh Litt.
4. Pandit Mohan Lal.

## PAPERS LAID ON THE TABLE

**Education Minister** (Sardar Sukhjinder Singh) : Sir, I beg to lay on the Table all the papers printed in the List of Business from Serial No. (i) to (xv). These are:—

(i) The Punjab Contingency Fund (Amendment) Ordinance, 1985 (Punjab Ordinance No. 2 of 1985) as required under Clause (2) of Article 213 of the Constitution of India.

*Expunged as ordered by the Chair

Original with;
Punjab Vidhan Sabha
Digitized by;
Panjab Digital Library

[Minister for Education]

(ii) The Punjab Ex-Servicemen Corporation (General) (First Amendment) Rules, 1985 as required under Section 32(3) of the Punjab Ex-Servicemen Corporation Act, 1978.

(iii) The Audit Reports on the Punjab Financial Corporation for the year ending 31st March, 1981, draft audit report on the Accounts of Punjab Financial Corporation for the year ending 31st March, 1982, Audit Report on the accounts of Punjab Financial Corporation for the year ending 31st March, 1983 and 1984 as required under section 37(7) of the State Financial Corporation Act, 1951.

(iv) The 3rd and 4th Annual Reports of Punjab State Electronics Development and Production Corporation Limited for the years 1978-79 and 1979-80 as required under section 619-A (3)(b) of the Companies Act, 1956.

(v) The Annual Report on the working of Punjab State Hosiery and Knitwear Development Corporation for the year 1979-80 as required under Section 619-A(iii)(b) of the Companies Act, 1956.

(vi) The Audit Report on the Accounts of Punjab Water Supply and Sewerage Board for the period 1st April, 1981 to 31st March, 1982 as required under section 45 of the Punjab Water Supply and Sewerage Board Act, 1976.

(vii) The 9th Annual Report (in English and Punjabi) of the Punjab State Tubewell Corporation Ltd. for the year 1979-80 and the 10th Annual Report ( in English and Punjabi) of the Punjab State Tubewell Corporation Ltd., for the year 1980-81 alongwith statement explaining the reasons for delay in laying the Annual Report (1980-81)on the Table of the House as required under section 619-A of the Companies Act, 1956.

(viii) The Annual Statement of the Accounts of the Punjab Housing Development Board for the years 1981-82 and 1982-83 as required under section 68(3) of the Punjab Housing Development Board Act, 1972.

(ix) The Ist Annual Report of Goindwal Industrial and Investment Corporation of Punjab Ltd., for the year 1981-82 as required under section 619-A(3)(b) of the Companies Act, 1956.

(x) The Annual Statement of Accounts of the Punjab State Electricity Board for the years 1982-83 and 1983-84 as required under section 69(5)(a) of the Electricity (Supply) Act, 1948.

(xi) The Annual Report and Accounts for the year ending 31st March, 1979 of the Punjab Dairy Development Corporation Ltd, (in English and Punjabi) as required under section 619-A(3)(b) of the Companies Act, 1956.

(xii) The 9th and 10th Annual Reports of the Punjab State Industrial Development Corporation for the years 1974-75 and 1975-76

Original with;
Punjab Vidhan Sabha
Digitized by;
Panjab Digital Library

as required under section 619-A of the Companies Act, 1956.

(xiii) The Annual Administration Report of the Punjab State Electricity Board for the year 1983-84 alongwith the statement showing the objectives of the Board and reasons for delay in submission of Annual Administration Report for the year 1983-84 as required under section 75 of the Electricity (Supply) Act, 1948.

(xiv) The Punjab Water Supply and Sewerage Board (Consultation for Allocation of Employees) Rules 1984 as required under section 42(2) of the Punjab Water Supply and Sewerage Board Act, 1976.

(xv) The Punjab Package Deal Properties (Disposal) (First Amendment) Rules, 1985 and the Punjab Package Deal Properties (Disposal) (Second Amendment) Rules, 1985 as required under section 18(3) of the Punjab Package Deal Properties, (Disposal) Act, 1976.

## DISCUSSION ON GOVERNOR'S ADDRESS

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** (ਆਦਮਪੁਰ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਇਹ ਪ੍ਰਸਤਾਵ ਸਦਨ ਦੇ ਸਾਹਮਣੇ ਪੇਸ਼ ਕਰਦਾ ਹਾਂ :–

"ਕਿ ਰਾਜਪਾਲ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

> 'ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਉਸ ਭਾਸ਼ਣ ਲਈ ਰਾਜਪਾਲ ਦੇ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 3 ਮਾਰਚ, 1986 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ' "

ਸਪੀਕਰ ਸਾਹਿਬ, ਰਾਜਪਾਲ ਜੀ ਨੇ ਸਦਨ ਦੇ ਸਾਹਮਣੇ ਜੋ ਭਾਸ਼ਣ ਰਖਿਆ ਹੈ ਉਸ ਵਿੱਚ ਉਨ੍ਹਾਂ ਨੇ ਸਪੱਸ਼ਟ ਇਹ ਆਖਿਆ ਹੈ ਕਿ ਵਰਤਮਾਨ ਇਜਲਾਸ ਪੰਜਾਬ ਅਸੈਂਬਲੀ ਦਾ ਬਹੁਤ ਹੀ ਅਹਿਮ ਇਜਲਾਸ ਹੈ। ਪੰਜ ਮਹੀਨੇ ਪੂਰੇ ਹੋ ਗਏ ਹਨ ਵਰਤਮਾਨ ਅਕਾਲੀ ਸਰਕਾਰ ਨੂੰ ਹੋਂਦ ਵਿੱਚ ਆਇਆਂ। ਜਿਨ੍ਹਾਂ ਹਾਲਾਤ ਵਿੱਚ ਪਿਛਲੇ ਸਾਲ 24 ਜੁਲਾਈ ਨੂੰ ਅਕਾਰਡ ਹੋਇਆ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਪ੍ਰਧਾਨ ਮੰਤਰੀ, ਸ੍ਰੀ ਰਾਜੀਵ ਗਾਂਧੀ ਜੀ ਦੇ ਦਰਮਿਆਨ ਵਿਚ ਉਸ ਵੇਲੇ ਜੋ ਅਵਸਥਾ ਸੀ ਉਹ ਅੱਵਸਥਾ ਬੜੀ ਦੁਖਾਂ ਭਰੀ ਸੀ ਔਰ ਪਿਛਲੇ ਸਾਢੇ ਤਿੰਨ ਚਾਰ ਸਾਲ ਤੋਂ ਪੰਜਾਬ ਰਾਜ ਵਿੱਚ ਜੋ ਆਰਥਿਕ ਹਾਲਤ ਹੋਈ ਉਹ ਹਰ ਪੱਖੋਂ ਬੜੀ ਧੁੰਦਲੀ ਤੇ ਕਾਲੀ ਰਹੀ ਔਰ ਅਸੀਂ ਉਨ੍ਹਾਂ ਘਟਨਾਵਾਂ ਵਿਚੋਂ ਨਿਕਲ ਕੇ ਬਾਹਰ ਆਉਣ ਦਾ ਯਤਨ ਕੀਤਾ। ਪੰਜਾਬ ਦੀ ਰਾਜਸੀ ਸਥਿਤੀ ਨੂੰ ਸੁਧਾਰਨ ਲਈ ਅਤੇ ਪੰਜਾਬ ਦੀ ਡੁਬਦੀ ਕਿਸ਼ਤੀ ਨੂੰ ਤੂਫਾਨ ਵਿਚੋਂ ਕੱਢਣ ਲਈ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਜੋ ਇਕ ਮਹਾਨ ਤਪੱਸਵੀ ਸਨ, ਨੇ ਬਹੁਤ ਵੱਡੀ ਦੇਣ ਦਿਤੀ ਹੈ ਔਰ ਪੰਜਾਬ ਦੇ ਸਾਰੇ ਲੋਕ ਉਸ ਮਹਾਨ ਵਿਅਕਤੀ ਦੇ ਰਿਣੀ ਹਨ ਜਿਨ੍ਹਾਂ ਨੇ ਕਿ ਪੰਜਾਬ ਨੂੰ ਇਕ ਨਵੀਂ ਦਿਸ਼ਾ ਦੇਣ ਦਾ ਯਤਨ ਕੀਤਾ। ਜੋ ਦੁਖਾਂਤ ਸੀ, ਉਸ ਦੇ ਬਾਰੇ ਰਾਜਪਾਲ ਜੀ ਨੇ ਆਪਣੇ ਐਡਰੈਸ ਵਿੱਚ ਦਸਿਆ ਹੈ ਕਿ ਪਿਛਲੇ ਪੰਜ ਮਹੀਨਿਆਂ ਤੋਂ ਪੰਜਾਬ ਦੇ ਲੋਕਾਂ ਨੇ ਤਲਖੀ, ਦੁੱਖ ਅਤੇ ਨਿਰਾਸ਼ਾ ਨੂੰ ਖ਼ਤਮ ਕਰਨ ਲਈ ਇਸ ਸਰਕਾਰ ਦਾ ਸਾਥ ਦਿਤਾ ਅਤੇ ਜਿਸ ਦੇ ਸਦਕੇ ਪਿਛਲੇ 5 ਮਹੀਨਿਆਂ ਦੌਰਾਨ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਬੜੀ ਸਿਆਣਪ, ਦਲੇਰੀ ਅਤੇ ਸੂਝ ਬੂਝ ਨਾਲ ਪੰਜਾਬ ਦੇ ਮਸਲੇ ਨੂੰ ਨਜਿੱਠਣ ਦਾ ਭਰਪੂਰ ਯਤਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਕੀਤਾ, ਉਸ ਦੀ ਅਸੀਂ ਸ਼ਲਾਘਾ ਕਰਦੇ ਹਾਂ। ਜੋ ਪੰਜਾਬ ਦੇ ਵਿੱਚ ਹਾਲਾਤ ਸਨ ਹੋਰ ਜੋ ਸਾਡੀ ਇੱਛਾ ਸੀ ਕਿ ਪੰਜਾਬ ਦੇ ਹਾਲਾਤ ਸੁਧਾਰੇ ਜਾਣ ਪਰ ਉਹ ਹਾਲਾਤ ਪੰਜਾਬ ਵਿੱਚ ਅਜੇ ਬਣੇ ਹੋਏ ਹਨ ਔਰ ਉਸ ਦੇ ਸੁਧਾਰ ਲਈ ਇਹ ਸਰਕਾਰ ਆਪਣਾ ਭਰਪੂਰ ਯਤਨ ਕਰ ਰਹੀ ਹੈ। ਪਿਛਲੇ 5 ਸਾਲ ਤੋਂ ਜੋ ਦੁੱਖਦਾਈ ਘਟਨਾਵਾਂ ਇਥੇ ਹੋਈਆਂ ਅਤੇ ਜਿਨ੍ਹਾਂ ਸੱਜਣਾਂ ਨੇ ਇਹ ਕੀਤੀਆਂ ਜਾਂ ਕਰਵਾਈਆਂ, ਜੋ ਹਾਲਾਤ ਪੰਜਾਬ ਵਿਚ ਪੈਦਾ ਹੋਏ, ਜੋ ਭਿਆਨਕ ਗੱਲਾਂ ਵਾਪਰੀਆਂ ਅਤੇ ਜਿਸ ਨੂੰ ਬਰਦਾਸ਼ਤ ਨਾ ਕਰਦੇ ਹੋਏ ਕੁਝ ਫੌਜੀ ਆਪਣੀਆਂ ਬੈਰਕਾਂ ਛੱਡ ਗਏ, ਜੋ ਤਲਖੀ ਵਾਲੀ ਦਾਸਤਾਂ ਹੈ ਉਹ ਬੜੀ ਦੁਖਦਾਈ ਹੈ। ਪੰਜਾਬ ਜਿਸ ਰਾਹ ਤੇ ਜਾ ਰਿਹਾ ਸੀ ਉਸ ਦੇ ਨਾਲ ਪੰਜਾਬ ਦਾ ਵਿਕਾਸ ਪਿਛਲੇ 5 ਸਾਲਾਂ ਵਿਚ ਰੁਕਿਆ ਰਿਹਾ। ਉਸ ਵਕਤ ਸਾਡੇ ਸਾਹਮਣੇ ਬੈਠੇ ਵਿਰੋਧੀ ਦਲ ਦੀ ਸਰਕਾਰ ਸੀ ਜੋ ਦੋ ਢਾਈ ਸਾਲ ਇਥੇ ਰਾਜ ਕਰਦੀ ਰਹੀ ਅਤੇ ਉਸ ਤੋਂ ਬਾਅਦ ਇਥੇ ਗਵਰਨਰ ਸਾਹਿਬ ਦੇ ਰਾਹੀਂ ਉਨ੍ਹਾਂ ਨੇ ਪੰਜਾਬ ਵਿੱਚ ਰਾਜ ਕੀਤਾ। ਉਸ ਵੇਲੇ ਪੰਜਾਬ ਦੀ ਇਕਾਨਮੀ ਦੀ ਜੋ ਡੀਗਰੇਡੇਸ਼ਨ ਹੋਈ ਹੈ, ਜੋ ਆਰਥਿਕ ਤੌਰ ਤੇ ਪੰਜਾਬ ਪਛੜਿਆ ਹੈ, ਉਸ ਹਾਲਾਤ ਨੂੰ ਸੁਧਾਰਨ ਦੇ ਲਈ ਇਸ ਮੌਜੂਦਾ ਸਰਕਾਰ ਦੀ ਇਛਾ ਹੈ ਕਿ ਪੰਜਾਬ ਦੇ ਹਾਲਾਤ ਵਿਚ ਤੇਜ਼ੀ ਨਾਲ ਸੁਧਾਰ ਲਿਆਂਦਾ ਜਾਵੇ ਅਤੇ ਇਥੋਂ ਦੀ ਆਰਥਿਕ ਹਾਲਤ ਨੂੰ ਤੇਜ਼ੀ ਨਾਲ ਸੁਧਾਰਿਆ ਜਾਵੇ। ਪੰਜਾਬ ਵਿਚ ਐਸੇ ਹਾਲਾਤ ਪੈਦਾ ਹੋ ਗਏ ਸਨ ਜਿਸ ਦੇ ਨਾਲ, ਆਪਸ ਵਿਚ ਟਕਰਾਓ ਪੈਦਾ ਹੋ ਗਿਆ ਸੀ। ਸਾਡੀ ਇੱਛਾ ਸੀ ਕਿ ਪੰਜਾਬ ਵਿਚ ਅਮਨ ਕਾਇਮ ਹੋਵੇ, ਹਿੰਦੂ-ਸਿੱਖ ਏਕਤਾ ਕਾਇਮ ਹੋਵੇ ਅਤੇ ਇਹ ਕੁਝ ਕਰਨ ਵਾਸਤੇ ਸਾਨੂੰ ਪੂਰੀ ਆਸ ਸੀ ਕਿ ਸਾਡੇ ਵਿਰੋਧੀ ਭਰਾ ਜੋ ਸਾਹਮਣੇ ਬੈਠੇ ਹਨ ਉਹ ਸਾਡਾ ਸਾਥ ਦੇਣਗੇ ਪਰ ਸਾਡੀ ਇਹ ਆਸ ਅਧੂਰੀ ਰਹੀ। ਜਿਸ ਮਾਰਗ ਤੇ ਚੱਲ ਕੇ, ਯਤਨ ਕਰਕੇ, ਪੰਜਾਬ ਸਰਕਾਰ ਨੇ ਕੋਸ਼ਿਸ਼ ਕੀਤੀ ਪੰਜਾਬ ਨੂੰ ਅਗੇ ਲਿਜਾਣ ਦੀ ਉਸ ਬਾਰੇ ਜੋ ਭਰਪੂਰ ਯਤਨ ਕੀਤੇ ਗਏ ਉਨ੍ਹਾਂ ਦੇ ਬਾਰੇ ਰਾਜਪਾਲ ਜੀ ਨੇ ਆਪਣੀ ਸਪੀਚ ਵਿਚ ਸਪੱਸ਼ਟ ਜ਼ਿਕਰ ਕੀਤਾ ਹੈ। ਅੱਜ ਤੋਂ 5 ਮਹੀਨੇ ਪਹਿਲਾਂ ਜੋ ਪੰਜਾਬ ਦੀ ਹਾਲਤ ਸੀ ਜਦੋਂ ਸਾਡੇ ਮਾਨਯੋਗ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੇ ਵਾਗਡੋਰ ਸੰਭਾਲੀ ਤਾਂ ਉਸ ਵੇਲੇ ਪੰਜਾਬ ਦਾ ਖਜ਼ਾਨਾ ਬਿਲਕੁਲ ਖਾਲੀ ਪਿਆ ਸੀ। ਇਹ ਸਾਹਮਣੇ ਬੈਠੇ ਵੀਰ 380 ਕਰੋੜ ਰੁਪਏ ਦਾ ਘਾਟਾ ਛੱਡ ਕੇ ਗਏ।

10.05 ਸਵੇਰੇ (ਇਸ ਵਕਤ ਪੈਨਲ ਆਫ ਚੇਅਰਮੈਨ ਦੇ ਮੈਂਬਰ, ਸ੍ਰੀ ਰਾਮ ਕਿਸ਼ਨ ਕਟਾਰੀਆ ਨੇ ਸਦਨ ਦੀ ਕੁਰਸੀ ਸੰਭਾਲੀ)

ਉਸ ਵਕਤ, ਚੇਅਰਮੈਨ ਸਾਹਿਬ, ਜੋ ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਸੀ ਉਹ ਬਹੁਤ ਵਿਗੜੀ ਹੋਈ ਸੀ। ਜੋ ਫੌਜੀ ਜਜ਼ਬਾਤ ਦੀ ਰੌਹ ਵਿੱਚ ਆ ਕੇ ਆਪਣੀਆਂ ਬੈਰਕਾਂ ਛੱਡ ਕੇ ਚਲੇ ਗਏ ਤੇ ਉਹ ਤਕਰੀਬਨ 67 ਦੇ ਕਰੀਬ ਮੌਤ ਦੇ ਘਾਟ ਉਤਾਰੇ ਗਏ ਅਤੇ ਤਕਰੀਬਨ 20–25 ਲਾਪਤਾ ਹਨ। ਜੇ ਸਾਰੇ ਮਿਲਾ ਕੇ ਦੇਖੀਏ ਤਾਂ ਇਹ ਤਕਰੀਬਨ 100 ਬਣਦੇ ਹਨ। ਪਿਛਲੇ 4–5 ਸਾਲਾਂ ਤੋਂ ਜਿਨ੍ਹਾਂ ਨੌਜਵਾਨਾਂ ਤੇ ਝੂਠੇ ਮੁਕੱਦਮੇਂ ਬਣਾਏ ਗਏ ਅਤੇ ਉਨ੍ਹਾਂ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਰੱਖਿਆ ਗਿਆ। ਕੁਝ ਕੁ ਨੂੰ ਰਿਲੀਜ਼ ਕੀਤਾ ਗਿਆ ਹੈ। ਉਨ੍ਹਾਂ ਨੌਜਵਾਨਾਂ ਨੂੰ ਸਾਨੂੰ ਦੇਸ਼ ਦੀ ਮੁੱਖ ਧਾਰਾ ਵਿੱਚ ਲਿਆਉਣਾ ਪਵੇਗਾ। ਜਿਹੜੇ ਸਿੱਖ 15 ਫਰਵਰੀ, 1986 ਤਕ ਦੂਸਰੀਆਂ ਸਟੇਟਾਂ ਤੋਂ ਪੰਜਾਬ ਵਿੱਚ ਆਏ ਹਨ ਉਨ੍ਹਾਂ ਦੇ ਮੁੜ ਵਸੇਬੇ ਲਈ ਅਤੇ ਹੋਰ ਮਸਲਿਆਂ ਨੂੰ ਜੋ ਸਾਡੇ ਸਾਹਮਣੇ ਹਨ, ਪੰਜਾਬ ਸਰਕਾਰ ਦੇ ਸਾਹਮਣੇ ਹਨ ਉਨ੍ਹਾਂ ਮਸਲਿਆਂ ਨੂੰ ਸੁਲਝਾਉਣ ਦੇ ਲਈ ਅਸੀਂ ਹਰ ਸੰਭਵ

Original with;
Punjab Vidhan Sabha
Digitized by;
Panjab Digital Library

ਯਤਨ ਕੀਤਾ ਅਤੇ ਜੋ ਸਾਡਾ ਇਹ ਵਿਸ਼ਵਾਸ ਸੀ ਕਿ ਸਾਡੇ ਵਿਰੋਧੀ ਭਰਾ ਸਾਡਾ ਸਾਥ ਇਨ੍ਹਾਂ ਮਸਲਿਆਂ ਨੂੰ ਸੁਲਝਾਉਣ ਦੇ ਵਾਸਤੇ ਦੇਣਗੇ ਉਹ ਸਹਿਯੋਗ ਸਾਨੂੰ ਇਨ੍ਹਾਂ ਨੇ ਦੇਣਾ ਪ੍ਰਵਾਨ ਨਾ ਕੀਤਾ।

ਹੁਣ, ਚੇਅਰਮੈਨ ਸਾਹਿਬ, ਮੈਂ ਇਕ ਇਕ ਮਸਲਾ ਬਜਟ ਸਬੰਧੀ ਲੈਣ ਦਾ ਯਤਨ ਕਰਾਂਗਾ। ਪਹਿਲਾ ਮਸਲਾ ਹੈ ਉਨ੍ਹਾਂ ਨੌਜਵਾਨਾਂ ਦਾ ਜਿਹੜੇ ਜੇਲ੍ਹਾਂ ਵਿੱਚ ਬੰਦ ਰਹੇ ਸਨ। ਜਿਸ ਵੇਲੇ 24 ਜੁਲਾਈ, 1985 ਨੂੰ ਅਕਾਰਡ ਹੋਇਆ ਔਰ ਉਸ ਦੇ ਬਾਅਦ ਜਦੋਂ ਇਲੈਕਸ਼ਨਜ਼ ਹੋਈਆਂ 25 ਸਤੰਬਰ, 1985 ਨੂੰ ਤਾਂ ਉਨ੍ਹਾਂ ਇਲੈਕਸ਼ਨਜ਼ ਦੇ ਵਿਚ ਪੰਜਾਬ ਦੀ ਜਨਤਾ ਨੇ ਭਰਪੂਰ ਹੁੰਗਾਰਾ ਭਰ ਕੇ ਅਕਾਲੀ ਦਲ ਨੂੰ ਸੱਤਾਧਾਰੀ ਬਣਾਇਆ। ਇਨ੍ਹਾਂ ਕਾਂਗਰਸੀਆਂ ਨੂੰ ਰਿਜੈਕਟ ਕੀਤਾ, ਕਾਂਗਰਸ ਪਾਰਟੀ ਨੂੰ ਰਿਜੈਕਟ ਕੀਤਾ ਉਨ੍ਹਾਂ ਦੇ ਪਿਛਲੇ ਮਾੜੇ ਕਿਰਦਾਰਾਂ ਨੂੰ ਵੇਖ ਕੇ। 73 ਸੀਟਾਂ ਸਾਡੇ ਅਕਾਲੀ ਦਲ ਨੇ ਜਿਤੀਆਂ। ਇੰਨੀ ਭਾਰੀ ਜਿੱਤ ਹੋਈ ਅਕਾਲੀ ਦਲ ਦੀ। ਜੋ ਸਾਡਾ ਮੈਨੀਫੈਸਟੋ ਸੀ ਉਸ ਵਿਚ ਇਹ ਗੱਲ ਬੜੀ ਸਪੱਸ਼ਟ ਸੀ ਕਿ ਜਿਸ ਵੇਲੇ ਅਕਾਲੀ ਦਲ ਸੱਤਾ ਵਿਚ ਆਵੇਗਾ (ਵਿਘਨ)

**ਪ੍ਰੋਫੈਸਰ ਦਰਬਾਰੀ ਲਾਲ :** ਚੇਅਰਮੈਨ ਸਾਹਿਬ, ਮਨਿਸਟਰ ਸਾਹਿਬ ਦੀ ਚੇਅਰ ਤੇ ਕੀ ਇਕ ਨਾਨ-ਐਮ. ਐਲ. ਏ. ਬੈਠ ਸਕਦਾ ਹੈ ? (ਵਿਘਨ)

**ਆਵਾਜ਼ਾਂ :** ਬੈਠ ਸਕਦਾ ਹੈ (ਵਿਘਨ)

**ਪ੍ਰੋਫੈਸਰ ਦਰਬਾਰੀ ਲਾਲ :** ਉਹ ਆਊਟ ਸਾਈਡਰ ਹੈ। ਉਨ੍ਹਾਂ ਨੂੰ ਸਹੁੰ ਚੁਕਾ ਦਿਓ। (ਵਿਘਨ)

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ :** ਚੇਅਰਮੈਨ ਸਾਹਿਬ, ਅਕਾਲੀ ਦਲ ਦੀ ਸਰਕਾਰ ਵਜੂਦ ਵਿਚ ਆਈ ਤਾਂ ਉਸ ਵੇਲੇ ਅਸੀਂ ਇਕ ਕਮੇਟੀ ਨਿਯੁਕਤ ਕੀਤੀ ਸਰਦਾਰ ਅਜੀਤ ਸਿੰਘ ਬੈਂਸ ਹਾਈ ਕੋਰਟ ਦੇ ਇਕ ਰਿਟਾਇਰਡ ਜੱਜ ਦੀ ਪ੍ਰਧਾਨਗੀ ਥੱਲੇ ਅਤੇ ਉਹ 4 ਮੈਂਬਰੀ ਕਮੇਟੀ ਨਿਯੁਕਤ ਕੀਤੀ ਗਈ ਜਿਸ ਵਿਚ ਦੋ ਘੱਟ ਗਿਣਤੀ ਦੇ ਮੈਂਬਰ ਵੀ ਸਨ ਜਿਨ੍ਹਾਂ ਵਿਚੋਂ ਇਕ ਸ੍ਰੀ ਲਾਲ ਚੰਦ ਸਭਰਵਾਲ ਵਰਗੇ ਪਤਵੰਤੇ ਤੇ ਉਘੇ ਵਕੀਲ ਹਨ। ਉਨ੍ਹਾਂ ਨੇ ਸਿਫਾਰਿਸ਼ ਕੀਤੀ ਜਿਸ ਅਨੁਸਾਰ 17 ਫਰਵਰੀ, 1986 ਤਕ 2150 ਮੁਕੱਦਮੇਂ ਵਾਪਿਸ ਕੀਤੇ ਗਏ। ਅਸੀਂ ਇਸ ਪਾਸੇ ਯਤਨ ਕੀਤੇ ਹਨ ਕਿ ਜਿਹੜੇ ਨੌਜਵਾਨ ਜੇਲ੍ਹਾਂ ਵਿਚੋਂ ਆਏ ਉਨ੍ਹਾਂ ਦੀ ਇੰਟਰਵਿਊ ਕੀਤੀ ਤਾਂ ਕਿ ਉਨ੍ਹਾਂ ਨੂੰ ਮੁਕਤੀ ਦਿਲਾ ਸਕੀਏ। ਦੂਜੇ ਜਿਨ੍ਹਾਂ ਨੇ ਆਪਣੀਆਂ ਬੈਰਕਾਂ ਛੱਡੀਆਂ, ਉਨ੍ਹਾਂ ਨੇ ਕੋਈ ਵਾਇਲੈਂਸ ਭਾਵ ਤਸ਼ੱਦਦ ਨਹੀਂ ਕੀਤਾ। ਦਰਬਾਰ ਸਾਹਿਬ ਤੇ ਜਿਹੜਾ ਜੂਨ, 1984 ਦੇ ਪਹਿਲੇ ਹਫਤੇ ਅਟੈਕ ਕੀਤਾ ਗਿਆ ਉਹ ਸਿੱਖ ਫੌਜੀ ਬਰਦਾਸ਼ਤ ਨਹੀਂ ਕਰ ਸਕੇ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਾੜੀਆਂ, ਦਰਬਾਰ ਸਾਹਿਬ ਢਾਹਿਆ, ਸੈਂਕੜੇ ਆਦਮੀ ਭੁੰਨ ਦਿੱਤੇ ਗਏ। ਇਸ ਕਰਕੇ ਉਨ੍ਹਾਂ ਨੇ ਬੈਰਕਾਂ ਛੱਡੀਆਂ। ਕੋਈ ਵਾਇਲੈਂਸ ਵਾਲੀ ਗਲ ਨਹੀਂ ਹੋਈ। ਪੰਜਾਬ ਸਰਕਾਰ ਵਲੋਂ ਨਿਸ਼ਚਿਤ ਕੀਤਾ ਗਿਆ ਹੈ ਕਿ ਜਿਹੜੇ ਲੋਕ ਉਸ ਲਪੇਟ ਵਿਚ ਆ ਕੇ ਮਾਰੇ ਗਏ ਉਨ੍ਹਾਂ ਨੂੰ ਮੁੜ ਵਸਾਉਣ ਦਾ ਇਕ ਵੱਡਾ ਕੰਮ ਸੀ। ਉਸ ਵੇਲੇ ਹਿੰਦ ਸਰਕਾਰ ਨੇ ਇਕ ਉਚ ਪੱਧਰੀ ਕਮੇਟੀ ਬਣਾਈ। ਸਰਦਾਰ ਗੋਪਾਲ ਸਿੰਘ ਦਰਦੀ, ਲੈਫਟੀਨੈਂਟ ਗਵਰਨਰ, ਗੋਆ ਉਸਦੇ ਮੁਖੀਆ ਬਣਾਏ ਗਏ। ਅਸੀਂ ਆਸ ਕਰਦੇ ਸੀ ਕਿ ਉਹ ਕਮੇਟੀ ਛੇਤੀ ਰਿਪੋਰਟ ਦੇਵੇਗੀ ਤਾਂ ਕਿ ਉਨ੍ਹਾਂ ਨੂੰ ਜੋ ਮੁੜ ਵਸਾਉਣ ਦਾ ਸੁਆਲ ਸੀ ਉਹ ਪੂਰਾ ਹੋ ਸਕੇ। ਉਸ ਅਕਾਰਡ ਦੀਆਂ 11 ਮੱਦਾਂ ਸਨ ਜਿਹੜਾ ਅਕਾਰਡ 24 ਜੁਲਾਈ, 1985 ਨੂੰ ਸ੍ਰੀ ਰਾਜੀਵ ਗਾਂਧੀ ਔਰ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਦੇ ਦਰਮਿਆਨ ਹੋਇਆ। ਉਨ੍ਹਾਂ 11 ਮੱਦਾਂ ਵਿਚੋਂ ਇਕ ਮੱਦ ਇਹ ਵੀ ਸੀ ਕਿ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ ]

ਜਿਹੜੇ ਫੌਜੀ ਬੈਰਕਾਂ ਛੱਡ ਕੇ ਭੱਜੇ ਸਨ ਉਨ੍ਹਾਂ ਨੂੰ ਰਿਹੈਬੀਲੀਟੇਟ ਕਰਨ ਵਾਸਤੇ ਵਿਚਾਰ ਕਰਨਾ ਹੈ। ਉਸ ਬਾਰੇ ਸਾਰਾ ਪੰਜਾਬ ਚਾਹੁੰਦਾ ਹੈ ਕਿ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਵੇ। ਇਸ ਸਾਲ ਵਿਚ ਇਨ੍ਹਾਂ ਲਈ 63 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ। ਇਸ ਸਬੰਧ ਵਿਚ ਜਿਹੜੇ ਫੌਜੀ ਮਾਰੇ ਗਏ ਉਨ੍ਹਾਂ ਦੇ ਪਰਿਵਾਰਾਂ ਲਈ ਪੰਜ ਸੌ ਰੁਪਏ ਮਾਹਵਾਰ ਪੈਨਸ਼ਨ ਦੇਣ ਦਾ ਫੈਸਲਾ ਹੋਇਆ ਹੈ ਜਿਹੜੇ ਗਰਾਂਟ ਵਗੈਰਾ ਵਜੋਂ ਦਿੱਤੇ ਜਾਣਗੇ। ਜਿਹੜੇ ਸਿਵਲ ਜੇਲ੍ਹ ਵਿਚ ਹਨ, ਜਦ ਤਕ ਉਨ੍ਹਾਂ ਨੂੰ ਛੱਡਿਆ ਨਹੀਂ ਜਾਂਦਾ, ਸਾਡੇ ਉਦਮ ਹਨ ਅਤੇ ਕੇਂਦਰ ਨਾਲ ਗਲ ਬਾਤ ਕਰੀਏ, ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਪੰਜ ਸੌ ਰੁਪਏ ਪ੍ਰਤਿ ਪਰਿਵਾਰ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ 250 ਰੁਪਏ ਜਿਹੜੇ ਜ਼ਖਮੀ ਹੋਏ ਹਨ ਬਲਿਊ ਸਟਾਰ ਆਪਰੇਸ਼ਨ ਵਿਚ ਜਾਂ ਫੌਜੀ ਕਾਰਵਾਈ ਵਿਚ ਉਨ੍ਹਾਂ ਨੂੰ ਵੀ ਗ੍ਰਾਂਟਾਂ ਦੇਣ ਦਾ ਫੈਸਲਾ ਕੀਤਾ ਹੈ। ਜਿਹੜੇ ਬਲਿਊ ਸਟਾਰ ਆਪਰੇਸ਼ਨ ਵਿਚ ਮਾਰੇ ਗਏ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਸਹਾਇਤਾ ਦਿਤੀ ਜਾਏਗੀ ਤਾਕਿ ਉਹ ਆਰਥਿਕ ਤੌਰ ਤੇ ਨਕਾਰਾ ਨਾ ਹੋ ਜਾਣ ਉਨ੍ਹਾਂ ਨੂੰ ਪੰਜ ਏਕੜ ਜ਼ਮੀਨ ਦੇਣ ਦਾ ਫੈਸਲਾ ਹੋਇਆ ਹੈ। ਇਸ ਛੋਟੇ ਜਿਹੇ ਪੰਜ ਮਹੀਨੇ ਦੇ ਅਰਸੇ ਵਿਚ ਜਿਹੜਾ ਇਨ੍ਹਾਂ ਨੇ ਆਪਣੇ ਪੰਜ ਸਾਲਾਂ ਵਿਚ ਕੀਤਾ, ਉਹ ਨਜਿੱਠਣ ਦਾ ਉਪਰਾਲਾ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪਰਿਵਾਰਾਂ ਨੂੰ ਵਸਾਉਣ ਦਾ ਸਿਲਸਿਲਾ ਜਾਰੀ ਹੈ ਜਿਨ੍ਹਾਂ ਪਰਿਵਾਰਾਂ ਤੇ ਨਵੰਬਰ, 1984 ਦੇ ਪਹਿਲੇ ਹਫਤੇ ਮਿਸਿਜ਼ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਅਤਿਆਚਾਰ ਹੋਏ। ਜੋ ਦੁਖਦਾਈ ਘਟਨਾਵਾਂ ਸਾਡੇ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਹੋਈਆਂ ਅਸੀਂ ਸੁਣਦੇ ਰਹੇ ਹਾਂ ਕਿ ਸਾਡੇ ਦੇਸ਼ ਵਿਚ ਮੁਰਦੇ ਸਾੜੇ ਜਾਂਦੇ ਰਹੇ ਹਨ ਪਰ ਇਹ ਕਦੇ ਨਹੀਂ ਸੀ ਸੁਣਿਆ ਕਿ ਮਾਸ ਬੇਸਿਜ਼ ਤੇ ਜਿਊਂਦਿਆਂ ਨੂੰ ਸਾੜ ਦਿੱਤਾ ਜਾਵੇ, ਉਨ੍ਹਾਂ ਦੇ ਗਲਿਆਂ ਵਿਚ ਟਾਇਰ ਪਾਕੇ ਸਾੜ ਦਿੱਤਾ। ਸਾਡੇ ਦੇਸ਼ ਵਿਚ ਚੰਗੇਜ਼ ਖਾਂ ਹਲਾਕੂ, ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਬਹੁਤ ਹੀ ਜ਼ੁਲਮ ਹੋਏ ਪਰ ਜੋ ਘਟਨਾਵਾਂ ਦਿੱਲੀ, ਕਾਨਪੁਰ ਅਤੇ ਬੁਕਾਰੋ ਵਿਚ ਹੋਈਆਂ ਉਹ ਬਹੁਤ ਹੀ ਦਰਦਨਾਕ ਸਨ ਅਤੇ ਦੇਸ਼ ਦੇ ਕਈ ਥਾਵਾਂ ਵਿਚ ਬੁਚੜਖਾਨੇ ਬਣੇ। ਇਹ ਅਸੈਂਬਲੀ ਦੇ ਸਦਨ ਵਿਚ ਧਰਨਾ ਮਾਰਨ ਵਾਲੇ ਕਿਥੇ ਗਏ ਸਨ, ਉਸ ਵੇਲੇ ਕਿਉਂ ਨਾ ਧਰਨਾ ਦਿੱਤਾ। ਉਸ ਦੇ ਵਿਚ ਜਿਹੜੇ ਪਰਿਵਾਰ ਉਜੜੇ, ਉਨ੍ਹਾਂ ਦੇ ਵਸੇਬੇ ਲਈ ਇਕ ਉਚ ਪੱਧਰੀ ਤੇ ਕਮੇਟੀ ਬਣਾਈ ਗਈ ਹੈ। ਦਿੱਲੀ ਵਿਚ ਕੋਈ 2900 ਮਾਵਾਂ ਭੈਣਾਂ ਹਨ ਜਿਨ੍ਹਾਂ ਦੇ ਪਤੀ ਮਾਰੇ ਗਏ ਔਰ ਉਹ ਵਿਧ-ਵਾਵਾਂ ਹੋ ਗਈਆਂ ਹਨ। ਉਨ੍ਹਾਂ ਵਿਚੋਂ ਜਿਹੜੇ ਪੰਜਾਬ ਵਿਚ ਆਏ ਉਨ੍ਹਾਂ ਲਈ 250 ਰੁਪਏ ਮਾਹਵਾਰ ਸਹਾਇਤਾ ਦੇਣ ਦਾ ਅਕਾਲੀ ਸਰਕਾਰ ਨੇ ਫੈਸਲਾ ਕੀਤਾ ਹੈ ਔਰ ਉਹ ਕਦੋਂ ਤੋਂ ਦਿੱਤਾ ਜਾਵੇਗਾ, ਉਹ ਨਵੰਬਰ, 1984 ਤੋਂ ਦਿੱਤਾ ਜਾਵੇਗਾ। ਸਾਡੇ ਜਲੰਧਰ ਵਿਚ ਵੀ ਕਈ ਵਿਧਵਾਵਾਂ ਆਈਆਂ ਹਨ ਉਨ੍ਹਾਂ ਨੂੰ ਐਲ. ਆਈ ਜੀ. ਦੇ ਮਕਾਨ ਦੇਣ ਦਾ ਫੈਸਲਾ ਕੀਤਾ ਹੈ। ਇੰਪਰੂਵਮੈਂਟ ਟਰੱਸਟ ਦੇ 5% ਮਕਾਨ ਰਾਖਵੇਂ ਰਖੇ ਜਾਣਗੇ ਅਤੇ 20% ਕੀਮਤ ਘੱਟ ਲਈ ਜਾਵੇਗੀ। 20% ਪਲਾਟ ਵੀ ਉਨ੍ਹਾਂ ਲਈ ਰਾਖਵੇਂ ਰਖੇ ਜਾ ਰਹੇ ਹਨ। ਇੰਡਸਟਰੀਅਲ ਖੇਤਰ ਵਿਚ ਵੀ ਉਨ੍ਹਾਂ ਨੂੰ ਕੁਝ ਰਾਖਵੀਂ ਪਰਸੈਂਟੇਜ ਦਿੱਤੀ ਜਾਏਗੀ। ਇਸ ਵਿਚ 50 ਲੱਖ ਰੁਪਿਆ ਰਖਿਆ ਗਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਿਸ ਵਕਤ ਬਰਨਾਲਾ ਸਾਹਿਬ ਨੇ ਪੰਜਾਬ ਦੀ ਸੱਤਾ ਸੰਭਾਲੀ ਤਾਂ ਪੰਜਾਬ ਦਾ ਜਿਹੜਾ ਬਜਟ ਸੀ ਉਸ ਦੀ ਮੰਦੀ ਹਾਲਤ ਸੀ। ਪਰ ਫਿਰ ਵੀ ਬਰਨਾਲਾ ਸਾਹਿਬ ਨੇ ਫੌਜੀਆਂ ਲਈ, ਨੌਜਵਾਨਾਂ ਲਈ ਜਿਨ੍ਹਾਂ ਨੂੰ ਜੇਲ੍ਹਾਂ ਵਿਚ ਸੁਟਿਆ ਗਿਆ ਸੀ, ਦੁਖੀ ਪਰਿਵਾਰਾਂ ਲਈ 50 ਕਰੋੜ ਰੁਪਏ ਖਰਚ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪਿਛਲੇ 5 ਮਹੀਨਿਆਂ ਵਿਚ ਵੱਧ ਚੜ੍ਹ ਕੇ ਪੰਜਾਬ ਸਰਕਾਰ ਨੇ ਰਿਲੀਫ ਦੇਣ ਦਾ ਫੈਸਲਾ ਕੀਤਾ ਉਨ੍ਹਾਂ ਸੱਜਣਾਂ ਜਾਂ ਵਿਅੱਕਤੀਆਂ ਨੂੰ ਜਿਨ੍ਹਾਂ ਤੇ ਅਤਿਆਚਾਰ ਹੋਏ ਸਨ। ਇਸ ਦਾ ਜ਼ਿਕਰ ਗਵਰਨਰ ਸਾਹਿਬ ਨੇ ਐਡਰੈਸ ਵਿਚ ਕੀਤਾ

Original with;
Punjab Vidhan Sabha
Digitized by;
Panjab Digital Library

ਹੈ ਕਿ ਇਕ ਅਗਸਤ, 1982 ਤੋਂ ਬਾਅਦ ਜਿਹੜੇ ਸੱਜਣ ਪੰਜਾਬ ਵਿਚ ਮਾਰੇ ਗਏ। ਸਾਡੇ ਵਿਰੋਧੀ ਵੀਰ ਅਕਾਲੀ ਦਲ ਅਤੇ ਸਿਖਾਂ ਨੂੰ ਫਿਰਕਾਪ੍ਰਸਤ ਦਸਦੇ ਹਨ। ਮੈਂ ਦਸਦਾ ਹਾਂ ਕਿ ਸਾਡਾ ਇਤਿਹਾਸ ਹੀ ਦੇਸ਼ ਭਗਤੀ ਤੋਂ ਸਿਵਾ ਕੁਝ ਨਹੀਂ। ਡਾਕਟਰ ਪਟਾਭੀ ਸੀਤਾ ਰਮਈਆ ਕਾਂਗਰਸ ਦੇ ਬਹੁਤ ਵੱਡੇ ਲੀਡਰ ਸਨ ਜਿਨ੍ਹਾਂ ਨੇ ਕਦੇ ਸੁਭਾਸ਼ ਚੰਦਰ ਬੋਸ ਦੇ ਮੁਕਾਬਲੇ ਵਿੱਚ ਅਤੇ ਮਹਾਤਮਾ ਗਾਂਧੀ ਦੇ ਉਮੀਦਵਾਰ ਵਜੋਂ ਜਾਂ ਮੁੱਖ ਪ੍ਰਧਾਨ ਦੀ ਇਲੈਕਸ਼ਨ ਲੜੀ ਅਤੇ ਉਹ ਹਾਰ ਗਏ ਸਨ। ਉਨ੍ਹਾਂ ਨੇ ਜਿਹੜੀ ਕਿਤਾਬ ਕਾਂਗਰਸ ਦੇ ਇਤਿਹਾਸ ਬਾਰੇ ਲਿਖੀ ਹੈ ਮੈਂ ਬੇਨਤੀ ਕਰਾਂਗਾ ਕਿ ਉਸ ਵਿਚ ਉਨ੍ਹਾਂ ਲਿਖਿਆ ਹੈ ਕਿ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ 121 ਆਦਮੀ ਫਾਂਸੀ ਤੇ ਚੜ੍ਹੇ ਸਨ ਜਿਨ੍ਹਾਂ ਵਿਚੋਂ 90 ਸਿੱਖ ਸਨ। ਇਹ ਦੇਸ਼ ਦੇ ਸੰਘਰਸ਼ ਲਈ ਫਾਂਸੀ ਚੜ੍ਹੇ ਸਨ। ਅਕਾਲੀਆਂ ਨੇ ਹਰ ਵੇਲੇ ਦੇਸ਼ ਦੇ ਸੰਘਰਸ਼ ਵਿਚ ਕੁਰਬਾਨੀਆਂ ਕੀਤੀਆਂ। ਅਸੀਂ ਆਪਣੇ ਵਿੱਤ ਤੋਂ ਬਾਹਰ ਜਾ ਕੇ ਕੁਰਬਾਨੀਆਂ ਕੀਤੀਆਂ। ਇਹ ਕੁਰਬਾਨੀਆਂ ਕਰਨ ਤੋਂ ਬਾਅਦ ਸਾਨੂੰ ਕੀ ਮਿਲਿਆ। ਸਾਡੀ ਆਜ਼ਾਦੀ ਦਬਾਈ ਗਈ। ਸਾਨੂੰ ਜ਼ਰਾਇਮ ਪੇਸ਼ਾ ਕਿਹਾ ਗਿਆ। ਅਸੀਂ ਸਦਾ ਸੰਘਰਸ਼ ਕੀਤੇ ਹਨ ਔਰ ਸਾਨੂੰ ਕੋਈ ਵੀ ਪ੍ਰਾਪਤੀ ਬਿਨਾ ਸੰਘਰਸ਼ ਤੋਂ ਨਹੀਂ ਮਿਲੀ। ਸਾਨੂੰ ਆਪਣੀ ਜਾਇਜ਼ ਮੰਗ ਲਈ ਵੀ ਸੰਘਰਸ਼ ਕਰਨਾ ਪਿਆ। ਸਾਡੀ ਪੰਜਾਬੀ ਮਾਂ ਬੋਲੀ ਨਾਲ ਵਿਤਕਰਾ ਕੀਤਾ ਗਿਆ। ਸਾਰੇ ਹਿੰਦੁਸਤਾਨ ਵਿਚ ਬਾਕੀ ਸਾਰੇ ਸੂਬੇ ਬੋਲੀ ਦੇ ਅਧਾਰ ਤੇ ਬਣਾ ਦਿੱਤੇ ਗਏ ਪਰ ਸਾਨੂੰ ਪੰਜਾਬੀ ਜ਼ਬਾਨ ਦੇ ਅਧਾਰ ਤੇ ਸੂਬਾ ਲੈਣ ਲਈ ਸੰਘਰਸ਼ ਕਰਨਾ ਪਿਆ (ਵਿਘਨ)

**ਸ੍ਰੀ ਸੇਵਾ ਰਾਮ ਅਰੋੜਾ** : ਚੇਅਰਮਨ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਇਹ ਗਲ ਕਹੀ ਹੈ ਕਿ ਸਿਖਾਂ ਨੂੰ ਜ਼ਰਾਇਮ ਪੇਸ਼ਾ ਕਿਹਾ ਗਿਆ। ਇਹ ਮਾਨਯੋਗ ਮੈਂਬਰ ਸਾਹਿਬ ਗਲਤ ਕਹਿ ਰਹੇ ਹਨ (ਵਿਘਨ)

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਚੇਅਰਮੈਨ ਸਾਹਿਬ. ਮੈਂ ਬੇਨਤੀ ਕਰਾਂਗਾ ਕਿ ਸੱਚ ਹਮੇਸ਼ਾ ਕੌੜਾ ਹੁੰਦਾ ਹੈ। ਸਚਾਈ ਕਦੇ ਮਿੱਠੀ ਨਹੀਂ ਹੁੰਦੀ। ਮੇਰੇ ਇਹ ਵੀਰ ਜਲੰਧਰ ਦੇ ਹਨ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਹ ਸਚਾਈ ਹੈ। ਮੈਂ ਬੇਨਤੀ ਕਰ ਰਿਹਾ ਸੀ ਕਿ ਜਿਹੜੇ ਅੰਦੋਲਨਾਂ ਵਿਚ ਮਾਰੇ ਗਏ ਜਾਂ ਬਲਿਊ ਸਟਾਰ ਆਪਰੇਸ਼ਨ ਵਿਚ ਮਾਰੇ ਗਏ ਉਨ੍ਹਾਂ ਨੂੰ ਜਿਹੜਾ ਦਸ ਦਸ ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਸੀ ਉਹ ਵਧਾ ਕੇ ਹੁਣ 20 ਹਜ਼ਾਰ ਰੁਪਏ ਕੀਤੇ ਜਾਣਗੇ। ਇਸ ਦੇ ਲਈ ਤਕਰੀਬਨ 2 ਕਰੋੜ 22 ਲੱਖ ਰੁਪਿਆ ਮੱਦ ਵਿਚ ਹੈ ਉਨ੍ਹਾਂ ਪਰਿਵਾਰ ਲਈ ਜਿਨ੍ਹਾਂ ਦੇ ਜੀਅ ਓਪਰੇਸ਼ਨ ਦੇ ਦੌਰਾਨ ਮਾਰੇ ਗਏ ਹਨ। ਇਸ ਤੋਂ ਇਲਾਵਾ 5 ਕਰੋੜ 1 ਲੱਖ ਰੁਪਿਆ ਜਾਇਦਾਦ ਦਾ ਮੁਆਵਜ਼ਾ ਦਿੱਤਾ ਗਿਆ ਹੈ। ਚੇਅਰਮੈਨ ਸਾਹਿਬ, ਖਾਸ ਕਰਕੇ ਓਪਰੇਸ਼ਨ ਬਲਿਊ ਸਟਾਰ ਦੇ ਵੇਲੇ ਜੋ ਤਬਾਹੀ ਹੋਈ, ਜੋ ਦੁਕਾਨਾਂ ਲੁਟੀਆਂ ਗਈਆਂ ਇਸ ਤਰ੍ਹਾਂ ਦੀ ਤਬਾਹੀ ਤੇ ਲੁਟ ਨਾਦਰ ਸ਼ਾਹ ਦੀਆਂ ਫੌਜਾਂ ਨੇ ਮਚਾਈ ਸੀ। ਉਸ ਵੇਲੇ ਕਿਵੇਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੀਆਂ ਦੁਕਾਨਾਂ ਲੁਟੀਆਂ ਗਈਆਂ। ਇਸ ਤਰ੍ਹਾਂ ਉਨ੍ਹਾਂ ਲਈ 5 ਕਰੋੜ ਇਕ ਲੱਖ ਰੁਪਿਆ ਮੁਆਵਜ਼ੇ ਦਾ ਦਿੱਤਾ ਗਿਆ।

ਹੁਣ ਮੈਂ ਵਿਕਾਸ ਦੇ ਬਾਰੇ ਦਸਦਾ ਹਾਂ। ਇਹ ਵਿਕਾਸ ਦੀ ਗਲ ਕਰਦੇ ਹਨ। ਪਿਛਲੇ 5 ਮਹੀਨਿਆਂ ਵਿਚ ਸਨਅਤ ਵਿਚ ਇਸ ਸਰਕਾਰ ਨੇ ਬੜੀ ਤਰੱਕੀ ਕੀਤੀ ਹੈ। ਕੋਈ ਵੀ ਪ੍ਰਦੇਸ਼ ਇਤਨੇ ਤਕ ਤਰੱਕੀ ਨਹੀਂ ਕਰ ਸਕਦਾ ਜਦੋਂ ਤਕ ਕਿ ਉਸ ਪ੍ਰਦੇਸ਼ ਦੀ ਸਨਅਤ ਨੂੰ ਅਗੇ ਨਹੀਂ ਵਧਾਇਆ ਜਾਂਦਾ। ਕਿਸੇ ਵੀ ਸਟੇਟ ਦੀ ਤਰੱਕੀ ਲਈ ਸਨਅਤ ਸਭ ਤੋਂ ਪਹਿਲਾਂ ਆਉਂਦੀ ਹੈ। ਇਸ ਲਈ ਸਨਅਤ ਵਾਸਤੇ ਕਾਫੀ ਯਤਨ ਕੀਤਾ ਗਿਆ ਹੈ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਜਦੋਂ ਦੀ ਸਰਕਾਰ ਬਣੀ, ਇਕ ਮਹੀਨਾ ਛੱਡ ਕੇ ਬਾਕੀ ਰੋਜ਼ ਹੀ ਕਿਸੇ ਨਾ ਕਿਸੇ ਇੰਡਸਟਰੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ ]

ਦੇ ਉਦਘਾਟਨ ਬਾਰੇ ਤੁਸੀਂ ਅਖਬਾਰਾਂ ਵਿਚ ਪੜ੍ਹਦੇ ਰਹੇ ਹੋਵੋਗੇ। ਕੋਈ ਦਿਨ ਅਜਿਹਾ ਨਹੀਂ ਜਿਸ ਦਿਨ ਅਖਬਾਰ ਵਿਚ ਨਾ ਆਇਆ ਹੋਵੇ ਕਿ ਅੱਜ ਬਰਨਾਲਾ ਸਾਹਿਬ ਜਾਂ ਵਿੱਤ ਮੰਤਰੀ ਸਾਹਿਬ ਫਲਾਣੀ ਥਾਂ ਤੇ ਫਲਾਂ ਇੰਡਸਟਰੀ ਦਾ ਉਦਘਾਟਨ ਕਰ ਰਹੇ ਹਨ। ਇਸ ਦਾ ਗਵਰਨਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਇਸ ਤਰ੍ਹਾਂ ਸਨਅਤ ਵਿਚ ਉਨਤੀ ਹੋਈ ਹੈ। ਪਰ ਇਹ ਉਨਤੀ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਨੂੰ ਪਸੰਦ ਨਹੀਂ ਆਈ। ਅਸੀਂ ਸਨਅਤ ਨੂੰ ਤਰੱਕੀ ਦੇਣ ਲਈ ਪੂਰਾ ਯਤਨ ਕਰਾਂਗੇ।

1985-86 ਵਿਚ 6510 ਨਵੇਂ ਯੂਨਿਟ ਕਾਇਮ ਕੀਤੇ ਔਰ ਅਗਲੇ 7 ਸਾਲਾਂ ਦੇ ਪਲਾਨ ਵਿਚ ਇਨ੍ਹਾਂ ਯੂਨਿਟਸ ਦੀ ਗਿਣਤੀ 1,14,900 ਹੋ ਜਾਏਗੀ। ਇਸ ਲਈ 15 ਹਜ਼ਾਰ ਨੌਜਵਾਨਾਂ ਦੇ ਇੰਟਰ-ਵਿਊ ਹੋ ਰਹੇ ਹਨ ਜਿਨ੍ਹਾਂ ਨੂੰ ਸੈਲਫ ਇਮਪਲਾਇਮੈਂਟ ਸਕੀਮ ਦੇ ਅਧੀਨ ਪੰਜਾਬ ਵਿਚ ਵਸਾਉਣ ਦਾ ਉਦਮ ਕੀਤਾ ਜਾਵੇਗਾ। ਪਿਛਲੇ 5 ਸਾਲਾਂ ਵਿਚ ਜੋ ਸਨਅਤ ਦਾ ਹਾਲ ਹੋਇਆ ਹੈ, ਚਾਹੇ ਉਸ ਵੇਲੇ ਦੀ ਦਰਬਾਰਾ ਸਿੰਘ ਦੀ ਗੌਰਮਿੰਟ ਸੀ ਜਾਂ ਕੋਈ ਹੋਰ, ਪਰ ਸਨਅਤ ਤਰੱਕੀ ਨਹੀਂ ਕਰ ਸਕੀ। ਪਿਛਲੀ ਸਰਕਾਰ ਦੇ ਵੇਲੇ ਨੌਜਵਾਨਾਂ ਨੂੰ ਬੇਕਾਰ ਕੀਤਾ ਗਿਆ। ਪਰ ਸਾਡੀ ਸਰਕਾਰ ਨੇ ਉਨ੍ਹਾਂ ਬੇਕਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵਾਸਤੇ 25-25 ਹਜ਼ਾਰ ਰੁਪਿਆ ਕਰਜ਼ਾ ਦੇਣ ਦਾ ਪਰੋਗਰਾਮ ਬਣਾਇਆ ਹੈ। ਇਹ ਗਲ ਸ਼ਾਇਦ ਸ੍ਰੀ ਸੇਵਾ ਰਾਮ ਜੀ ਨੂੰ ਪਸੰਦ ਨਹੀਂ ਆ ਰਹੀ। ਖਾਸ ਕਰਕੇ ਚੇਅਰਮੈਨ ਸਾਹਿਬ, ਇਹ ਗਲ ਵਰਨਣਯੋਗ ਹੈ ਕਿ ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ ਨੇ ਭਰਪੂਰ ਯਤਨ ਨਾਲ 80 ਕਰੋੜ ਦੀ ਕੈਪੀਟਲ ਨਾਲ ਨਵੇਂ ਪ੍ਰਾਜੈਕਟ ਲਾਏ। ਐਸੇ ਐਸੇ ਤਰੀਕੇ ਅਡਾਪਟ ਕੀਤੇ ਹਨ ਕਿ ਜਿਸ ਨਾਲ ਆਉਣ ਵਾਲੇ ਸਾਲਾਂ ਵਿਚ, ਪੰਜਾਬ ਜੋ ਆਰਥਿਕ ਤੌਰ ਤੇ ਪਛੜਿਆ ਰਿਹਾ ਹੈ, ਉਸਨੂੰ ਉਨਤੀ ਦੇ ਰਾਹ ਤੇ ਲੈ ਜਾਇਆ ਜਾ ਸਕੇ ਔਰ ਇਸ ਨੂੰ ਇਕ ਅਗਾਂਹ-ਵਧੂ ਇੰਡਸਟਰੀਅਲ ਸਟੇਟ ਬਣਾਉਣ ਦਾ ਯਤਨ ਕਰਾਂਗੇ।

ਅਗਲਾ ਮਸਲਾ ਸਿੰਚਾਈ ਦਾ ਹੈ। ਕਿਸੇ ਵੀ ਸੂਬੇ ਦੀ ਤਰੱਕੀ ਲਈ ਪਾਣੀ ਦਾ ਹੋਣਾ ਬਹੁਤ ਜ਼ਰੂਰੀ ਹੈ। ਅਸੀਂ ਪਾਣੀ ਵਾਸਤੇ ਲੜਦੇ ਰਹੇ ਹਾਂ। ਪਾਣੀ ਵਾਸਤੇ ਅਸੀਂ ਸੈਂਟਰ ਨਾਲ ਲੜੇ ਔਰ ਮੋਰਚੇ ਲਾਏ। ਪਾਣੀ ਪੰਜਾਬ ਦੀ ਜਿੰਦ ਜਾਨ ਹੈ। ਬਗੈਰ ਪਾਣੀ ਦੇ ਪੰਜਾਬ ਦੀ ਇਕੋਨਮੀ ਤਰੱਕੀ ਨਹੀਂ ਕਰ ਸਕਦੀ। ਇਸ ਕਰਕੇ ਇਹ ਹੁਣ ਫੈਸਲਾ ਕੀਤਾ ਗਿਆ ਹੈ ਕਿ ਇਰੀਗੇਸ਼ਨ ਲਈ 50 ਹਜ਼ਾਰ ਟਿਊਬਵੈਲਾਂ ਨੂੰ ਨਵੇਂ ਕੁਨੈਕਸ਼ਨ ਦਿੱਤੇ ਜਾਣੇ ਹਨ ਔਰ 10 ਹਜ਼ਾਰ ਇੰਡਸਟਰੀਅਲ ਕੁਨੈਕਸ਼ਨ ਵੀ ਦਿਤੇ ਜਾਣੇ ਹਨ। ਚੇਅਰਮੈਨ ਸਾਹਿਬ, ਇਤਨੇ ਪਿਛਲੇ 5 ਸਾਲਾਂ ਵਿਚ ਨਹੀਂ ਦਿਤੇ ਗਏ। ਸਾਡੀ ਇਹ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਨਵੇਂ ਕੁਨੈਕਸ਼ਨ ਦਿਤੇ ਜਾਣ। ਇਸ ਦੇ ਨਾਲ ਹੀ ਦੱਖਣੀ ਜ਼ਿਲ੍ਹਿਆਂ ਵਿਚ ਜਿਹੜੇ ਰਜਵਾਹੇ ਹਨ ਉਨ੍ਹਾਂ ਨੂੰ ਪੱਕਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਪੰਡਿਤ ਸਰਵਣ ਰਾਮ ਦੇ ਕੰਡੀ ਦੇ ਇਲਾਕੇ ਵਿਚ ਟਿਊਬਵੈਲ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਹ ਆਪ ਆਪਣੇ ਇਲਾਕੇ ਦਾ ਪਛੜਿਆਪਨ ਦੂਰ ਨਹੀਂ ਕਰ ਸਕੇ। ਇਹ ਕੋਸ਼ਿਸ਼ ਅਕਾਲੀ ਦਲ ਨੇ ਹੀ ਕੀਤੀ ਹੈ। ਜਦੋਂ ਵੀ ਕਦੇ ਪਛੜਾਪਨ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਉਹ ਅਕਾਲੀ ਦਲ ਨੇ ਹੀ ਕੀਤੀ ਹੈ। ਪਿਛਲੇ 30 ਸਾਲਾਂ ਤੋਂ ਪੰਜਾਬ ਆਰਥਿਕ ਤੌਰ ਤੇ ਅਤੇ ਰਾਜਨੀਤਿਕ ਪੱਧਰ ਤੇ ਜੋ ਪੰਜਾਬ ਨਾਲ ਧੱਕਾ ਹੁੰਦਾ ਰਿਹਾ ਹੈ ਜਾਂ ਹੋਰ ਪੰਜਾਬ ਨਾਲ ਜਿਹੜੇ ਧੱਕੇ ਹੋਏ ਹਨ ਉਨ੍ਹਾਂ ਦੇ ਖਿਲਾਫ ਹਮੇਸ਼ਾ ਅਕਾਲੀ ਦਲ ਹੀ ਮੋਰਚੇ ਲਾਉਂਦਾ ਰਿਹਾ ਹੈ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਨੇ ਮੋਰਚਾ ਲਾਇਆ, ਫਿਰ ਸੰਤ ਫਤਿਹ ਸਿੰਘ ਜੀ ਨੇ ਮੋਰਚਾ ਲਾਇਆ ਔਰ ਉਨ੍ਹਾਂ ਮੋਰਚਿਆਂ ਦੀ ਵਜ੍ਹਾ ਨਾਲ ਅਕਾਲੀ ਦਲ ਸਫਲ ਹੋਇਆ।

Original with;
Punjab Vidhan Sabha
Digitized by;
Panjab Digital Library

ਜਸਟਿਸ ਗੁਰਨਾਮ ਸਿੰਘ ਔਰ ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਥੇ ਮੁੱਖ ਮੰਤਰੀ ਰਹੇ। ਉਸ ਵੇਲੇ ਹੀ 5 ਕਰੋੜ ਰੁਪਏ ਨਾਲ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਬਣਾਈ ਗਈ। ਚੇਅਰਮੈਨ ਸਾਹਿਬ, ਇਨ੍ਹਾਂ ਸ਼ਡਿਊਲਡ ਕਾਸਟਾਂ ਦਾ ਨਾਂ ਲੈ ਕੇ ਇਹ ਹਮੇਸ਼ਾ ਜਿਤਦੇ ਰਹੇ ਹਨ ਪਰ ਕਿਸੇ ਨੇ ਵੀ ਇਨ੍ਹਾਂ ਨਾਲ ਹਮਦਰਦੀ ਨਹੀਂ ਕੀਤੀ। ਇਹ ਅਕਾਲੀ ਦਲ ਦੀ ਸਰਕਾਰ ਹੀ ਸੀ ਜਿਸ ਨੇ ਕਾਰਪੋਰੇਸ਼ਨ ਬਣਾਈ ਔਰ ਧਰਮਸ਼ਾਲਾਵਾਂ ਦੀ ਸਕੀਮ ਸ਼ੁਰੂ ਕੀਤੀ। ਹੁਣ ਜਿਹੜਾ ਬਜਟ 10 ਤਾਰੀਖ ਨੂੰ ਪੇਸ਼ ਹੋ ਰਿਹਾ ਹੈ ਉਸ ਵਿਚ ਵੀ ਹਰੀਜਨ ਭਰਾਵਾਂ ਲਈ ਕਾਫੀ ਰੁਪਿਆ ਰਖਣ ਦਾ ਯਤਨ ਕੀਤਾ ਜਾ ਰਿਹਾ ਹੈ। ਥੀਨ ਡੈਮ ਦੀ ਉਸਾਰੀ ਲਈ ਵੀ ਕਾਫੀ ਰਕਮ ਰਖੀ ਜਾ ਰਹੀ ਹੈ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਕੇਂਦਰ ਵਲੋਂ ਪੰਜਾਬ ਦੀ ਪੰਜ ਸਾਲਾ ਪਲੈਨ ਵਾਸਤੇ 1900 ਕਰੋੜ ਰੁਪਿਆ ਰਖਣ ਦਾ ਪ੍ਰੋਵੀਜ਼ਨ ਸੀ ਪਰ ਹੁਣ ਇਸ ਵਾਸਤੇ 3300 ਕਰੋੜ ਰੁਪਏ ਦਾ ਪਲਾਨ ਬਣ ਰਿਹਾ ਹੈ। ਇਸ ਤਰ੍ਹਾਂ ਨਾਲ ਡਿਵੈਲਪਮੈਂਟ ਵਾਸਤੇ ਵੱਧ ਤੋਂ ਵੱਧ ਰਕਮ ਰੱਖੀ ਜਾ ਰਹੀ ਹੈ। ਇਸ ਤਰ੍ਹਾਂ ਨਾਲ ਹੀ ਰੋਪੜ ਥਰਮਲ ਪਲਾਂਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਦੇ ਕੰਮ ਨੂੰ ਵੀ ਇਸੇ ਸਾਲ ਦੇ ਅੰਤ ਤਕ ਪੂਰਾ ਕੀਤੇ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਝੋਨੇ ਦੀ ਪਰਾਲੀ ਦੇ ਅਧਾਰ ਤੇ ਵੀ ਇਕ ਥਰਮਲ ਪਲਾਂਟ ਲਗਾਉਣ ਦਾ ਪ੍ਰਯਤਨ ਹੈ। ਇਹ ਸਾਰੇ ਕੰਮਾਂ ਦੀ ਪ੍ਰਸ਼ੰਸਾ ਤਾਂ ਨਹੀਂ ਕਰ ਸਕਦੇ, ਬਲਕਿ ਹੋਰ ਗਲਾਂ ਕਰਦੇ ਹਨ।

ਇਸ ਦੇ ਨਾਲ ਹੀ ਮੈਂ ਜੰਗਲਾਤ ਦੀ ਤਰੱਕੀ ਬਾਰੇ ਵੀ ਕੁਝ ਕਹਿਣਾ ਚਾਹਵਾਂਗਾ। ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਸ੍ਰੀ ਰਾਜੀਵ ਗਾਂਧੀ ਨੇ ਵੀ ਕਿਹਾ ਹੈ ਕਿ ਇਨਵਾਇਰਨਮੈਂਟ (ਵਾਯੂਮੰਡਲ) ਸਾਫ ਹੋਣਾ ਚਾਹੀਦਾ ਹੈ। ਉਸ ਲਈ ਜੰਗਲਾਤ ਔਰ ਦਰਖਤ ਵਧੇਰੇ ਲਾਉਣੇ ਚਾਹੀਦੇ ਹਨ। ਇਸ ਕਰਕੇ ਸਾਡੀ ਸਰਕਾਰ ਵਲੋਂ ਇਸ ਸਾਲ 350 ਲੱਖ ਦਰਖਤ ਲਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਪਿਛਲੇ ਦਿਨੀ ਇਕ ਗਲ ਮੈਂ ਇਹ ਵੀ ਮਹਿਸੂਸ ਕੀਤੀ ਸੀ ਕਿ ਝੋਨੇ ਦੀ ਪ੍ਰੋਕਿਓਰਮੈਂਟ ਵੇਲੇ ਪਿਛਲੇ ਸਾਲ 1985 ਵਿਚ ਬੜਾ ਵੱਡਾ ਮਸਲਾ ਖੜ੍ਹਾ ਹੋ ਗਿਆ ਸੀ। ਫੂਡ ਕਾਰਪੋਰੇਸ਼ਨ ਜਿਹੜੀ ਕਿ ਸੈਂਟਰਲ ਗੌਰਮਿੰਟ ਦੀ ਏਜੰਸੀ ਹੈ ਉਹ ਕੇਂਦਰ ਦਾ ਰਵਈਆ ਠੀਕ ਨਾ ਹੋਣ ਕਰਕੇ, ਹਮਦਰਦੀ ਭਰਪੂਰ ਨਾ ਹੋਣ ਕਰਕੇ, ਝੋਨਾ ਨਹੀਂ ਚੁਕ ਰਹੀ ਸੀ ਔਰ ਉਸ ਵੇਲੇ ਪੰਜਾਬ ਸਰਕਾਰ ਨੂੰ ਇਸ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਰਕਾਰ ਆਪ ਮੈਦਾਨ ਵਿਚ ਆਈ ਅਤੇ ਬੜੀ ਵੱਡੀ ਪੱਧਰ ਤੇ ਝੋਨੇ ਦੀ ਖਰੀਦ ਕੀਤੀ। ਹੁਣ ਅਗੋਂ ਕਣਕ ਦੀ ਫਸਲ ਆ ਰਹੀ ਹੈ। ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਹੈ ਕਿ ਫਿਰ ਉਹੀ ਮਸਲਾ ਪੈਦਾ ਨਾ ਹੋ ਜਾਵੇ। ਇਸ ਕਰਕੇ ਪੰਜਾਬ ਸਰਕਾਰ ਇਹ ਵੀ ਚਾਹੁੰਦੀ ਹੈ ਕਿ ਡਾਈਵਰਸੀਫਿਕੇਸ਼ਨ ਇਨ ਕਰਾਪਸ ਕੀਤੀ ਜਾਵੇ। ਕਰਾਪਸ ਦੇ ਵਿਚ ਵਿਭਿੰਨਤਾ ਹੋਵੇ ਤਾਂਕਿ ਕਿਸਾਨ ਨੂੰ ਕੋਈ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਸਰਕਾਰ ਨੇ ਪੰਜਾਬ ਵਿਚ ਸ਼ੂਗਰ ਮਿੱਲਾਂ ਖੋਲ੍ਹਣ ਦਾ ਵੀ ਬੜਾ ਯਤਨ ਕੀਤਾ ਹੈ। ਹੁਣੇ ਪਿਛੇ ਇਕ ਫਾਜ਼ਿਲਕਾ ਔਰ ਇਕ ਤਰਨਤਾਰਨ ਵਿਚ ਸ਼ੂਗਰ ਮਿੱਲ ਨੂੰ ਚਾਲੂ ਕਰਨ ਦਾ ਫੈਸਲਾ ਕੀਤਾ ਹੈ ਜਿਹੜੀ ਕਿ 1986 ਦੇ ਅੰਤ ਤਕ ਚਾਲੂ ਹੋ ਜਾਵੇਗੀ। ਜਲੰਧਰ ਜ਼ਿਲ੍ਹੇ ਵਿਚ ਵੀ ਇਕ ਸ਼ੂਗਰ ਮਿੱਲ ਨਕੋਦਰ ਕੋਲ ਲਾ ਰਹੇ ਹਾਂ ਜਿਸ ਦਾ ਨੀਂਹ ਪੱਥਰ ਚੀਫ ਮਨਿਸਟਰ ਸਾਹਿਬ 16 ਮਾਰਚ ਨੂੰ ਰਖ ਰਹੇ ਹਨ। ਇਸ ਤੋਂ ਇਲਾਵਾ ਭੋਗਪੁਰ ਮਿੱਲ ਦਾ ਗੰਨਾ ਪੀੜਨ ਦਾ ਰਿਕਾਰਡ ਤੋੜ ਉਤਪਾਦਨ ਹੈ। ਇਸ ਵਾਰ ਉਥੇ ਸਾਢੇ 16 ਲਖ ਟਨ ਗੰਨਾ ਪੀੜਿਆ ਗਿਆ ਹੈ। ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਇਹ ਹਿੰਦੂ ਸਿੱਖ ਨੂੰ ਲੜਾਉਣਾ, ਸਿੱਖ-ਹਰੀਜਨ ਨੂੰ ਲੜਾਉਣਾ ਇਨ੍ਹਾਂ ਲਈ ਠੀਕ ਨਹੀਂ। ਇਹ ਆਪਣੇ ਵੇਲੇ ਲੜਾਉਂਦੇ ਰਹੇ ਹਨ। ਹੁਣ ਕਿਉਂਕਿ ਇਹ ਹਿੰਦੂ-ਸਿੱਖ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਲੜਾਈ ਨਹੀਂ, ਇਸ ਕਰਕੇ ਭੋਗਪੁਰ ਮਿੱਲ ਵਿਚ ਇਸ ਨਾਲ 8% ਨਫਾ ਦਿਖਾਇਆ ਗਿਆ ਹੈ ਜਿਹੜਾ ਕਿ ਸ਼ੇਅਰ ਹੋਲਡਰਜ਼ ਨੂੰ ਦਿਤਾ ਜਾਣਾ ਹੈ। ਪਿਛਲੇ 11 ਸਾਲ ਤੋਂ ਕਿਸੇ ਨੂੰ ਇਕ ਪੈਸਾ ਵੀ ਨਹੀਂ ਸੀ ਦਿੱਤਾ ਗਿਆ। ਹਰ ਕਾਮੇ ਨੂੰ ਇਨਸਾਫ ਦੇਣ ਦਾ ਯਤਨ ਕੀਤਾ ਗਿਆ ਹੈ।

ਸਰਕਾਰ ਦੋ ਕਤਾਈ ਦੀਆਂ ਮਿੱਲਾਂ ਲਗਾ ਰਹੀ ਹੈ ਇਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦੇਵਾਂਗਾ। ਇਸ ਦੇ ਨਾਲ 50 ਹਜ਼ਾਰ ਮਕਾਨ ਬਣਾਏ ਜਾ ਰਹੇ ਹਨ ਕਿਉਂਕਿ ਜਿਸ ਹਿਸਾਬ ਨਾਲ ਦੇਸ਼ ਦੀ ਆਬਾਦੀ ਵੱਧ ਰਹੀ ਹੈ ਉਸ ਦੀ ਲੋੜ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਇਹ ਹੰਭਲਾ ਮਾਰਨਾ ਪਵੇਗਾ। ਪਿਛਲੀ ਮਰਦਮਸ਼ੁਮਾਰੀ ਦੇ ਮੁਤਾਬਿਕ ਦੇਸ਼ ਦੀ ਆਬਾਦੀ 70 ਕਰੋੜ ਹੈ ਅਤੇ ਅਗਲੇ 14-15 ਸਾਲਾਂ ਤੱਕ ਦੇਸ਼ ਦੀ ਆਬਾਦੀ ਵੱਧ ਕੇ 1 ਅਰਬ ਤੱਕ ਪਹੁੰਚ ਜਾਣੀ ਹੈ ਜਿਸ ਤਰ੍ਹਾਂ ਸਾਡੇ ਇਕਨੌਮਿਕ ਐਕਸਪਰਟਸ ਦੱਸਦੇ ਹਨ। ਪਿਛਲੀ ਅਕਾਲੀ ਸਰਕਾਰ ਦੇ ਵਕਤ ਮੈਂ 1977-80 ਵਿਚ ਜਲੰਧਰ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਰਿਹਾ ਹਾਂ। ਪਰ 1980 ਵਿਚ ਜਦੋਂ ਇਥੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਅਤੇ ਡਾਕਟਰ ਕੇਵਲ ਕ੍ਰਿਸ਼ਨ ਲੋਕਲ ਗੌਰਮਿੰਟ ਦੇ ਮਨਿਸਟਰ ਬਣੇ ਸਨ ਤਾਂ ਇਨ੍ਹਾਂ ਨੇ ਇੰਪਰੂਵਮੈਂਟ ਟਰਸਟਾਂ ਦਾ ਸਤਿਆਨਾਸ ਕਰ ਦਿੱਤਾ ਸੀ। ਮੈਂ ਜਲੰਧਰ ਵਿਚ 3 ਸਾਲਾਂ ਦੇ ਦੌਰਾਨ ਇੰਪਰੂਵਮੈਂਟ ਟਰਸਟ ਦੇ 3200 ਦੇ ਕਰੀਬ ਪਲਾਟ ਅਲਾਟ ਕਰਕੇ ਗਿਆ ਸੀ। ਪਰ ਇਨ੍ਹਾਂ ਡਾਕਟਰ ਸਾਹਿਬ ਨੇ ਆਪਣੇ ਵਕਤ ਸਿਰਫ ਸੈਂਕੜਿਆਂ ਵਿਚ ਹੀ ਪਲਾਟ ਅਲਾਟ ਕੀਤੇ ਹੋਣਗੇ। ਇਹ ਇਲਜ਼ਾਮ ਲਗਾਉਂਦੇ ਹਨ ਕਿ ਅਕਾਲੀ ਸਰਕਾਰ ਪਿੰਡਾਂ ਦੀ ਹੀ ਉਨਤੀ ਕਰਦੀ ਹੈ ਅਤੇ ਸ਼ਹਿਰਾਂ ਦੀ ਉਨਤੀ ਨਹੀਂ ਕਰਦੀ ਜਦ ਕਿ ਅਕਾਲੀ ਸਰਕਾਰ ਡਿਵੈਲਪਮੈਂਟ ਓਰੀਐਂਟਿਡ ਪਾਰਟੀ ਹੈ। ਪਿੰਡਾਂ ਦੀ ਉਨਤੀ ਦੇ ਨਾਲ ਸ਼ਹਿਰਾਂ ਦੀ ਵੀ ਉਨਤੀ ਵਲ ਧਿਆਨ ਦਿੰਦੀ ਹੈ। 1977-80 ਵਿਚ ਸਰਦਾਰ ਬਲਵੰਤ ਸਿੰਘ, ਜੋ ਉਦੋਂ ਵੀ ਫਾਈਨੈਂਸ ਮਨਿਸਟਰ ਸਨ, ਨੇ ਵਰਲਡ ਬੈਂਕ ਤੋਂ 68 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰਵਾਇਆ ਸੀ ਤਾਂਕਿ ਪੰਜਾਬ ਦੇ ਸ਼ਹਿਰਾਂ ਵਿਚ ਸੀਵਰੇਜ ਸਿਸਟਮ ਠੀਕ ਹੋ ਸਕੇ ਅਤੇ ਸੀਵਰੇਜ ਦੀਆਂ ਲਾਈਨਜ਼ ਵਿਛਾਈਆਂ ਗਈਆਂ ਹਨ। ਜਲੰਧਰ ਸ਼ਹਿਰ ਦੀ ਜੀ. ਟੀ. ਰੋਡ ਬਹੁਤ ਵੱਡੀ ਚੌੜੀ ਹੋ ਗਈ ਹੈ ਉਸ ਉਤੇ ਅਕਾਲੀ ਸਰਕਾਰ ਨੇ 50 ਲੱਖ ਰੁਪਿਆ ਖਰਚ ਕੀਤਾ ਹੈ। ਮੈਂ ਜਲੰਧਰ ਇੰਪਰੂਵਮੈਂਟ ਟਰਸਟ ਦਾ ਚੇਅਰਮੈਨ ਸੀ ਅਤੇ ਉਸ ਵਕਤ ਅਸੀਂ ਜਲੰਧਰ ਸ਼ਹਿਰ ਦੀਆਂ ਸੜਕਾਂ ਨੂੰ ਸੁੰਦਰ ਬਣਾਇਆ ਸੀ ਅਤੇ ਕਾਫੀ ਯਤਨਾਂ ਵਿਚ ਅਸੀਂ ਕਾਮਯਾਬ ਵੀ ਰਹੇ ਸੀ। ਇਨ੍ਹਾਂ ਦਾ ਇਲਜ਼ਾਮ ਗਲਤ ਹੈ ਕਿ ਅਕਾਲੀ ਪਾਰਟੀ ਪਿੰਡਾਂ ਦਾ ਹੀ ਖਿਆਲ ਰੱਖਦੀ ਹੈ। ਸਾਡੀ ਸਰਕਾਰ ਨੇ ਸੜਕਾਂ ਅਤੇ ਪੁਲਾਂ ਵਾਸਤੇ ਬਹੁਤ ਵੱਡੀ ਰਕਮ ਰੱਖੀ ਹੈ ਪਰ ਮੈਂ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਤੋਂ ਵੱਧ ਹੋਰ ਰਕਮ ਰਖਣੀ ਚਾਹੀਦੀ ਹੈ। ਪਿਛਲੀ ਸਰਕਾਰ ਨੇ 14 ਕਰੋੜ 84 ਲੱਖ ਰੁਪਿਆ ਰਖਿਆ ਸੀ ਜਿਸ ਦੇ ਵਿਚੋਂ 6 ਕਰੋੜ 32 ਲੱਖ ਰੁਪਿਆ ਤਨਖਾਹਾਂ ਵਿਚ ਚਲਾ ਗਿਆ ਅਤੇ ਬਾਕੀ ਦਾ ਪੈਸਾ ਸੜਕਾਂ ਅਤੇ ਪੁਲਾਂ ਉਤੇ ਖਰਚ ਕੀਤਾ ਗਿਆ ਸੀ। ਮੇਰੇ ਹਲਕੇ ਆਦਮਪੁਰ ਦੇ ਵਿਚ ਪਿਛਲੇ 5 ਸਾਲਾਂ ਵਿਚ ਇਕ ਕਿਲੋਮੀਟਰ ਵੀ ਸੜਕ ਨਹੀਂ ਮੁਕੰਮਲ ਬਣਾਈ ਗਈ ਸੀ ਜਦ ਕਿ ਮਾਰਕਿਟ ਕਮੇਟੀ ਦਾ ਚੇਅਰਮੈਨ ਸਾਡੇ ਇਲਾਕੇ ਦਾ ਸੀ। ਸਰਕਾਰ ਨੂੰ ਪਿੰਡਾਂ ਦੀਆਂ ਸੜਕਾਂ ਵੱਧ ਤੋਂ ਵੱਧ ਬਣਾ ਕੇ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਬੜੀ ਖਸਤਾ ਹੈ ਅਤੇ ਕਿਸਾਨਾਂ ਨੂੰ ਆਪਣੀ ਜਿਣਸ ਲਿਆਉਣ ਵਿਚ ਬੜੀ ਦਿੱਕਤ ਪੇਸ਼ ਆਉਂਦੀ ਹੈ। ਐਪਰੋਚ ਰੋਡਜ਼ ਅਤੇ ਲਿੰਕ ਰੋਡਜ਼ ਨੂੰ ਬਣਾ ਦੇਣਾ ਚਾਹੀਦਾ ਹੈ ਤਾਂਕਿ ਕਿਸਾਨਾਂ ਨੂੰ ਮੁਸ਼ਕਿਲ ਪੇਸ਼ ਨਾ ਆਵੇ। ਮੇਰੇ ਹਲਕੇ ਆਦਮਪੁਰ ਭੋਗਪੁਰ ਵਿਚ ਕੁਰਸ਼ੀਆਂ ਪੁਲ ਪਿਛਲੀਆਂ ਬਾਰਸ਼ਾਂ ਦੇ ਕਾਰਣ ਟੁਟ ਗਿਆ ਸੀ ਜਿਸ ਨੂੰ ਆਰਮੀ

Original with;
Punjab Vidhan Sabha
Digitized by;
Panjab Digital Library

ਵਾਲਿਆਂ ਨੇ ਟੈਂਪਰੇਰੀ ਤੌਰ ਤੇ ਬਣਾ ਦਿੱਤਾ ਸੀ। ਜਦੋਂ ਪਿਛੇ ਪੰਜਾਬ ਵਿਚ ਬਹੁਤ ਫਲੱਡਜ਼ ਆਏ ਸਨ ਤਾਂ ਸਰਕਾਰ ਵਲੋਂ ਕਰਾਪਸ ਉਤੇ ਕੰਪਨਸੇਸ਼ਨ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਲੋਕਾਂ ਦੇ ਟਿਊਬਵੈਲਜ਼ ਕੁਨੈਕਸ਼ਨਜ਼ ਦਾ ਨੁਕਸਾਨ ਹੋਇਆ ਸੀ ਉਸ ਦੇ ਲਈ ਵੱਖਰਾ ਕੰਪਨਸੇਸ਼ਨ ਦਿੱਤਾ ਗਿਆ ਸੀ ਅਤੇ ਮੁਰਗੀਖਾਨੇ ਦੇ ਨੁਕਸਾਨ ਲਈ ਵੱਖਰਾ ਪੈਸਾ ਦਿੱਤਾ ਗਿਆ ਸੀ। ਪਿੰਡਾਂ ਦੇ ਲੋਕ ਬਹੁਤ ਗਰੀਬ ਹਨ ਅਤੇ ਮਹਾਤਮਾ ਗਾਂਧੀ ਕਿਹਾ ਕਰਦੇ ਸਨ ਕਿ ਅਗਰ ਤੁਸੀਂ ਹਿੰਦੁਸਤਾਨ ਦੀ ਅਸਲੀ ਤਸਵੀਰ ਦੇਖਣਾ ਚਾਹੁੰਦੇ ਹੋ ਤਾਂ ਤੁਸੀਂ ਪਿੰਡਾਂ ਵਿਚ ਜਾਕੇ ਵੇਖੋ ਕਿ ਉਥੇ ਕਿੰਨੀ ਗਰੀਬੀ ਹੈ ਅਤੇ ਗਰੀਬਾਂ ਦੇ ਵਿਚ ਮੇਰਾ ਰੱਬ ਵਸਦਾ ਹੈ। ਪਰ ਤੁਸੀਂ ਕਾਂਗਰਸੀ ਭਰਾ ਏਅਰ ਕਡੀਸ਼ਨ ਘਰਾਂ ਵਿਚ ਰਹਿਣ ਵਾਲੇ ਪਿੰਡਾਂ ਵਿਚ ਕਿਸ ਤਰ੍ਹਾਂ ਰਹਿ ਸਕਦੇ ਹੋ ? ਪੰਜਾਬ ਦੀਆਂ ਪਿਛਲੀਆਂ ਇਲੈਕਸ਼ਨਾਂ ਦੇ ਵਿਚ ਮਸਲਾ ਆਇਆ ਸੀ ਕਿ ਮਾਰਕਿਟ ਕਮੇਟੀਆਂ ਕਿਸਾਨਾਂ ਤੋਂ ਇਕ ਰੁਪਿਆ ਸੈਸ ਚਾਰਜ ਕਰਦੀਆਂ ਸਨ। ਜਦੋਂ ਕਿਸਾਨ ਮੰਡੀਆਂ ਦੇ ਵਿਚ ਆਪਣੀ ਜਿਣਸ ਲੈ ਕੇ ਆਉਂਦਾ ਸੀ ਤਾਂ ਉਸ ਦੀ ਮੰਗ ਸੀ ਕਿ ਇਹ ਜਜ਼ੀਆ ਟੈਕਸ ਹਟਾਇਆ ਜਾਵੇ। ਸਾਡੀ ਸਰਕਾਰ ਇਹ ਵਧਾਈ ਦੀ ਪਾਤਰ ਹੈ ਕਿ ਇਸ ਨੇ ਇਹ ਜਜ਼ੀਆ ਕਿਸਾਨਾਂ ਤੋਂ ਹਟਾ ਦਿੱਤਾ ਹੈ। ਇਹ ਅੱਜ ਤੋਂ 500 ਸਾਲ ਪਹਿਲੇ ਹਰਿਦੁਆਰ ਤੀਰਥ ਅਸਥਾਨ ਤੇ ਜਾਣ ਲਈ ਲਗਦਾ ਸੀ ਅਤੇ ਬਾਦਸ਼ਾਹ ਅਕਬਰ ਨੇ ਹਟਾਇਆ ਸੀ ਅਤੇ ਇਸ ਦੀ ਮੰਗ ਗੁਰੂ ਮਹਾਰਾਜ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਕੀਤੀ ਸੀ। ਪੰਜਾਬ ਸਰਕਾਰ ਨੇ ਇਹ ਜਜ਼ੀਆ ਹਟਾ ਦਿੱਤਾ ਹੈ ਭਾਵੇਂ ਸਰਕਾਰ ਨੂੰ ਇਸ ਤੋਂ 26 ਕਰੋੜ ਰੁਪਿਆ ਇਕੱਠਾ ਹੁੰਦਾ ਸੀ ਅਤੇ ਇਸ ਦੇ ਨਾਲ ਅਪਰੋਚ ਰੋਡਜ਼ ਅਤੇ ਲਿੰਕ ਰੋਡਜ਼ ਬਣਦੀਆਂ ਸਨ ਜਿਹੜੀਆਂ ਫੋਕਲ ਪੁਆ-ਇੰਟਸ ਦੇ ਨਾਲ ਲਗਦੀਆਂ ਸਨ। ਸਰਕਾਰ ਨੂੰ ਪਤਾ ਸੀ ਕਿ ਇਸ ਦੇ ਨਾਲ ਸੜਕਾਂ ਉਤੇ ਮਾੜਾ ਅਸਰ ਪਵੇਗਾ ਪਰ ਲੋਕਾਂ ਦੀ ਮੰਗ ਨੂੰ ਵੇਖਦੇ ਹੋਏ ਇਹ ਜਜ਼ੀਆ ਹਟਾ ਦਿੱਤਾ ਸੀ। ਜਿਸ ਤਰ੍ਹਾਂ ਰਮਾਇਣ ਵਿਚ ਆਉਂਦਾ ਹੈ ਕਿ ਰਿਸ਼ੀ ਬਾਲਮੀਕੀ ਅਤੇ ਮਹਾਰਾਜ ਤੁਲਸੀ ਦਾਸ ਦੀ ਰਮਾਇਣ ਵਿਚ ਭਗਵਾਨ ਰਾਮ ਨੂੰ ਮਰਯਾਦਾ ਪਰਸ਼ੋਤਮ ਰਾਮ ਕਿਹਾ ਗਿਆ ਹੈ ਜਿਨ੍ਹਾਂ ਨੇ ਮਰਯਾਦਾ ਨੂੰ ਕਾਇਮ ਰਖਿਆ ਸੀ ਅਤੇ ਲੋਕਾਂ ਤੋਂ ਮਾਤਾ ਸੀਤਾ ਨੂੰ ਲਿਆਉਣ ਤੋਂ ਬਾਅਦ ਕਿਸੇ ਇਕ ਆਦਮੀ ਦੇ ਕਿੰਤੂ ਕਰਨ ਤੇ ਮਾਤਾ ਸੀਤਾ ਨੂੰ ਰਿਸ਼ੀ ਬਾਲਮੀਕ ਦੇ ਆਸ਼ਰਮ ਭੇਜ ਦਿੱਤਾ ਸੀ ਅਤੇ ਜਨਤਾ ਦੀ ਮਰ-ਯਾਦਾ ਨੂੰ ਸਵੀਕਾਰ ਕੀਤਾ ਸੀ। ਇਸੇ ਤਰ੍ਹਾਂ ਸਾਡੇ ਦੇਸ਼ ਦੇ ਹਾਕਮਾਂ ਨੂੰ ਜਨਤਾ ਦੀ ਮਰਯਾਦਾ ਅਤੇ ਜਜ਼ਬਾਤ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਭਗਵਾਨ ਰਾਮ ਦੀ ਮਰਯਾਦਾ ਤੋਂ ਸਬਕ ਲੈਣਾ ਚਾਹੀਦਾ ਹੈ। ਪਰ ਪਿਛਲੀ ਸਰਕਾਰ ਲੋਕਾਂ ਨੂੰ ਫੜ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿੰਦੀ ਸੀ ਜਿਸ ਦੇ ਲਈ ਲੋਕਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਸਾਲਾਂ ਬੱਧੀ ਮੋਰਚਾ ਲਗਾਉਣਾ ਪੈਂਦਾ ਹੈ ਜਿਸ ਦੇ ਨਾਲ ਦੇਸ਼ ਦੀ ਆਰਥਿਕਤਾ ਤੇ ਭੈੜਾ ਅਸਰ ਪੈਂਦਾ ਹੈ। ਦੇਸ਼ ਦੀ ਹੁਕਮਰਾਨ ਪਾਰਟੀ ਨੂੰ ਜਨਤਾ ਦੀ ਭਾਵਨਾ ਦੀ ਕਦਰ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਸਾਡੇ ਸਵਤੰਤਰਤਾ ਸੰਗ੍ਰਾਮ ਵਿਚ ਲੋਕਮਾਨੀਆ ਬਾਲ ਗੰਗਾਧਰ ਤਿਲਕ ਹੋਏ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਨਾਲ ਜਨਤਾ ਦੀ ਭਾਵਨਾ ਦੇ ਲਈ ਅਸੈਂਬਲੀਜ਼ ਦੇ ਵਿਚ ਬਹਿਸ ਕੀਤੀ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਖਾਤਰ ਲੜਦੇ ਰਹੇ ਸਨ। ਪਰ ਕਾਂਗਰਸ ਹੁਕਮਰਾਨ ਪਾਰਟੀ ਲੋਕਾਂ ਦੇ ਜਜ਼ਬਾਤ ਦੇ ਨਾਲ ਖੇਲਦੀ ਹੈ ਅਤੇ ਦਬਾਉਣ ਦੀ ਕੋਸ਼ਿਸ਼ ਕਰਦੀ ਹੈ ਜਿਸ ਦਾ ਮਾੜਾ ਅਸਰ ਜਨਤਾ ਉਤੇ ਪੈਂਦਾ ਹੈ। ਲੋਕਾਂ ਨੂੰ ਆਪਣੀ ਭਾਵਨਾ ਨੂੰ ਸਵੀਕਾਰ ਕਰਵਾਉਣ ਲਈ ਮੋਰਚੇ ਲਾਉਣ ਲਈ ਇਹ ਕਾਂਗਰਸ ਪਾਰਟੀ ਵਾਲੇ ਮਜ਼ਬੂਰ ਕਰਦੇ ਸਨ। ਇਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਤੇ ਝੂਠੇ ਮੁਕੱਦਮੇ ਬਣਾਏ ਅਤੇ ਉਨ੍ਹਾਂ ਨੂੰ ਝੂਠੇ ਕੇਸਿਜ਼ ਦੇ ਵਿਚ ਫਸਾ ਕੇ ਜੇਲ੍ਹਾਂ ਦੇ ਵਿਚ ਬੰਦ ਕੀਤਾ ਅਤੇ ਇਨ੍ਹਾਂ ਨੇ ਪੰਜਾਬ ਵਿਚ ਅਤਿਵਾਦ ਨੂੰ ਭਰਵਾਂ ਹੁੰਗਾਰਾ ਦਿੱਤਾ ਹੈ। ਇਹ ਅਤਿਵਾਦ, ਵੱਖਵਾਦ ਅਤੇ ਖਾਲਿਸਤਾਨ ਦਾ ਨਾਅਰਾ ਅਕਾਲੀ ਪਾਰਟੀ ਨੇ ਕਦੇ ਨਹੀਂ ਲਾਇਆ ਸੀ ਪਰ ਇਹ ਕਾਂਗਰਸ ਪਾਰਟੀ ਦੀ ਹੀ ਦੇਣ ਹੈ। ਇਨ੍ਹਾਂ ਨੇ ਹੀ ਨੌਜਵਾਨਾਂ ਵਿਚ ਪੈਦਾ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਹੋਇਆ ਹੈ। ਸਾਡੀ ਪਾਰਟੀ ਵੱਖਵਾਦ ਅਤੇ ਅਤਿਵਾਦ ਦੇ ਹਮੇਸ਼ਾ ਬਰਖਿਲਾਫ ਰਹੀ ਹੈ। ਆਨੰਦਪੁਰ ਸਾਹਿਬ ਦੇ ਮਤੇ ਉਤੇ ਡਾਕਟਰ ਕੇਵਲ ਕ੍ਰਿਸ਼ਨ ਸਾਹਿਬ ਨੇ ਬੜੀ ਨੁਕਤਾਚੀਨੀ ਕੀਤੀ ਸੀ ਅਤੇ ਉਸੇ ਮਤੇ ਨੂੰ ਪੰਜਾਬ ਸਮਝੌਤੇ ਦੇ ਰਾਹੀਂ ਪ੍ਰਧਾਨ ਮੰਤਰੀ ਜੀ ਨੇ ਸਵੀਕਾਰ ਕੀਤਾ ਹੈ ਅਤੇ ਅਕਾਲੀ ਦਲ ਦੇ ਪ੍ਰਧਾਨ ਨਾਲ ਸਹਿਮਤੀ ਪ੍ਰਗਟ ਕੀਤੀ ਸੀ। ਮੈਂ ਪੰਜਾਬ ਅਕਾਰਡ ਉਤੇ ਸੈਂਟਰ ਸਟੇਟ ਰਿਲੇਸ਼ਨਜ਼ ਬਾਰੇ ਹੋਏ ਸਮਝੌਤੇ ਬਾਰੇ ਹਾਊਸ ਵਿਚ ਡਾਕਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਤਾਕਿ ਇਨ੍ਹਾਂ ਨੂੰ ਪਤਾ ਲਗ ਜਾਵੇ ਕਿ ਆਨੰਦਪੁਰ ਸਾਹਿਬ ਦਾ ਮਤਾ ਦੇਸ਼ ਦੇ ਖਿਲਾਫ ਨਹੀਂ ਹੈ। ਸੈਂਟਰ ਸਟੇਟ ਰਿਲੇਸ਼ਨਜ਼ ਵਿਚ ਦਿੱਤਾ ਹੋਇਆ ਹੈ ਕਿ ........

Clause 8 is in regard to Central-State relations which reads as under:—

"8.1. Shiromani Akali Dal states that the Anandpur Sahib Resolution is entirely within the frame work of the Indian Constitution, that it attempts to define the concept of Centre-State relations in a manner which may bring out the true federal characteristics of our unitary constitution and that the purpose of the resolution is to provide greater autonomy to the State with a view to strengthening the unity and integrity of the country since unity in diversity forms the corner-stone of our national entity.

8.2 In view of the above, the Anandpur Sahib Resoulution in so far as it deals with Centre-State relations stands referred to the Sarkaria Commission."

ਚੇਅਰਮੈਨ ਸਾਹਿਬ, ਪਿਛਲੇ ਵੀ ਮੁੱਖ ਮੰਤਰੀ ਰਹੇ, ਜਿਨ੍ਹਾਂ ਨੇ ਪੰਜਾਬ ਵਿਚ ਤਬਾਹੀ ਲਿਆਂਦੀ ਲੋਕਾਂ ਨੂੰ ਜਾਤ, ਰੰਗ ਅਤੇ ਫਿਰਕਿਆਂ ਵਿਚ ਵੰਡ ਦਿਤਾ। ਜਿਥੇ ਹਿੰਦੂ ਅਤੇ ਸਿੱਖ ਦੀ ਆਪਸ ਵਿਚ ਰੋਟੀ ਬੇਟੀ ਦੀ ਸਾਂਝ ਸੀ ਪਰ ਉਥੇ ਪਿਛਲੇ ਸਿਆਸਤਦਾਨਾਂ ਨੇ ਆਪਣੇ ਮਨੋਰਥ ਨੂੰ ਮੁੱਖ ਰਖਕੇ ਪੰਜਾਬ ਦਾ ਸਤਿਆਨਾਸ ਕਰ ਦਿਤਾ। ਪੰਜਾਬ ਨੂੰ ਆਰਥਿਕ ਤੌਰ ਤੇ ਤਬਾਹ ਕਰ ਦਿਤਾ। ਵਖਵਾਦ ਨੂੰ ਜਨਮ ਦਿਤਾ। ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਜੇਕਰ ਅਨੰਦਪੁਰ ਸਾਹਿਬ ਦੇ ਮਤੇ ਨੂੰ ਵਖਵਾਦ ਸਮਝਦੇ ਤਾਂ ਕਦੇ ਵੀ ਕਮਿਸ਼ਨ ਨੂੰ ਰੈਫਰ ਨਾ ਕਰਦੇ। ਸ੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਅਕਾਰਡ ਵੀ ਇਸੇ ਕਰਕੇ ਹੋਇਆ ਸੀ। In fact, the basic right of the people were acknowledged। ਪੰਜਾਬ ਦੀ ਅਕਾਲੀ ਪਾਰਟੀ ਨੇ ਪੰਜਾਬ ਦੀਆਂ ਮੰਗਾਂ ਮਨਾਉਣ ਲਈ ਸੰਘਰਸ਼ ਕੀਤਾ, ਮੋਰਚੇ ਲਾਏ ਤਾਂ ਜਾਕੇ ਆਖਿਰ ਵਿਚ ਅਕਾਰਡ ਹੋਇਆ। ਸੈਂਟਰਲ ਗੌਰਮਿੰਟ ਦੀ ਰਿਸਪਾਂਸੀਬਿਲਟੀ ਹੈ ਕਿ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਸਮਝਦੀ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਹਾਊਸ ਨੂੰ ਦੱਸਾਂਗਾ ਕਿ ਜਿਹੜਾ ਅਕਾਰਡ ਹੋਇਆ ਹੈ, ਉਹ ਇਸ ਗੱਲ ਦਾ ਪ੍ਰਮਾਣ ਹੈ ਕਿ ਅਕਾਲੀਆਂ ਦਾ ਸੰਘਰਸ਼ ਜਾਇਜ਼ ਸੀ ਅਤੇ ਉਹ ਬਿਲਕੁਲ ਸਹੀ ਸੀ। ਇਸੇ ਕਰਕੇ ਹੀ ਸੈਂਟਰ ਦੀ ਸਰਕਾਰ ਨੇ ਅਕਾਲੀਆਂ ਨਾਲ ਸਮਝੌਤਾ ਕੀਤਾ। ਚੇਅਰਮੈਨ ਸਾਹਿਬ, ਪਿਛਲੇ ਤਿੰਨ, ਸਾਢੇ ਤਿੰਨ ਸਾਲ ਜਦੋ ਜਹਿਦ ਚਲਦੀ ਰਹੀ ਆਖਿਰ ਵਿਚ ਜਾਕੇ ਉਨ੍ਹਾਂ ਨੇ ਐਕਨਾਲਿਜ ਕੀਤਾ। ਸ੍ਰੀ ਰਾਜੀਵ ਗਾਂਧੀ ਪ੍ਰਾਈਮ ਮਨਿਸਟਰ ਜੀ ਨੇ ਆਸਾਮ ਦਾ ਅਕਾਰਡ ਕੀਤਾ ਅਤੇ ਪੰਜਾਬ ਦਾ ਅਕਾਰਡ ਕੀਤਾ। ਦੇਸ਼ ਦੇ ਬਾਹਰਲੇ ਮੁਲਕਾਂ ਵਿਚ ਭੁਟਾਨ, ਚੀਨ, ਲੰਕਾ ਅਤੇ ਹੋਰ ਦੇਸ਼ਾਂ ਨਾਲ ਮਿਲਣ ਦੇ ਯਤਨ ਕੀਤੇ। ਯੂ. ਐਨ. ਓ. ਦੇ ਚਾਰਟਰ ਵਿਚ ਤੁਸੀਂ ਆਪ, ਚੇਅਰਮੈਨ ਸਾਹਿਬ ਜਾਣਦੇ ਹੋ। ਚੇਅਰਮੈਨ ਸਾਹਿਬ, 1945 ਵਿਚ ਦੂਸਰਾ ਜੰਗ ਖਤਮ ਹੋਣ ਤੋਂ ਕੁਝ ਦੇਰ ਪਹਿਲਾਂ ਅਮਰੀਕਾ, ਇੰਗਲੈਂਡ, ਚਾਇਨਾ, ਫਰਾਂਸ, ਰੂਸ ਅਤੇ ਹੋਰ ਦੇਸ਼ਾਂ ਨੇ ਇਤਿਹਾਦੀ ਸਭਾ ਦਾ ਮੁੱਖਬੰਦ

Original with;
Punjab Vidhan Sabha
Digitized by;
Panjab Digital Library

ਲਿਖਿਆ ਅਤੇ ਮੁੱਖ ਬੰਦ ਵਿਚ ਇਹ ਗੱਲ ਲਿਖੀ ਗਈ। ਜੰਗ ਦਾ ਵਿਚਾਰ ਮਨੁੱਖ ਦੇ ਮਨ ਵਿਚ ਪੈਦਾ ਹੁੰਦਾ ਹੈ ਮਨੁੱਖ ਦੇ ਮਨ ਵਿਚੋਂ ਇਹ ਗੱਲ ਕੱਢਣੀ ਪਵੇਗੀ। ਮਨੁੱਖ ਦੇ ਮਨ ਵਿਚ ਅਮਨ ਹੋਵੇ। ਜਰਮਨੀ ਦੇ ਬਾਦਸ਼ਾਹ ਵਿਲੀਅਮ ਕੇਸਰ ਨੇ ਇਕ ਵਾਰ ਕਿਹਾ ਸੀ ਕਿ ਯੌਰਪ ਦੀਆਂ ਫੌਜਾਂ ਦਾ ਬੈਲੈਂਸ ਆਫ ਪਾਵਰ ਕਿਸੇ ਹੋਰ ਤੇ ਡਿਪੈਂਡ ਨਹੀਂ ਕਰਦਾ ਬਲਿਕ ਮੇਰੀਆਂ ਦੋ ਮੁੱਛਾਂ ਤੇ ਕਰਦਾ ਹੈ। ਉਨ੍ਹਾਂ ਨੂੰ ਆਪਣੀਆਂ ਫੌਜਾਂ ਤੇ ਤਾਕਤ ਤੇ ਗਰਵ ਸੀ। ਇਸ ਕਰਕੇ ਜੰਗ ਸ਼ੁਰੂ ਹੋ ਗਿਆ ਅਤੇ ਇਹ ਜੰਗ ਚਾਰ ਸਾਲ ਚਲਦਾ ਰਿਹਾ। ਇਹ ਜੰਗ 1918 ਵਿਚ ਖਤਮ ਹੋਇਆ। ਚੇਅਰਮੈਨ ਸਾਹਿਬ, ਇਸ ਜੰਗ ਦਾ ਸਮਝੌਤਾ 1919 ਵਿਚ ਹੋਇਆ। ਸੰਸਾਰਕ ਅਮਨ ਲਈ ਲੀਗ ਆਫ ਨੇਸ਼ਨਜ਼ ਬਣੀ ਫਿਰ 1936 ਵਿਚ ਇਟਲੀ ਦੇ ਮਸੋਲੀਨੀ ਨੇ ਐਬਨੀਸ਼ੀਆ ਤੇ ਹਮਲਾ ਕੀਤਾ ਅਤੇ ਉਸ ਤੋਂ ਬਾਅਦ ਲੀਗ ਟੁਟ ਗਈ। 1945 ਵਿਚ ਇਤਿਹਾਦੀ ਸਭਾ ਬਣੀ। ਚੇਅਰਮੈਨ ਸਾਹਿਬ, ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਅਤੇ ਹੋਰ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਜਦੋਜਹਿਦ ਵਿਚ ਬਹੁਤ ਹਿੱਸਾ ਪਾਇਆ ਅਤੇ ਕੁਰਬਾਨੀਆਂ ਕੀਤੀਆਂ ਸਨ ਵੀ ਜਨਵਾਦ ਦੇ ਮੁਦੱਈ ਸਨ, ਚੇਅਰਮੈਨ ਸਾਹਿਬ, ਬੇਸਿਕ ਯੂਨਿਟੀ ਚਾਹੀਦੀ ਹੈ। ਇਹ ਚੀਜ਼ ਤਾਂ ਔਰੰਗਜ਼ੇਬ ਨਹੀਂ ਕਰ ਸਕਿਆ। ਪਰਮਾਤਮਾ ਨੇ ਵੀ ਵਖ ਵਖ ਤਰ੍ਹਾਂ ਦੇ ਬੰਦੇ ਬਣਾਏ ਹਨ ਅਤੇ ਉਨ੍ਹਾਂ ਦਾ ਰੂਪ, ਰੰਗ ਵੀ ਵੱਖਰਾ ਵੱਖਰਾ ਹੈ। ਸਾਡੀ ਤਾਂ ਛੋਟੀ ਜਿਹੀ ਪਾਰਟੀ ਹੈ। ਫਿਰ ਵੀ ਇਹ ਪਾਰਟੀ ਸਾਰੇ ਭਾਰਤ ਵਿਚ ਹੈ। ਜੋ ਕੇਂਦਰ ਦੇ ਹੁਕਮਰਾਨ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਵਧੇਰੇ ਧਿਆਨ ਦੇਣ ਤਾਂਕਿ ਦੇਸ਼ ਵਿਚ ਏਕਤਾ ਲਿਆਂਦੀ ਜਾ ਸਕੇ।

ਚੇਅਰਮੈਨ ਸਾਹਿਬ, ਹਰੀਜਨ ਭਲਾਈ ਲਈ ਮੇਰੀ ਸਰਕਾਰ ਨੇ ਕਾਫੀ ਕੰਮ ਕੀਤਾ ਹੈ। ਪਿੰਡਾਂ ਵਿਚ ਧਰਮਸ਼ਾਲਾ ਦੀ ਸਕੀਮ ਚਾਲੂ ਕੀਤੀ ਹੈ। ਇਹ ਸਕੀਮ ਅਸੀਂ ਪਹਿਲਾਂ ਚਾਲੂ ਕਰਕੇ ਗਏ ਸੀ ਪਰ ਕਾਂਗਰਸ ਸਰਕਾਰ ਨੇ ਬਾਅਦ ਵਿਚ ਬੰਦ ਕਰ ਦਿਤੀ ਸੀ, ਉਹ ਅਸੀਂ ਮੁੜ ਚਾਲੂ ਕੀਤੀ ਹੈ। ਹੋਰ ਡਿਵੈਲਪਮੈਂਟ ਦੇ ਪ੍ਰਾਜੈਕਟ ਜਿਹੜੇ ਪਿਛਲੀ ਬਾਦਲ ਸਾਹਿਬ ਦੀ ਸਰਕਾਰ ਨੇ ਆਰੰਭ ਕੀਤੇ ਸਨ, ਫੋਕਲ ਪੁਆਇੰਟ ਬਾਰੇ, ਚੇਅਰਮੈਨ ਸਾਹਿਬ, ਸਾਰਿਆਂ ਨੂੰ ਪਤਾ ਹੈ, ਤੁਸੀਂ ਵੀ ਵਕੀਲ ਰਹੇ ਹੋ। ਇਹ ਫੋਕਲ ਪੁਆਇੰਟ ਦੀ ਸਕੀਮ ਅਕਾਲੀ ਸਰਕਾਰ ਨੇ ਆਰੰਭ ਕੀਤੀ ਸੀ ਕਿ ਪਿੰਡਾਂ ਵਿਚ ਫੋਕਲ ਪੁਆਇੰਟ ਬਣਾਏ ਜਾਣ। ਮੇਰੇ ਹਲਕੇ ਵਿਚ ਵੀ ਦੋ ਫੋਕਲ ਪੁਆਇੰਟਸ ਐਸੇ ਸਨ ਜਿਹੜੇ ਕਿ 90% ਕੰਪਲੀਟ ਹੋ ਗਏ ਸਨ ਪਰ ਇਨ੍ਹਾਂ ਫੋਕਲ ਪੁਆਇੰਟਾਂ ਨੂੰ ਕੰਪਲੀਟ ਨਹੀਂ ਕੀਤਾ ਗਿਆ ਅਤੇ ਬਾਅਦ ਵਿਚ ਵੀ ਇਹ ਅਕਾਲੀ ਸਰਕਾਰ ਨੇ ਸਕੀਮ ਸ਼ੁਰੂ ਕੀਤੀ ਸੀ। ਇਸ ਦਾ ਕ੍ਰੈਡਿਟ ਅਕਾਲੀ ਸਰਕਾਰ ਨੂੰ ਜਾਣਾ ਸੀ। ਹੁਣ ਅਸੀਂ ਫਿਰ, ਚੇਅਰਮੈਨ ਸਾਹਿਬ, ਫੈਸਲਾ ਕੀਤਾ ਕਿ ਮੁੜ ਫੋਕਲ ਪੁਆਇੰਟ ਦੀ ਸਕੀਮ ਲਾਗੂ ਕਰਾਂਗੇ। (ਥੰਪਿੰਗ)

ਚੇਅਰਮੈਨ ਸਾਹਿਬ, 1977 ਤੋਂ 1980 ਤਕ ਦੇ ਦੌਰਾਨ ਅਕਾਲੀ ਸਰਕਾਰ ਨੇ ਆਦਰਸ਼ ਸਕੂਲ ਸ਼ੁਰੂ ਕੀਤੇ। ਆਦਰਸ਼ ਸਕੂਲ ਬਣਾਏ ਗਏ ਸਨ ਤਾਂਕਿ ਪਿੰਡਾਂ ਦੇ ਬੱਚੇ ਵੀ ਚੰਗੀ ਵਿਦਿਆ ਹਾਸਲ ਕਰ ਸਕਣ, ਪਿੰਡਾਂ ਦੇ ਗਰੀਬ ਕਿਸਾਨਾਂ ਦੇ ਬੱਚਿਆਂ ਨੂੰ ਵੀ ਅਤੇ ਪਿੰਡਾਂ ਦੇ ਹਰੀਜਨ ਬੱਚਿਆਂ ਨੂੰ ਵੀ ਇਕੋ ਜਿਹੀ ਵਿਦਿਆ ਮਿਲ ਸਕੇ ਪਰ ਕਾਂਗਰਸ ਸਰਕਾਰ ਨੇ ਉਹ ਸਕੂਲ ਬੰਦ ਕਰ ਦਿਤੇ। ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਇਹ ਫਿਰ ਫੈਸਲਾ ਕੀਤਾ ਹੈ ਕਿ ਉਹ ਸਕੂਲ ਮੁੜ ਕੇ ਫਿਰ ਖੋਲ੍ਹੇ ਜਾਣ। ਪੰਜਾਬ ਵਿਚ 10+2 ਸਿੱਖਿਆ ਪ੍ਰਣਾਲੀ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਅਸੀਂ ਵਿਦਿਆ ਦੇ ਖੇਤਰ ਵਿਚ ਕਾਫੀ ਉੱਨਤੀ ਕਰ ਸਕਾਂਗੇ। ਚੇਅਰਮੈਨ ਸਾਹਿਬ, ਇਕ ਗੱਲ ਦਾ ਜਿਕਰ ਐਡਰੈਸ ਵਿਚ ਨਹੀਂ ਆਇਆ ਹੈ ਕਿ ਜਲੰਧਰ ਡਿਸਟ੍ਰਿਕਟ ਵਿਚ ਇਕ ਰਿਜਨਲ ਇੰਜੀਨੀਅਰਿੰਗ ਕਾਲਜ ਖੋਲ੍ਹ ਰਹੇ ਹਾਂ। ਉਸ ਲਈ ਅਸੀਂ ਡੇਢ ਕਰੋੜ ਰੁਪਿਆ ਦੇ ਰਹੇ ਹਾਂ ਜਿਹੜਾ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਕਰਤਾਰਪੁਰ ਸ੍ਰੀ ਜਗਜੀਤ ਸਿੰਘ ਦੇ ਹਲਕੇ ਵਿਚ ਪੈਂਦਾ ਹੈ, ਉਸ ਨੂੰ ਅਸੀਂ ਤੁਹਾਡੀ (ਕਾਂਗਰਸ ਵੱਲ ਇਸ਼ਾਰਾ ਕਰਕੇ) ਤਰ੍ਹਾਂ ਬੰਦ ਨਹੀਂ ਕਰਨਾ। ਅਸੀਂ ਹਕੀਕਤ ਵਿਚ ਸਹੀ ਕੰਮ ਕਰਨਾ ਹੈ ਕਿਉਂਕਿ ਦੁਆਬੇ ਵਿਚ ਇਸ ਤਰ੍ਹਾਂ ਦਾ ਇੰਸਟੀਚਿਊਸ਼ਨ ਕੋਈ ਹੋਰ ਨਹੀਂ ਹੈ। ਮੈਡੀਕਲ ਕਾਲਜ, ਰਿਜਨਲ ਇੰਜੀਨੀਅਰਿੰਗ ਕਾਲਜ ਸ੍ਰੀ ਨਗਰ ਅਤੇ ਕੁਰੁਕਸ਼ੇਤਰ ਵਿਚ ਪਹਿਲਾਂ ਹਨ। ਚੇਅਰਮੈਨ ਸਾਹਿਬ, ਡਿਸਟ੍ਰਿਕਟ ਜਲੰਧਰ ਵਿਚ ਇਹ ਉਪਰਾਲਾ ਹੋ ਰਿਹਾ ਹੈ। ਮੈਂ ਇਸ ਗੱਲ ਦੀ ਪੰਜਾਬ ਸਰਕਾਰ ਨੂੰ ਵਧਾਈ ਦੇਵਾਂਗਾ। ਚੇਅਰਮੈਨ ਸਾਹਿਬ, ਜਿਸ ਵੇਲੇ ਪੰਜਾਬ ਦੇ ਹਿਤ ਵਾਸਤੇ ਪੰਜਾਬੀ ਸੂਬੇ ਲਈ, ਪੰਜਾਬੀ ਭਾਸ਼ਾ ਲਈ ਅਤੇ ਪੰਜਾਬ ਦੀਆਂ ਹੋਰ ਮੰਗਾਂ ਲਈ ਅਕਾਲੀ ਲੜ ਰਹੇ ਸਨ, ਉਸ ਵੇਲੇ, ਮੈਂ ਕਾਂਗਰਸੀਆਂ ਨੂੰ ਪੁਛਦਾ ਹਾਂ, ਕਿ ਤੁਸੀਂ ਕਿਥੇ ਸੀ। ਆਪੋਜ਼ੀਸ਼ਨ ਪਾਰਟੀ ਨੇ ਕੱਲ੍ਹ ਧਰਨਾ ਹਾਊਸ ਵਿਚ ਦਿਤਾ, ਉਸ ਵੇਲੇ ਕਿਥੇ ਬੈਠੇ ਸੀ। ਉਸ ਵੇਲੇ ਤੁਹਾਨੂੰ ਮਾਂ ਬੋਲੀ ਲਈ ਕੁਰਬਾਨੀ ਕਰਨੀ ਚਾਹੀਦੀ ਸੀ ਪਰ, ਚੇਅਰਮੈਨ ਸਾਹਿਬ, ਮੈਨੂੰ ਖੁਸ਼ੀ ਹੈ ਕਿ ਬੀਬੀ ਜੀ ਆਪ ਥੱਲੇ ਹਾਊਸ ਵਿਚ ਨਹੀਂ ਬੈਠੇ ਬਲਕਿ ਸਾਰੇ ਬਾਕੀ ਕਾਂਗਰਸੀ ਭਰਾਵਾਂ ਨੂੰ ਬਿਠਾਇਆ ਹੈ। (ਹਾਸਾ)

ਬੀਬੀ ਜੀ, ਤੁਸੀਂ ਸਮਝਦਾਰ ਹੋ। ਇਹ ਜਿਹੜੀ ਫਿਰਕਾਪ੍ਰਸਤ ਜੁੰਡਲੀ ਏਥੇ ਤੁਹਾਡੇ ਨਾਲ ਬੈਠੀ ਹੈ, ਤੁਸੀਂ ਇਨ੍ਹਾਂ ਸਾਰਿਆਂ ਨਾਲੋਂ ਸਮਝਦਾਰ ਹੋ। ਇਨ੍ਹਾਂ ਨੇ ਤਾਂ ਪੰਜਾਬ ਦਾ ਸਤਿਆ-ਨਾਸ ਕਰ ਦਿਤਾ ਅਤੇ ਇਹ ਹੁਣ ਵੀ ਇਸੀ ਗੱਲ ਲਈ ਤੁਲੇ ਹੋਏ ਹਨ। ਤੁਹਾਨੂੰ ਇਨ੍ਹਾਂ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ। ਇਹ ਜਿਹੜੇ ਫਿਰਕਾਪ੍ਰਸਤ ਸੱਜਣ ਇਥੇ ਬੈਠੇ ਹਨ ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਭਲੇ ਨੂੰ ਆਪਣੇ ਸਨਮੁੱਖ ਨਹੀਂ ਰੱਖਿਆ। ਇਹ ਕਦੇ ਇਥੇ ਹੁੰਦੇ ਹਨ ਅਤੇ ਕਦੇ ਦਿੱਲੀ ਹੁੰਦੇ ਹਨ। ਇਹ ਪੰਜਾਬ ਦੇ ਦੋਖੀ ਹਨ ਕਿਉਂਕਿ ਇਨ੍ਹਾਂ ਨੇ ਉਸ ਵੇਲੇ ਤਾਂ ਧਰਨਾ ਦਿੱਤਾ ਨਹੀਂ ਜਦੋਂ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਨੂੰ ਨਾ ਦਿਤਾ ਗਿਆ। ਤੁਸੀਂ ਕੱਲ੍ਹ ਤੱਪੜਾਂ ਤੇ ਤਾਂ ਬੈਠ ਗਏ ਪਰ ਤੁਹਾਨੂੰ ਉਸ ਵੇਲੇ ਕਿਉਂ ਦੁੱਖ ਨਾ ਹੋਇਆ। ਏਥੇ ਮੈਮੋਰੰਡਮ ਵਿਚ ਦਿੱਤਾ ਗਿਆ ਹੈ ਕਿ ਚੰਡੀਗੜ੍ਹ 26 ਜਨਵਰੀ, 1986 ਨੂੰ ਪੰਜਾਬ ਨੂੰ ਦਿੱਤਾ ਜਾਵੇਗਾ। ਪਰ ਇਸ ਨੂੰ ਇੰਪਲੀਮੈਂਟ ਕਿਸਨੇ ਕਰਨਾ ਸੀ। ਇਸ ਮੈਮੋਰੰਡਮ ਦੇ ਪੰਨਾ 7 ਪੈਰਾ 3 ਵਿਚ ਦਿਤਾ ਗਿਆ ਹੈ ਕਿ 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਣਾ ਸੀ। ਇਸ ਦਾ ਫੈਸਲਾ ਮੈਥਿਊ ਕਮਿਸ਼ਨ ਨੇ ਕਰਨਾ ਸੀ ਜਿਹੜੇ ਕਿ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਸਨ ਅਤੇ ਅਸੀਂ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਹਾਂ, ਅਸੀਂ ਉਨ੍ਹਾਂ ਅਗੇ ਆਪਣਾ ਕੇਸ ਪੇਸ਼ ਕੀਤਾ। ਅਸੀਂ ਅਬੋਹਰ ਫਾਜ਼ਿਲਕਾ ਬਾਰੇ ਵੀ ਜਿਸਦੇ ਲਈ ਪਿਛਲੇ 20 ਸਾਲਾਂ ਤੋਂ ਸੰਘਰਸ਼ ਚਲ ਰਿਹਾ ਸੀ, ਜਿਸਤੇ ਕਿ ਹਰਿਆਣੇ ਵਾਲੇ ਵੀ ਆਪਣਾ ਕਲੇਮ ਰਖਦੇ ਸਨ, ਉਸਦਾ ਕੇਸ ਵੀ ਪੇਸ਼ ਕੀਤਾ। ਅਸੀਂ ਇਹ ਕੇਸ ਬੜੀ ਦਲੇਰੀ ਨਾਲ ਦ੍ਰਿੜ੍ਹਤਾ ਨਾਲ ਅਤੇ ਸਿਆਣਪ ਨਾਲ ਪੇਸ਼ ਕੀਤਾ ਕਿ ਕਮਿਸ਼ਨ ਨੂੰ ਵੀ ਮਜਬੂਰ ਹੋ ਕੇ ਕਹਿਣਾ ਪਿਆ ਕਿ ਹਿੰਦੀ ਬੋਲਦੇ ਇਲਾਕੇ ਹੋਣ ਦੇ ਬਾਵਜੂਦ ਵੀ ਅਬੋਹਰ ਫਾਜ਼ਿਲਕਾ ਦੇ 83 ਪਿੰਡਾਂ ਤੇ ਹਰਿਆਣੇ ਦਾ ਅਧਿਕਾਰ ਨਹੀਂ। ਸਾਨੂੰ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਨੇਤਾ ਗਿਆਨੀ ਕਰਤਾਰ ਸਿੰਘ ਦੀ ਸਿਆਣਪ ਚੇਤੇ ਆਈ ਅਤੇ ਉਸ ਵੇਲੇ ਮਹਾਰਾਜਾ ਪਟਿਆਲਾ, ਕੈਪਟਨ ਅਮਰਿੰਦਰ ਸਿੰਘ ਵੀ ਚੇਤੇ ਆਏ ਜਿਨ੍ਹਾਂ ਨੇ ਪਿੰਡ ਕੰਡੂ ਖੇੜਾ ਵਿੱਚ ਧਰਨਾ ਦਿੱਤਾ ਸੀ। ਉਸ ਵੇਲੇ ਤੁਸੀ ਕਿਥੇ ਸੀ, ਤੁਸੀਂ ਧਰਨਾ ਕਿਉਂ ਨਾ ਦਿਤਾ।

**ਸ੍ਰੀ ਰਾਮ ਪ੍ਰਕਾਸ਼ ਬਾਲੀ :** ਚੇਅਰਮੈਨ ਸਾਹਿਬ, ਸਰਦਾਰ ਸਾਹਿਬ ਇਹ ਕਹਿ ਰਹੇ ਹਨ ਕਿ ਕਾਂਗਰਸ ਵਾਲੇ ਉਸ ਵੇਲੇ ਕਿਥੇ ਸਨ ਪਰ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ

Original with;
Punjab Vidhan Sabha
Digitized by;
Panjab Digital Library

ਰੀ-ਆਰਗੇਨਾਈਜ਼ੇਸ਼ਨ ਐਕਟ ਬਣਿਆ ਅਤੇ ਪੰਜਾਬ ਨੂੰ ਛੋਟਾ ਕੀਤਾ ਗਿਆ, ਉਸ ਵਿਚ ਕਿਹੜੀ ਪਾਰਟੀ ਦਾ ਹੱਥ ਹੈ। ਕਾਂਗਰਸ ਨੇ ਇਹ ਕਦੇ ਵੀ ਨਹੀਂ ਮੰਨਿਆ ਕਿ ਪੰਜਾਬ ਨੂੰ ਛੋਟਾ ਕੀਤਾ ਜਾਵੇ। ਦੂਜਾ ਜਦੋਂ ਪੰਜਾਬ ਦੀ ਵੰਡ ਦੇ ਮੈਮੋਰੰਡਮ ਪੇਸ਼ ਹੋ ਰਹੇ ਸਨ, ਸ਼ਾਹ ਕਮਿਸ਼ਨ ਬੈਠਾ ਸੀ ਤਾਂ ਇਹ ਫਾਰੇਨ ਕੰਟਰੀਆਂ ਵਿਚ ਸੈਰ ਕਰ ਰਹੇ ਸਨ ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਵੈਸੇ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸੂਬੇ ਬਾਰੇ ਮੇਰੇ ਵੀਰਾਂ ਨੇ ਸਰਦਾਰ ਅਜੀਤ ਸਿੰਘ ਸਰਹੱਦੀ ਦੀ ਲਿਖੀ ਕਿਤਾਬ 'ਫਾਰਮੇਸ਼ਨ ਆਫ਼ ਪੰਜਾਬੀ ਸੂਬਾ' ਨਹੀਂ ਪੜ੍ਹੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਫੁੱਲ ਜਿਹੜੇ ਕਿ ਦਿੱਲੀ ਵਿੱਚ ਗੁਰੂ ਤੇਗ ਬਹਾਦਰ ਕਾਲਜ ਵਿੱਚ ਪਾਲਿਟੀਕਲ ਸਾਇੰਸ ਡਿਪਾਰਟਮੈਂਟ ਵਿੱਚ ਮੁਖੀ ਹਨ, ਦੁਆਰਾ ਲਿਖੀ ਕਿਤਾਬ ਪੰਜਾਬੀ ਸੂਬਾ ਬਾਰੇ ਅਤੇ ਇਕ ਹੋਰ ਪੁਸਤਕ 'ਮਾਇਨਾਰਿਟੀ ਪਾਲਿਟਿਕਸ ਇਨ ਪੰਜਾਬ' ਵੀ ਨਹੀਂ ਪੜ੍ਹੀ। ਉਸ ਵਿਚ ਦੱਸਿਆ ਗਿਆ ਹੈ ਕਿ ਅਕਾਲੀ ਦਲ ਨੇ ਜਦੋਂ ਕੇਸ ਪੇਸ਼ ਕੀਤਾ, ਨਕਸ਼ਾ ਪੇਸ਼ ਕੀਤਾ ਤਾਂ ਉਸ ਪੰਜਾਬ ਦਾ ਜ਼ਿਕਰ ਕੀਤਾ ਜਿਸਦਾ ਸੰਕਲਪ ਉਸ ਵੇਲੇ ਅਕਾਲੀ ਦਲ ਸਾਹਮਣੇ ਸੀ ਉਸ ਵਿੱਚ ਕਾਂਗੜਾ, ਕਰਨਾਲ, ਸਰਸਾ ਅਤੇ ਗੂਹਲਾ ਵੀ ਸ਼ਾਮਿਲ ਸਨ। ਇਹ ਸਭ ਕੁਝ ਪੰਜਾਬ ਨੂੰ ਕੇਂਦਰ ਸਰਕਾਰ ਨੇ ਨਹੀਂ ਦਿੱਤਾ । ਇਸ ਦੇ ਦੋਖੀ ਇਹ ਹਨ। ਇਨ੍ਹਾਂ ਨੇ ਉਸ ਵੇਲੇ ਕਿਉਂ ਨਾ ਮੋਰਚਾ ਲਾਇਆ । ਅਸੀਂ ਚੰਡੀਗੜ੍ਹ ਇਸ਼ੂ ਤੇ 1966 ਤੋਂ ਹੁਣ 1986 ਆ ਗਿਆ ਹੈ, ਲਗਾਤਾਰ 20 ਸਾਲਾਂ ਤੋਂ ਸੰਘਰਸ਼ ਕਰਦੇ ਆ ਰਹੇ ਹਾਂ। ਇਹ ਦੱਸਣ ਕਿ ਇਹ ਕਦੇ ਇਕ ਦਿਨ ਲਈ ਵੀ ਜੇਲ੍ਹ ਗਏ ਹਨ । ਇਹ ਤਾਂ ਏਅਰ-ਕੰਡੀਸ਼ਨਡ ਕੋਠੀਆਂ ਅਤੇ ਕਾਰਾਂ ਵਿੱਚ ਹੀ ਰਹਿਣਾ ਜਾਣਦੇ ਹਨ ਅਤੇ ਦਿੱਲੀ ਦੀਆਂ ਸੈਰਾਂ ਹੀ ਕਰਦੇ ਰਹਿੰਦੇ ਹਨ। ਇਹ ਕਦੇ ਪੰਜਾਬ ਦੇ ਹਿਤਾਂ ਲਈ ਨਹੀਂ ਲੜੇ । ਪੰਜਾਬ ਨਾਲ ਧੱਕਾ ਤਾਂ ਕੇਂਦਰ ਨੇ ਕੀਤਾ ਹੈ। ਤੁਸੀਂ ਇਸ ਦੇ ਦੋਸ਼ੀ ਹੋ। ਤੁਹਾਡੇ ਵਿੱਚ ਇਖ਼ਲਾਕੀ ਤੌਰ ਤੇ ਗਿਰਾਵਟ ਆ ਗਈ ਹੈ। ਤੁਸੀਂ ਮੌਰਲੀ ਏਨੇ ਤਕੜੇ ਨਹੀਂ ਕਿ ਪੰਜਾਬ ਲਈ ਲੜ ਸਕੋ ।

**ਸ਼੍ਰੀ ਰਾਮ ਪ੍ਰਕਾਸ਼ ਬਾਲੀ** : ਚੇਅਰਮੈਨ ਸਾਹਿਬ, ਇਹ ਗਲਤ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਪੰਜਾਬ ਨੂੰ ਵੱਡਾ ਕਰਨ ਵਾਸਤੇ ਕੋਈ ਲੜਾਈ ਨਹੀਂ ਕੀਤੀ। ਬਲਕਿ ਫੈਕਟ ਤਾਂ ਇਹ ਹੈ ਕਿ ਗਿਆਨੀ ਕਰਤਾਰ ਸਿੰਘ ਜੀ ਜੋ ਉਸ ਵਕਤ ਪੰਜਾਬ ਦਾ ਕੇਸ ਪੇਸ਼ ਕਰਨ ਵਾਲੇ ਸਨ ਅਤੇ ਉਸ ਵਿਚ ਉਨ੍ਹੇ ਦੇ 3 ਬਲਾਕ ਕੀਤੇ ਗਏ ਸਨ । ਤੁਸੀਂ ਇਹ ਮੈਮੋਰੰਡਮ ਵਿਚ ਵੇਖ ਲਓ । ਇਹ ਗੱਲ ਅਸੀਂ ਬਿਲਕੁਲ ਨਹੀਂ ਸੀ ਮੰਨਦੇ ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਇਹ ਬਿਲਕੁਲ ਗਲਤ ਫੈਕਟਸ ਪੇਸ਼ ਕਰ ਰਹੇ ਹਨ। ਇਹ ਕਿਤਾਬਾਂ ਪੜ੍ਹ ਕੇ ਦੇਖਣ । ਇਹ ਸਰਦਾਰ ਹੁਕਮ ਸਿੰਘ, ਜਿਹੜੇ ਬਾਅਦ ਵਿੱਚ ਲੋਕ ਸਭਾ ਵਿਚ ਡਿਪਟੀ ਸਪੀਕਰ ਵੀ ਲਗੇ, ਉਨ੍ਹਾਂ ਦੇ ਬਿਆਨ ਪੜ੍ਹ ਲੈਣ ਅਤੇ ਜਦੋਂ 1954-55 ਵਿਚ ਮੋਰਚਾ ਲਗਾ ਅਤੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਅਰਾ ਲੱਗਾ ਉਦੋਂ ਵੀ 12,000 ਅਕਾਲੀ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਜੇਲ੍ਹ ਵਿੱਚ ਗਏ। ਉਦੋਂ ਵੀ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਗਈ ਅਤੇ ਮੁੱਖ ਮੰਤਰੀ ਸੱਚਰ ਸਾਹਿਬ ਨੇ ਬਾਅਦ ਵਿਚ ਮੁਆਫੀ ਵੀ ਮੰਗੀ । ਚਾਹੇ ਅੱਜ ਸਰਦਾਰ ਹੁਕਮ ਸਿੰਘ ਗੁਜ਼ਰ ਚੁਕੇ ਹਨ, ਪਰ ਉਨ੍ਹਾਂ ਦੀਆਂ ਸਪੀਚਾਂ ਲੋਕ ਸਭਾ ਦੇ ਰਿਕਾਰਡ ਵਿੱਚ ਅੱਜ ਵੀ ਮੌਜੂਦ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਬਨਣਾ ਚਾਹੀਦਾ ਹੈ। ਉਨ੍ਹਾਂ ਦੀ ਬਹੁਤ ਵੱਡੀ ਦੇਣ ਹੈ ਸਾਡੇ ਸਮਾਜ ਨੂੰ, ਸਿੱਖੀ ਸਮਾਜ ਨੂੰ, ਹਿੰਦੂ ਸਮਾਜ ਨੂੰ ਪੰਜਾਬ ਨੂੰ ਅਤੇ ਦੇਸ਼ ਨੂੰ । ਪਰ ਇਨ੍ਹਾਂ ਨੇ ਕਦੇ ਇਸ ਪਾਸੇ ਵੱਲ ਧਿਆਨ ਹੀ ਨਹੀਂ ਦਿੱਤਾ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਪਿਛੇ ਇਹੀ ਮੇਰੇ ਵੀਰ ਉਸ ਸੈਸ਼ਨ ਵਿੱਚ ਜਿਹੜਾ ਕਾਂਗਰਸ ਪਾਰਟੀ ਦਾ ਬੰਬਈ ਹੋਇਆ ਸੀ, ਮੌਜੂਦ ਸਨ ਜਿਸ ਸੈਸ਼ਨ ਵਿਚ ਇਕ ਘੰਟਾ ਲਗਾਤਾਰ ਪਾਣੀ ਪੀ ਪੀ ਕੇ ਭਜਨ ਲਾਲ, ਮੁਖ-ਮੰਤਰੀ, ਹਰਿਆਣਾ ਨੇ ਪੰਜਾਬ ਨੂੰ ਕੋਸਿਆ ਸੀ। ਉਸਨੇ ਪੰਜਾਬ ਦੇ ਹਿੱਤਾਂ ਅਤੇ ਹੱਕਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਉਸ ਵੇਲੇ ਇਨ੍ਹਾਂ ਵਿਚੋਂ ਕਿਸੇ ਨੇ ਉਥੇ ਧਰਨਾ ਕਿਉਂ ਨਾ ਦਿੱਤਾ। ਇਨ੍ਹਾਂ ਨੂੰ ਉਸ ਵੇਲੇ ਕੋਈ ਤੱਪੜ ਨਾ ਮਿਲਿਆ। ਇਹ ਘਾਹ ਤੇ ਹੀ ਬੈਠ ਜਾਂਦੇ। ਇਹ ਭਜਨ ਲਾਲ ਦੀ ਸਪੀਚ ਇਕ ਘੰਟਾ ਸੁਣ ਕੇ ਕਿਸ ਮੂੰਹ ਨਾਲ ਆ ਗਏ। ਉਸ ਵਕਤ ਤੁਹਾਡੇ ਅੰਦਰ ਦੀ ਪੰਜਾਬੀਅਤ ਕਿਥੇ ਗਈ ਸੀ ਜਦੋਂ ਭਜਨ ਲਾਲ ਨੇ 45 ਮਿੰਟ ਤੋਂ ਵੱਧ ਪੰਜਾਬ ਨੂੰ ਕੋਸਿਆ ਅਤੇ ਕਿਹਾ ਕਿ ਅਬੋਹਰ ਫਾਜ਼ਿਲਕਾ ਕਦੇ ਵੀ ਪੰਜਾਬ ਕੋਲ ਰਹਿਣ ਨਹੀਂ ਦਿਆਂਗੇ। (ਵਿਘਨ) ਅਤੇ ਪਿਛੇ ਸਾਡੇ ਕੁਝ ਪਾਰਲੀਮੈਂਟ ਦੇ ਮੈਂਬਰ ਸਾਹਿਬਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਦੀ ਸਰਪ੍ਰਸਤੀ ਹੇਠ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਮਿਲੇ।

**ਸ੍ਰੀ ਹਰਨਾਮ ਦਾਸ ਜੌਹਰ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਮਾਸਟਰ ਤਾਰਾ ਸਿੰਘ ਵੇਲੇ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਫਤਿਹ ਸਿੰਘ ਵੇਲੇ, ਉਨ੍ਹਾਂ ਉਪਰੰਤ ਤੁੜ ਸਾਹਿਬ ਵੇਲੇ, ਉਨ੍ਹਾਂ ਤੋਂ ਬਾਅਦ ਸੰਤ ਲੌਂਗੋਵਾਲ ਜੀ ਜਦੋਂ ਪ੍ਰਧਾਨਗੀ ਦੀ ਗੱਦੀ ਤੇ ਸੁਸ਼ੋਭਿਤ ਹੋਏ ਅਤੇ ਵਿਰਾਜੇ ਉਸ ਵੇਲੇ ਅਤੇ ਹੁਣ ਵਰਤਮਾਨ ਮੁੱਖ-ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਰਜੀਤ ਸਿੰਘ ਬਰਨਾਲਾ ਵੇਲੇ ਵੀ ਤੁਸੀਂ ਵੇਖ ਲਓ ਕਿ ਅਕਾਲੀ ਦਲ ਕਦੇ ਇਸ ਗੱਲ ਦਾ ਮੁਦੱਈ ਨਹੀਂ ਸੀ ਕਿ ਸਿੱਖ ਇਲਾਕੇ ਕੇਵਲ ਪੰਜਾਬੀ ਸੂਬੇ ਵਿਚ ਆਉਣ। ਇਸ ਬਾਰੇ ਕੋਈ ਚੀਜ਼ ਲਿਖਤੀ ਰੂਪ ਵਿਚ ਨਹੀਂ ਦਿਖਾਈ ਜਾ ਸਕਦੀ। ਸਾਡੀ ਮੰਗ ਸੀ ਕਿ ਪੰਜਾਬੀ ਸੂਬਾ ਪੰਜਾਬੀ ਬੋਲੀ ਦੇ ਆਧਾਰ ਤੇ ਬਣਾਓ। ਪਰ ਇਹ ਕੇਂਦਰ ਵਾਲਿਆਂ ਨੇ ਬਨਾਉਣਾ ਸੀ। ਜੇਕਰ ਉਨ੍ਹਾਂ ਨੇ ਧੱਕਾ ਕੀਤਾ ਤਾਂ ਉਸ ਬਾਰੇ ਤੁਸੀਂ ਆਵਾਜ਼ ਤਕ ਨਹੀਂ ਉਠਾਈ। ਬੀਬੀ ਜੀ, ਮੈਂ ਤੁਹਾਨੂੰ ਸੰਬੋਧਨ ਕਰਕੇ ਕਹਿਣ ਲੱਗਾ ਹਾਂ ਕਿ ਤਿੰਨ ਚਾਰ ਦਿਨ ਹੋਏ ਤੁਹਾਡੀ ਪਾਰਟੀ ਦੇ ਪਾਰਲੀਮੈਂਟ ਦੇ ਮੈਂਬਰ ਸਾਹਿਬਾਨ ਅੱਠ ਨੌ ਦੇ ਕਰੀਬ ਸਾਡੇ ਮੁੱਖ ਮੰਤਰੀ ਜੀ ਬਰਨਾਲਾ ਸਾਹਿਬ ਕੋਲ ਆਏ। ਬਰਨਾਲਾ ਸਾਹਿਬ ਬੜੇ ਠੰਡੇ ਤਬੀਅਤ ਦੇ ਹਨ, ਇਹ ਮਿੱਠ ਬੋਲੜੇ ਹਨ ਇਨ੍ਹਾਂ ਨੇ ਉਨ੍ਹਾਂ ਮੈਂਬਰ ਪਾਰਲੀਮੈਂਟ ਦਾ ਸਵਾਗਤ ਕੀਤਾ ਹੋਵੇਗਾ। ਪਰ ਉਨ੍ਹਾਂ ਨੇ ਉਥੇ ਜਾਂਦਿਆਂ ਹੀ ਆਖਿਆ ਕਿ They were put on the mat ਉਹ ਤੱਪੜ ਤੇ ਬੈਠੇ। ਇਹ ਅੰਗਰੇਜ਼ੀ ਅਖਬਾਰ ਵਿਚ ਆਇਆ ਹੈ। ਪਰ ਸਾਡੇ ਮੁੱਖ ਮੰਤਰੀ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਸਪੈਰੋ ਸਾਹਿਬ ਆਓ ਦੱਸੋ ਤੁਹਾਡੇ ਵਿਚਾਰ ਸੁਨਣ ਨੂੰ ਅਸੀਂ ਤਿਆਰ ਹਾਂ। ਅਸੀਂ ਜਦੋਂ ਮੋਰਚਾ ਲਗਾਉਂਦੇ ਸੀ ਤਾਂ ਤੁਸੀਂ ਸਾਨੂੰ ਜੇਲ੍ਹਾਂ ਵਿਚ ਦੇ ਦਿੰਦੇ ਸੀ। ਪਰ ਜਦੋਂ ਅਕਾਰਡ ਲਾਗੂ ਨਹੀਂ ਕੀਤਾ ਕੇਂਦਰ ਨੇ ਅਤੇ ਪੰਜਾਬ ਨਾਲ ਧੱਕਾ ਹੋਇਆ ਜਦੋਂ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿਤਾ, ਇਸ ਤਰ੍ਹਾਂ ਕਰਕੇ ਅਤਿਵਾਦ ਨੂੰ ਤੁਸੀਂ ਬੜ੍ਹਾਵਾ ਦੇ ਰਹੇ ਹੋ। ਉਹ ਤੁਹਾਡਾ ਮੈਂਬਰ ਆਫ ਪਾਰਲੀਮੈਂਟ ਦਾ ਡੈਲੀਗੇਸ਼ਨ 150 ਗਜ਼ ਚਲਕੇ ਪ੍ਰਧਾਨ ਮੰਤਰੀ ਦੀ ਕੋਠੀ ਤਕ ਤਾਂ ਨਹੀਂ ਜਾ ਸਕਿਆ ਅਤੇ 150 ਕਿਲੋ ਮੀਟਰ ਚਲਕੇ ਚੰਡੀਗੜ੍ਹ ਆ ਗਿਆ। ਚਾਹੀਦਾ ਤਾਂ ਇਹ ਸੀ ਕਿ ਜਦੋਂ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਤਾਂ ਉਸੇ ਵੇਲੇ ਹੀ ਉਹ ਪ੍ਰਧਾਨ ਮੰਤਰੀ ਕੋਲ ਜਾਂਦੇ ਅਤੇ ਉਨ੍ਹਾਂ ਨੂੰ ਕਹਿੰਦੇ ਕਿ ਇਹ ਕਿਉਂ ਧੱਕਾ ਕਰਨ ਲੱਗੇ ਹੋ, ਚੰਡੀਗੜ੍ਹ ਨੂੰ

*Expunged as ordered by the chair.

Original with;
Punjab Vidhan Sabha
Digitized by;
Panjab Digital Library

ਪੰਜਾਬ ਨੂੰ ਦੇਣਾ ਚਾਹੀਦਾ ਹੈ । ਜਦੋਂ ਆਂਧਰਾ ਈਸ਼ੂ ਤੇ ਸਵਰਗੀਯ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਬੋਲੀ ਦੇ ਆਧਾਰ ਤੇ ਸੂਬੇ ਨਹੀਂ ਬਣ ਸਕਦੇ ਤਾਂ ਉਸ ਵੇਲੇ ਉਹ ਕਾਂਗਰਸੀ ਹੀ ਸੀ, ਸ੍ਰੀ ਰੋਮੋਲੋ ਜਿਸ ਨੇ ਉਸ ਦੇ ਖਿਲਾਫ ਮਰਨ ਵਰਤ ਰਖਿਆ । ਉਹ ਮਰਜੀਵੜਾ ਸਰਦਾਰ ਦਰਸ਼ਣ ਸਿੰਘ ਫੇਰੂਮਾਨ ਦੀ ਤਰ੍ਹਾਂ ਸ਼ਹੀਦ ਹੋ ਗਿਆ । ਉਹ 150 ਗਜ਼ ਚਲਕੇ ਪ੍ਰਧਾਨ ਮੰਤਰੀ ਜੀ ਕੋਲ ਤਾਂ ਨਹੀਂ ਗਏ ਪਰ 150 ਕਿਲੋ ਮੀਟਰ ਚਲਕੇ ਇਥੇ ਚੰਡੀਗੜ੍ਹ ਆ ਗਏ । ਬੀਬੀ ਜੀ, ਤੁਸੀਂ ਧਰਨਾ ਪ੍ਰਧਾਨ ਮੰਤਰੀ ਜੀ ਦੇ ਘਰ ਅੱਗੇ ਜਾਕੇ ਦੇਣਾ ਸੀ। ਇਥੇ ਤੱਪੜ ਤੇ ਬੈਠਣ ਦੀ ਕੀ ਲੋੜ ਪਈ ਸੀ (ਬੰਪਿੰਗ) ਸਾਡੇ ਗਵਰਨਰ ਸ੍ਰੀ ਸ਼ੰਕਰ ਦਿਆਲ ਸ਼ਰਮਾ, ਇੱਕ ਚੰਗੇ ਪਾਰਲੀ-ਮੈਂਟੇਰੀਅਨ ਰਹੇ ਹਨ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ ਹਨ ਉਨ੍ਹਾਂ ਦੇ ਸਨਮਾਨ ਵਿਚ ਜਦੋਂ ਉਹ ਆਏ ਤਾਂ ਅਸੀਂ ਅਦਬ ਨਾਲ ਖੜ੍ਹੇ ਹੋਏ ਅਤੇ ਜਦੋਂ ਉਹ ਗਏ ਤਾਂ ਵੀ ਅਸੀਂ ਅਦਬ ਨਾਲ ਖੜ੍ਹੇ ਹੋਏ । ਪਰ ਜਦੋਂ ਉਹ ਐਡਰੈਸ ਪੜ੍ਹ ਰਹੇ ਸਨ ਤਾਂ ਤੁਸੀਂ ਰੁਕਾਵਟ ਪੈਦਾ ਕਰਨ ਵਾਸਤੇ, ਬੀਬੀ ਜੀ ਤੁਸੀਂ ਆਪਣਾ ਐਡਰੈਸ ਪੜ੍ਹਨਾ ਸ਼ੁਰੂ ਕਰ ਦਿੱਤਾ । ਇਹ ਸਾਡੀ ਪਾਰਲੀਮੈਂਟਰੀ ਰਿਵਾਇਤ ਸੀ ਜਿਨੀਆਂ ਵੀ ਟਰੇਡੀਸ਼ਨਜ਼ ਹਨ ਇਹ ਲੋਕ ਸਭਾ ਦੇ ਪਹਿਲੇ ਸਪੀਕਰ ਸ੍ਰੀ ਮਾਵਾਲੰਕਾਰ ਅਤੇ ਦੂਜੇ ਸਪੀਕਰ ਸ੍ਰੀ ਅਨੰਥਾ ਸਵਾਮੀ ਅਯੰਗਰ ਇਨ੍ਹਾਂ ਨੇ ਲਾਗੂ ਕੀਤੀਆਂ ਹਨ। ਪਰ ਉਨ੍ਹਾਂ ਟਰੇਡੀਸ਼ਨਾਂ ਦੀਆਂ ਤੁਸੀਂ ਧੱਜੀਆਂ ਉੜਾ ਦਿੱਤੀਆਂ ਹਨ। ਗਵਰਨਰ ਸਾਹਿਬ ਐਡਰੈਸ ਪੜ੍ਹ ਰਹੇ ਸਨ ਅਤੇ ਤੁਸੀਂ ਤੱਪੜ ਤੇ ਬੈਠੇ ਸੀ । ਤੁਹਾਨੂੰ ਕੁਰਸੀਆਂ ਤੇ ਬੈਠਣਾ ਚਾਹੀਦਾ ਸੀ।

**ਇਕ ਅਵਾਜ਼** (ਕਾਂਗਰਸੀ ਬੈਂਚਾਂ ਵਲੋਂ) : ਵਿਧਾਨ ਉਦੋਂ ਕਿਉਂ ਪਾੜਿਆ ਸੀ ?

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ**: 25 ਆਰਟੀਕਲ ਪਾੜਿਆ ਹੋਣਾ ਹੈ (ਵਿਘਨ)

**ਸ੍ਰੀ ਸੇਵਾ ਰਾਮ ਅਰੋੜਾ** : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਸਾਡੇ ਆਪੋਜ਼ੀਸ਼ਨ ਦੇ ਨੇਤਾ ਮਿਸਿਜ਼ ਬਰਾੜ ਨੇ ਕਲ੍ਹ ਭਾਸ਼ਣ ਪੜ੍ਹਿਆ ਹੈ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਆਪੋਜ਼ੀਸ਼ਨ ਵਿਚ ਸੀ ਔਰ ਇਧਰ ਸਾਡੇ ਬੈਂਚਾਂ ਤੇ ਬੈਠੇ ਸੀ ਅਤੇ ਜਦੋਂ ਉਸ ਵੇਲੇ ਗਵਰਨਰ ਸਾਹਿਬ ਆਪਣਾ ਭਾਸ਼ਣ ਪੜ੍ਹ ਰਹੇ ਸੀ ਤਾਂ ਉਸ ਵੇਲੇ ਇਹ ਪਰੰਪਰਾਵਾਂ ਤੁਹਾਨੂੰ ਯਾਦ ਨਹੀਂ ਸਨ। ਅੱਜ ਇਹ ਯਾਦ ਆ ਗਈਆਂ ਹਨ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਇਨ੍ਹਾਂ ਨੇ ਅਸੈਂਬਲੀ ਵਿਚ ਅਤੇ ਪਾਰਲੀਮੈਂਟ ਵਿਚ ਪਾਸ ਕੀਤਾ ਹੈ ਕਿ ਅਕਾਲੀ ਦਲ ਦਾ ਵਤੀਰਾ ਰਿਸਪਾਂਸੀਬਲ ਰਿਹਾ ਹੈ ਚਾਹੇ ਇਹ ਆਪੋ-ਜ਼ੀਸ਼ਨ ਵਿਚ ਰਿਹਾ ਹੈ ਚਾਹੇ ਇਹ ਟਰੇਜ਼ਰੀ ਬੈਂਚਾਂ ਤੇ ਰਿਹਾ ਹੈ। ਬੀਬੀ ਜੀ, ਤੁਹਾਨੂੰ ਯਾਦ ਹੋਵੇਗਾ ਕਿ 1982 ਵਿਚ ਨਵੰਬਰ ਦੇ ਮਹੀਨੇ ਵਿਚ ਜਦੋਂ ਦਿੱਲੀ ਵਿਖੇ ਏਸ਼ੀਅਨ ਗੇਮਜ਼ ਹੋਈਆਂ ਸਨ ਤਾਂ ਇਨ੍ਹਾਂ ਏਸ਼ੀਅਨ ਗੇਮਜ਼ ਵਿਚ ਜਾਂਦੇ ਹੋਏ ਸਿੱਖਾਂ ਨਾਲ ਜੋ ਦੁਰ-ਵਿਹਾਰ ਹੋਇਆ ਉਸ ਦਾ ਤੁਹਾਨੂੰ ਪਤਾ ਹੋਣਾ ਹੈ। ਉਸ ਵੇਲੇ ਜੋ ਸਿੱਖਾਂ ਨਾਲ ਦੁਰ-ਵਿਹਾਰ ਭਜਨ ਲਾਲ ਦੀ ਸਰਕਾਰ ਨੇ ਕੀਤਾ ਉਸ ਬਾਰੇ ਸਭ ਕੁਝ ਅਖਬਾਰਾਂ ਵਿਚ ਆਇਆ ਹੈ। ਤੁਹਾਡੀ ਪਾਰਟੀ ਦੀ, ਕਾਂਗਰਸ ਪਾਰਟੀ ਦੀ, ਮੈਂਬਰ ਆਫ ਪਾਰਲੀਮੈਂਟ ਸਰਦਾਰਨੀ ਅਮਰਜੀਤ ਕੌਰ ਦਾ ਕਹਿਣਾ ਹੈ ਕਿ ਉਸ ਦੇ ਹੱਥ ਵਿਚ ਕੜਾ ਦੇਖ ਕੇ ਉਸ ਨੂੰ ਪੁਲਿਸ ਨੇ ਰੋਕਿਆ ਔਰ ਇਸ ਤਰ੍ਹਾਂ ਕਰਕੇ ਉਸ ਦਾ ਅਪਮਾਨ ਕੀਤਾ। ਕੀ ਤੁਸੀਂ ਉਸ ਵੇਲੇ ਧਰਨਾ ਦਿੱਤਾ ? ਜੇ ਤੁਹਾਡੇ ਵਿਚ ਥੋੜ੍ਹੀ ਜਿਹੀ ਵੀ ਅਣਖ ਸੀ ਤਾਂ ਉਸ ਵੇਲੇ ਤੁਹਾਨੂੰ ਧਰਨਾ ਦੇਣਾ ਚਾਹੀਦਾ ਸੀ। ਜਿਸ ਵੇਲੇ 1984 ਦੇ ਨਵੰਬਰ ਵਿਚ ਸਾਡੀਆਂ ਮਾਵਾਂ ਭੈਣਾਂ ਦੀ ਬੇ-ਪਤੀ ਕੀਤੀ ਜਾਂਦੀ ਸੀ ਕੀ ਉਸ ਵੇਲੇ ਤੁਸੀਂ ਧਰਨਾ ਦਿੱਤਾ ? ਨਵੰਬਰ, 1984 ਵਿਚ ਜਦੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]
ਮਾਵਾਂ ਭੈਣਾਂ ਦੀ ਪੱਤ ਲੁਟੀ ਜਾ ਰਹੀ ਸੀ ਉਦੋਂ ਤੁਸੀਂ ਅੱਖਾਂ ਕਿਉਂ ਬੰਦ ਕਰ ਲਈਆਂ ਅਤੇ ਉਸ ਵੇਲੇ ਕਿਉਂ ਨਹੀਂ ਤੁਸੀਂ ਪਰੋਟੈਸਟ ਕੀਤਾ ?

ਚੇਅਰਮੈਨ ਸਾਹਿਬ, ਸਭ ਤੋਂ ਮਾੜੀ ਗੱਲ ਇਹ ਹੈ ਕਿ ਦੇਸ਼ ਆਜ਼ਾਦ ਹੋਏ ਨੂੰ 38 ਸਾਲ ਹੋ ਗਏ ਹਨ। ਦੇਸ਼ ਆਜ਼ਾਦ, 15 ਅਗਸਤ, 1947 ਨੂੰ ਹੋਇਆ । ਜਦੋਂ ਪਹਿਲੀ ਇੰਟੈਰਿਮ ਸਰਕਾਰ ਬਣੀ ਤਾਂ ਉਸ ਵੇਲੇ ਸਾਡੇ ਦੇਸ਼ ਦੇ ਵਾਈਸਰਾਏ ਲਾਰਡ ਵੇਵਲ ਸਨ। ਉਸ ਵੇਲੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਥਾਪੇ ਗਏ । ਉਸ ਵੇਲੇ ਤੋਂ ਲੈਕੇ ਜਦੋਂ ਵੀ ਦੇਸ਼ ਵਿਚ ਗੱਲ ਆਈ ਚਾਹੇ ਕਸ਼ਮੀਰ ਦਾ ਮਸਲਾ ਸੀ ਅਤੇ ਚਾਹੇ ਕੋਈ ਹੋਰ ਮਸਲਾ ਸੀ, 1950 ਵਿਚ ਕਸ਼ਮੀਰ ਦਾ ਮਸਲਾ ਯੂ.ਐਨ.ਓ. ਵਿਚ ਉਠਾਇਆ ਗਿਆ ਜਦੋਂ ਰੈਫਰੈਂਡਮ ਦੀ ਗੱਲ ਉਠਾਈ ਗਈ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਹਿ ਦਿੱਤਾ ਕਿ ਲੋਕ ਮਤ ਨਹੀਂ ਹੋ ਸਕਦਾ। ਦੇਸ਼ ਆਪਣੇ ਖਿੱਤੇ ਵਿਚ ਲੋਕ ਮਤ ਨਹੀਂ ਕਰਾ ਸਕਦਾ । ਤੁਸੀਂ ਚੇਅਰਮੈਨ ਸਾਹਿਬ, ਸਮਝਦਾਰ ਹੋ, ਕਾਨੂੰਨ-ਦਾਨ ਹੋ, ਜਿਸ ਵੇਲੇ ਦੇਸ਼ ਦਾ ਬਾਉਂਡਰੀ ਕਮਿਸ਼ਨ ਬਣਿਆ ਉਸ ਵੇਲੇ ਉਸ ਸਾਹਮਣੇ ਪੰਜਾਬ ਦੀ ਵੰਡ, ਆਸਾਮ ਦੀ ਵੰਡ ਅਤੇ ਬੰਗਾਲ ਦੀ ਵੰਡ ਦੇ ਮਸਲੇ ਸਨ। ਆਸਾਮ ਦੀ ਮੰਗ ਸੀ ਕਿ ਉਹ ਪਾਕਿਸਤਾਨ ਨਾਲ ਜਾਣਾ ਚਾਹੁੰਦੇ ਹਨ। ਉਨ੍ਹਾਂ ਦੀ ਸਾਰੀ ਮੰਗ ਪਰਵਾਨ ਨਹੀਂ ਹੋਈ ਔਰ ਕੇਵਲ ਇੱਕ ਆਸਾਮ ਦਾ ਜ਼ਿਲ੍ਹਾ ਸਿਲਹੱਟ ਉਥੋਂ ਦੇ ਲੋਕਾਂ ਨੇ ਫੈਸਲਾ ਕੀਤਾ ਕਿ ਉਹ ਪਾਕਿਸਤਾਨ ਵਿਚ ਜਾਣਾ ਚਾਹੁੰਦੇ ਹਨ ਅਤੇ ਇਸ ਲਈ ਰੈਫਰੈਂਡਮ ਹੋਇਆ । ਉਸ ਵੇਲੇ ਤੁਹਾਡੀ ਹਕੂਮਤ ਤਾਕਤ ਦੇ ਨਸ਼ੇ ਵਿਚ ਚੂਰ ਸੀ ਅਤੇ ਉਸ ਨੇ ਇਸ ਬਾਰੇ ਕੋਈ ਖਿਆਲ ਨਹੀਂ ਕੀਤਾ। ਉਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਰੈਫਰੈਂਡਮ ਪ੍ਰਵਾਨ ਕਰ ਲਿਆ ਔਰ ਸਿਲਹੱਟ ਪਾਕਿਸਤਾਨ ਵਿਚ ਚਲਾ ਗਿਆ। ਫਿਰ ਜਦੋਂ ਕਸ਼ਮੀਰ ਦੇ ਰੈਫਰੈਂਡਮ ਬਾਰੇ ਸ਼ੋਰ ਮਚਿਆ ਤਾਂ ਪੰਡਿਤ ਜੀ ਨੇ ਕਹਿ ਦਿੱਤਾ ਕਿ ਹਾਲਾਤ ਬਦਲ ਗਏ ਹਨ ਅਤੇ ਕਸ਼ਮੀਰ ਵਿਚ ਰੈਫਰੈਂਡਮ ਨਹੀਂ ਹੋ ਸਕਦਾ । ਜਿਸ ਵੇਲੇ ਆਂਧਰਾ ਬਣਿਆ ਤਾਂ ਉਸ ਵੇਲੇ ਸ੍ਰੀ ਰੋਮੁੱਲੋ ਨੇ ਸ਼ਹੀਦੀ ਦਿੱਤੀ । ਪੰਜਾਬੀ ਸੂਬਾ ਬਣਿਆ ਕੋਈ ਸੈਂਸਿਜ਼ ਨਹੀਂ ਹੋਏ। ਪਰ ਜਦੋਂ ਮੈਥਿਊ ਕਮਿਸ਼ਨ ਬਣਿਆ ਤਾਂ ਉਸ ਦੇ ਮੈਮੋਰੰਡਮ ਆਫ ਸੈਟਲਮੈਂਟ ਬਾਰੇ ਦਸਿਆ ਹੈ। ਪ੍ਰਧਾਨ ਮੰਤਰੀ ਐਕਸੀਡੈਂਟਲੀ ਔਰ ਇਨਸੀਡੈਂਟਲੀ ਇਸ ਪਾਰਟੀ ਤੇ ਮੁਖੀ ਹਨ। ਉਨ੍ਹਾਂ ਦੇ ਵੀ ਹਸਤਾਖਰ ਹਨ। ਇਸ ਦੇ ਵਿਚ ਕਿਤੇ ਨਹੀਂ ਆਖਿਆ ਕਿ ਸੈਂਸਿਜ਼ ਕਰਵਾਈ ਜਾਵੇ ਪਰ ਕਿਉਂਕਿ ਸੁਪਰੀਮ ਕੋਰਟ ਦੇ ਜੱਜ ਨੇ ਫੈਸਲਾ ਕੀਤਾ ਕਿ ਸੈਂਸਿਜ਼ ਹੋਵੇ ਹਾਲਾਂਕਿ ਬਿਲਕੁਲ ਗਲਤ ਫੈਸਲਾ ਕੀਤਾ । ਕੀ ਬੀਬੀ ਜੀ ਤੁਸੀਂ ਉਸ ਵੇਲੇ ਧਰਨਾ ਦਿੱਤਾ ? ਜਦ ਪੰਜਾਬ ਨਾਲ ਧੱਕਾ ਹੋ ਰਿਹਾ ਸੀ ਕੀ ਤੁਸੀਂ ਉਸ ਵੇਲੇ ਧਰਨਾ ਦਿੱਤਾ ? ਉਸ ਵੇਲੇ ਤੁਹਾਡੀ ਆਤਮਾ ਕਿਉਂ ਨਾ ਜਾਗੀ ਕਿ ਪੰਜਾਬ ਨਾਲ ਧੱਕਾ ਹੋ ਰਿਹਾ ਹੈ। ਤੁਸੀਂ ਉਸ ਵੇਲੇ ਏਅਰ ਕੰਡੀਸ਼ਨਡ ਕੋਠੀਆਂ ਵਿਚ ਬੈਠੇ ਹੋਏ ਸੀ । ਜਦੋਂ ਸੈਂਸਿਜ਼ ਕਰਾਕੇ ਪੰਜਾਬ ਨਾਲ ਧੱਕਾ ਹੋ ਰਿਹਾ ਸੀ । ਇਹ ਧੱਕਾ ਕੇਂਦਰ ਨੇ ਕੀਤਾ ਅਤੇ ਉਸ ਨੂੰ ਇਨ੍ਹਾਂ ਨੇ ਪ੍ਰਵਾਨ ਕੀਤਾ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਇਹ ਮੈਥਿਊ ਕਮਿਸ਼ਨ ਦੀ ਗੱਲ ਕਰਦੇ ਹਨ ਕਿ ਸੈਂਸਿਜ਼ ਕਰਾਈ ਕਿਉਂ ਕਰਾਈ ਗਈ । ਕੀ ਇਨ੍ਹਾਂ ਨੇ ਉਸ ਵੇਲੇ ਕੋਈ ਵਾਵੇਲਾ ਕੀਤਾ ? ਇਹ ਸੈਂਸਿਜ਼ ਕਰਾਉਣ ਵਾਸਤੇ ਆਪ ਉਥੇ ਪਹੁੰਚ ਗਏ ਸੀ । ਕੀ ਇਨ੍ਹਾਂ ਨੇ ਜੱਦੋ ਜਹਿਦ ਕੀਤੀ ਕਿ ਸੈਂਸਿਜ਼ ਨਾ ਕਰਾਈ ਜਾਵੇ ? ਇਹ ਆਪ ਉਥੇ ਮੌਕੇ ਤੇ ਗਏ । ਅੱਜ ਇਹ ਕਿਵੇਂ ਕਹਿੰਦੇ ਹਨ ਕਿ ਪੰਜਾਬ ਦੀ ਕਾਂਗਰਸ ਨੇ ਸੈਂਸਿਜ਼ ਦੇ ਹੱਕ ਵਿਚ ਗੱਲ ਕੀਤੀ ਸੀ ਬਲਕਿ ਅਸੀਂ ਇਸ ਦੀ ਮੁਖਾਲ-

Original with;
Punjab Vidhan Sabha
Digitized by;
Panjab Digital Library

ਫਿਤ ਕੀਤੀ ਸੀ ਕਿ ਸੈਂਸਿਜ਼ ਨਹੀਂ ਹੋਣੀ ਚਾਹੀਦੀ । ਇਹ ਆਪ ਮੰਨ ਕੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਇਹ ਪੰਜਾਬ ਦੇ ਮਸਲੇ ਨੂੰ ਖਰਾਬ ਕਰਨਾ ਚਾਹੁੰਦੇ ਹਨ ਅਤੇ ਕਾਂਗਰਸ ਦੇ ਗਲ ਲਾਉਣਾ ਚਾਹੁੰਦੇ ਹਨ ।

ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ : ਅਸੀਂ ਸੈਂਸਿਜ਼ ਦੇ ਵਿਰੁੱਧ ਸੀ। ਇਹ ਪਿਛਲੇ ਅਸੈਂਬਲੀ ਦੇ ਸੈਸ਼ਨ ਵਿਚ ਜਦ ਟਰਮਜ਼ ਆਫ ਰੈਫਰੈਂਸ ਦੀ ਗੱਲ ਆਈ, ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਜੋ ਟਰਮਜ਼ ਆਫ ਰੈਫਰੈਂਸ ਇਸ ਐਗਰੀਮੈਂਟ ਦੇ ਮੁਤਾਬਿਕ ਤਹਿ ਹੋਈਆਂ, ਉਹ 3 ਕੰਡੀਸ਼ਨਜ਼ ਸਨ ਅਤੇ ਇਨ੍ਹਾਂ 3 ਕੰਡੀਸਨਜ਼ ਤੋਂ ਇਲਾਵਾ ਇਕ ਚੌਥੀ ਕੰਡੀਸ਼ਨ ਇਹ ਵੀ ਹੈ ਅਤੇ ਉਸ ਵਿਚ ਦਰਜ ਕਰ ਦਿੱਤਾ ਐਨੀ ਅਦਰ ਫੈਕਟਰਜ਼। ਅਸੀਂ ਮਹਿਸੂਸ ਕੀਤਾ ਕਿ ਇਹ ਬੜੀ ਸ਼ਰਾਰਤ ਭਰਪੂਰ ਗੱਲ ਹੈ। ਪੰਜਾਬ ਅਸੈਂਬਲੀ ਵਿਚ ਅਸੀਂ ਉਸ ਦੇ ਵਿਰੁੱਧ ਮਤਾ ਕੀਤਾ ਕਿ ਐਨੀ ਅਦਰ ਫੈਕਟਰ ਕੱਟ ਦੇਣੀ ਚਾਹੀਦੀ ਹੈ, ਅਲਿਮੀਨੇਟ ਕਰ ਦੇਣੀ ਚਾਹੀਦੀ ਹੈ । ਇਸ ਬਾਰੇ ਕੇਂਦਰ ਨੂੰ ਕਿਹਾ ਗਿਆ । ਉਸ ਦੇ ਸਿੱਟੇ ਵਜੋਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਬਿਆਨ ਦਿੱਤਾ ਕਿ ਇਹ ਦਫਤਰੀ ਗਲਤੀ ਹੋ ਗਈ ਹੈ । ਜਦੋਂ 3 ਸ਼ਰਤਾਂ ਕਲੀਅਰ ਸਨ ਤਾਂ ਉਨ੍ਹਾਂ ਤੋਂ ਇਲਾਵਾ ਕੋਈ ਹੋਰ ਐਡ ਕਰਨ ਦੀ ਲੋੜ ਨਹੀਂ ਸੀ। ਸਾਡੇ ਮੁੱਖ ਮੰਤਰੀ ਜੋ ਸਾਡੀ ਪਾਰਟੀ ਦੇ ਪ੍ਰਧਾਨ ਵੀ ਹਨ ਬਰਨਾਲਾ ਸਾਹਿਬ ਨੇ ਉਸ ਵੇਲੇ ਬਿਆਨ ਦਿੱਤਾ ਕਿ ਇਹ ਅਕਾਰਡ ਦੀ ਖਿਲਾਫ-ਵਰਦੀ ਕੇਂਦਰ ਕਰ ਰਿਹਾ ਹੈ । ਸਾਡੇ ਦੋ ਮੰਤਰੀ ਕੰਡੂ ਖੇੜੇ ਗਏ ਅਤੇ ਉਥੇ ਧਰਨੇ ਤੇ ਬੈਠੇ । ਉਹ ਉਥੇ ਧਰਤੀ ਤੇ ਬੈਠੇ ਪਰ ਤੁਹਾਡੇ ਵਾਂਗ ਨਹੀਂ ਜਿਸ ਤਰ੍ਹਾਂ ਤੁਸੀਂ ਕਲ੍ਹ ਇਥੇ ਤੱਪੜ ਤੇ ਬੈਠੇ ਸੀ। ਉਹ ਉਥੇ ਪੰਜਾਬ ਦੇ ਹਿੱਤ ਲਈ ਬੈਠੇ ਸਨ ਪਰ ਤੁਸੀਂ ਇਥੇ ਕਲ੍ਹ ਪੰਜਾਬ ਦੇ ਹਿੱਤ ਨੂੰ ਕੁਰਬਾਨ ਕਰਨ ਲਈ ਬੈਠੇ ਸੀ। ਤੁਹਾਡੇ ਲੀਡਰ ਨੇ ਕੀ ਕੀਤਾ, ਤੁਹਾਡੇ ਲੀਡਰ ਨੇ ਕਾਰਾਂ ਲਈਆਂ, ਉਥੇ ਫਿਰ ਵੀ ਨਹੀਂ ਪਹੁੰਚੇ। ਤੁਸੀਂ ਪੰਜਾਬ ਨਾਲ ਧਰੋਹ ਕੀਤਾ । ਤੁਹਾਨੂੰ ਉਥੇ ਧਰਨਾ ਦੇਣਾ ਚਾਹੀਦਾ ਸੀ ਪਰ ਤੁਸੀਂ ਉਥੇ ਧਰਨਾ ਨਹੀਂ ਦਿੱਤਾ । ਇਨ੍ਹਾਂ ਨੂੰ ਇਕੱਠੇ ਹੋ ਕੇ ਸ੍ਰੀ ਰਾਜੀਵ ਗਾਂਧੀ ਕੋਲ ਜਾਣਾ ਚਾਹੀਦਾ ਸੀ ਕਿ ਇਹ ਤੁਸੀਂ ਕੀ ਕਰ ਰਹੇ ਹੋ। ਜਿਸ ਸਿਆਹੀ ਨਾਲ ਦਸਖਤ ਕੀਤੇ, 24 ਜੁਲਾਈ, 1985 ਦੇ ਸਮਝੌਤੇ ਦੀ ਸਿਆਹੀ ਸੁੱਕੀ ਨਹੀਂ ਸੀ ਪਰ ਉਥੇ ਸੈਂਸਿਜ਼ ਕਰਵਾ ਦਿੱਤੀ। ਕੀ ਤੁਸੀਂ ਇਸ ਸੈਂਸਿਜ਼ ਦੇ ਖਿਲਾਫ ਦਿੱਲੀ ਡੇਪੂਟੇਸ਼ਨ ਲੈ ਕੇ ਗਏ (ਵਿਘਨ) ਮੈਂ ਬੇਨਤੀ ਕਰਾਂਗਾ ਕਿ ਜਿਸ ਵੇਲੇ ਅਸੀਂ ਕੰਡੂ ਖੇੜਾ ਲਈ ਲੜਾਈ ਲੜ ਰਹੇ ਸੀ ਪੰਜਾਬ ਦੀ ਉਸ ਰਿਚ ਬੈਲਟ ਲਈ ਤਾਂ ਇਹ ਨੀਰੋ ਦੀ ਤਰ੍ਹਾਂ ਬੰਸਰੀ ਵਜਾ ਰਹੇ ਸਨ। ਇਨ੍ਹਾਂ ਨੂੰ ਸਿਵਾਏ ਆਪਣੀ ਐਸ਼ ਤੋਂ ਕੋਈ ਕੰਮ ਨਹੀਂ ਸੀ। ਇਨ੍ਹਾਂ ਨੇ ਪੰਜਾਬ ਦੇ ਹਿੱਤ ਲਈ ਕਦੀ ਆਵਾਜ਼ ਨਹੀਂ ਉਠਾਈ । ਤੁਸੀਂ ਪਿਛਲੇ 37 ਸਾਲਾਂ ਦਾ ਰਿਕਾਰਡ ਦੇਖ ਲਵੋ ਪੰਜਾਬ ਦੇ ਇਲਾਕਿਆਂ ਲਈ ਲੜਾਈ ਇਨ੍ਹਾਂ ਨੇ ਕੋਈ ਨਹੀਂ ਲੜੀ । ਪੰਜਾਬ ਲਈ ਪਾਣੀ ਲਈ ਇਨ੍ਹਾਂ ਨੇ ਲੜਾਈ ਨਹੀਂ ਲੜੀ। ਪੰਜਾਬ ਦੇ ਇਲਾਕਿਆਂ ਲਈ ਲੜਾਈ ਅਤੇ ਪਾਣੀ ਲਈ ਲੜਾਈ ਆਦਿ ਅਕਾਲੀ ਪਾਰਟੀ ਨੇ ਲੜੀ । ਅਸੀਂ ਜੇਲ੍ਹਾਂ ਵਿਚ ਗਏ । ਮਰਦੇ ਅਸੀਂ ਰਹੇ । ਇਹ ਇਕ ਦਿਨ ਜੇਲ੍ਹ ਵਿਚ ਨਹੀਂ ਗਏ। 1977 ਵਿਚ ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ ਅਤੇ ਉਦੋਂ ਜੋ ਸ੍ਰੀਮਤੀ ਗਾਂਧੀ ਨੂੰ ਚੌਧਰੀ ਚਰਨ ਸਿੰਘ ਹੋਰਾਂ ਨੇ ਫੜਿਆ ਸੀ ਇਨ੍ਹਾਂ ਨੇ ਧਰਨਾ ਲਾ ਦਿੱਤਾ । ਜਦੋਂ ਫੜੇ ਗਏ ਤਾਂ ਉਦੋਂ ਕਾਂਗਰਸ ਦੇ ਮੈਂਬਰ ਕਹਿਣ ਲੱਗੇ ਕਿ ਸਾਨੂੰ ਛੁਡਾਓ । ਇਹ 10 ਦਿਨ ਜੇਲ੍ਹ ਨਹੀਂ ਕੱਟ ਸਕਦੇ । ਸਾਡਾ ਸਾਰਾ ਜੀਵਨ ਜੇਲ੍ਹਾਂ ਵਿਚ ਲੰਘਿਆ ਹੈ। ਮੈਂ ਇਕ ਵਕੀਲ ਹਾਂ ਪਰ ਮੈਂ ਨੌਜਵਾਨਾਂ ਦੇ ਖਿਲਾਫ ਜਿਹੜੇ ਕੇਸ ਕਾਂਗਰਸ ਸਰਕਾਰ ਨੇ ਬਣਾਏ ਸੀ, ਉਨ੍ਹਾਂ ਦੇ ਕੇਸ ਲੜਨ ਲਈ ਅਦਾਲਤਾਂ ਵਿਚ ਪੇਸ਼ ਹੋਇਆ ਤਾਂ ਉਥੋਂ ਨਿਕਲਦਿਆਂ ਨੈਸ਼ਨਲ ਸਿਕਿਉਰਿਟੀ ਐਕਟ ਦੇ ਅੰਡਰ ਫੜ ਲਿਆ ਗਿਆ ਅਤੇ ਅੰਦਰ ਦੇ ਦਿੱਤਾ ਗਿਆ । 8-9 ਮਹੀਨੇ ਜੇਲ੍ਹ ਵਿਚ ਰਿਹਾ । ਅਸੀਂ ਐਨਾ ਕੁਝ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਹੈ। ਪਰ ਤੁਸੀਂ ਕਲ੍ਹ ਇਥੇ ਤੱਪੜ ਤੇ ਧਰਨੇ ਤੇ ਬੈਠੇ ਅਤੇ ਇਸ ਤਰ੍ਹਾਂ ਕਰਕੇ ਤੁਸੀਂ ਹਾਊਸ ਦੀ ਤੌਹੀਨ ਕੀਤੀ। ਤੁਸੀਂ ਗਵਰਨਰ ਐਡਰੈਸ ਦਾ ਬਾਈਕਾਟ ਕੀਤਾ। ਤੁਸੀਂ ਐਨਾ ਕੁਝ ਕੀਤਾ ਪਰ ਅਸੀਂ ਤੁਹਾਨੂੰ ਜੇਲ੍ਹ ਨਹੀਂ ਭੇਜਿਆ। ਅਸੀਂ ਤੁਹਾਨੂੰ ਫਿਰ ਉਥੇ ਹੀ ਬਿਠਾਇਆ ਹੈ।

**ਸ੍ਰੀ ਸੇਵਾ ਰਾਮ ਅਰੋੜਾ** : ਤੁਸੀਂ ਭੇਜ ਦਿਓ ?

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਤੁਸੀਂ ਰਹਿਣਾ ਨਹੀਂ ਹੈ। ਤੁਹਾਡੇ ਤੋਂ ਸਹਿਣ ਨਹੀਂ ਹੋਣਾ।

ਮੈਮੋਰੰਡਮ ਆਫ ਸੈਟਲਮੈਂਟ ਦੀਆਂ 11 ਕਲਾਜ਼ਿਜ਼ ਹਨ। ਇਨ੍ਹਾਂ 11 ਕਲਾਜ਼ਿਜ਼ ਵਿਚੋਂ 10 ਮਦਾਂ ਕੇਂਦਰ ਨੇ ਲਾਗੂ ਕਰਨੀਆਂ ਸਨ। ਇਸ ਲਈ ਮੈਂ ਹੁਣ ਕੇਂਦਰ ਦੇ ਬਾਰੇ ਕਹਿਣਾ ਚਾਹੁੰਦਾ ਹਾਂ। 11 ਮੱਦਾਂ ਇਸ ਦੀਆਂ ਹਨ ਅਤੇ ਇਨ੍ਹਾਂ 11 ਮੱਦਾਂ ਵਿਚੋਂ ਕੇਵਲ ਇਕ ਮੱਦ ਨਾਲ ਸਾਡੀ ਬਰਨਾਲਾ ਸਾਹਿਬ ਦੀ ਸਰਕਾਰ ਦਾ ਸਬੰਧ ਸੀ। ਇਹ ਮੱਦ ਲਾਗੂ ਹੋਈ ਹੈ। ਜਿਹੜੇ ਇਨੋਸੈਂਟ ਪਰਸਨ ਮਾਰੇ ਗਏ ਉਨ੍ਹਾਂ ਨੂੰ 10—10 ਹਜ਼ਾਰ ਰੁਪਏ ਕੰਪਨਸੇਸ਼ਨ ਪਿਛੇ ਦਿੱਤਾ ਗਿਆ, ਭਾਵੇਂ ਉਹ ਕੋਈ ਹਿੰਦੂ ਸੀ, ਸਿੱਖ ਸੀ ਜਾਂ ਕੋਈ ਵੀ ਸੀ। ਨੌਜਵਾਨਾਂ ਦੀ ਜਲੰਧਰ ਇੰਟਰਵਿਊ ਹੋਈ ਸੀ 22-23 ਜਨਵਰੀ, 1986 ਨੂੰ। ਇਸ ਵਿਚ ਸ਼ਿਵ ਸੈਨਾ ਦੇ ਵਰਕਰ ਜਿਹੜੇ ਜੇਲ੍ਹਾਂ ਵਿਚ ਗਏ ਉਹ ਵੀ ਆਉਂਦੇ ਹਨ। ਭਾਵੇਂ ਕਿਸੇ ਕਮਿਊਨਿਟੀ ਦਾ ਹੋਵੇ ਅਸੀਂ ਸਭ ਨਾਲ ਇਕੋ ਜਿਹਾ ਸਲੂਕ ਕੀਤਾ ਹੈ ਅਤੇ ਕਰਨਾ ਹੈ। ਸੋ ਮੈਂ ਦੱਸ ਰਿਹਾ ਸੀ ਕਿ ਇਸ ਮੈਮੋਰੰਡਮ ਆਫ ਸੈਟਲਮੈਂਟ ਦੀ ਇਕ ਕਲਾਜ਼ ਸੀ ਜਿਹੜੇ ਕਿ ਸਾਡੇ ਗੋਚਰੇ ਸੀ। ਉਸ ਉਤੇ ਸਾਡੀ ਸਰਕਾਰ ਨੇ ਭਰਪੂਰ ਜ਼ੋਰ ਦਿੱਤਾ ਹੈ ਕਿ ਇਨੋਸੈਂਟ ਜਿਹੜੇ ਮਾਰੇ ਗਏ ਸਨ ਚਾਹੇ ਉਹ ਹਿੰਦੂ ਸੀ, ਸਿੱਖ ਸੀ ਜਾਂ ਕਿਸੇ ਵੀ ਕਮਿਊਨਿਟੀ ਨਾਲ ਤੁਅੱਲਕ ਰੱਖਦੇ ਸਨ, ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਕਦਮ ਇਸ ਸਰਕਾਰ ਨੇ ਚੁੱਕਿਆ ਹੈ ਅਤੇ ਇਸ ਕੰਮ ਨੂੰ ਬਹੁਤ ਤੇਜ਼ੀ ਨਾਲ ਚਾਲੂ ਕੀਤਾ ਹੈ। 2 ਕਰੋੜ 22 ਲੱਖ ਰੁਪਿਆ ਸਾਡੇ ਮੁੱਖ ਮੰਤਰੀ ਨੇ ਅੰਮ੍ਰਿਤਸਰ ਅਤੇ ਹੋਰ ਥਾਵਾਂ ਵਿਚ ਵੰਡਿਆ। 5 ਕਰੋੜ 1 ਲੱਖ ਰੁਪਿਆ ਜਾਇਦਾਦ ਦਾ ਮੁਆਵਜ਼ਾ ਦਿੱਤਾ ਗਿਆ।

10 ਕਲਾਜ਼ਿਜ਼ ਜੋ ਕੇਂਦਰ ਨੇ ਲਾਗੂ ਕਰਨੀਆਂ ਸਨ, ਇਨਸੀਡੈਂਟਲੀ ਬੀਬੀ ਜੀ ਉਥੇ ਸੈਂਟਰ ਵਿਚ ਤੁਹਾਡੀ ਪਾਰਟੀ ਦੀ ਸਰਕਾਰ ਹੈ, ਕੀ ਤੁਸੀਂ ਕੋਈ ਯਤਨ ਕੀਤਾ ਉਨ੍ਹਾਂ ਕਲਾਜ਼ਿਜ਼ ਨੂੰ ਲਾਗੂ ਕਰਾਉਣ ਲਈ ? ਤੁਸੀਂ ਕੋਈ ਯਤਨ ਨਹੀਂ ਕੀਤਾ ਉਨ੍ਹਾਂ ਨੂੰ ਲਾਗੂ ਕਰਾਉਣ ਲਈ। ਤੁਸੀਂ ਕੋਈ ਧਰਨਾ ਨਹੀਂ ਦਿੱਤਾ ਇਸ ਬਾਰੇ। ਕੱਲ੍ਹ ਤੁਸੀਂ ਇਥੇ ਤੱਪੜ ਤੇ ਬੈਠਕੇ ਪੰਜਾਬ ਨਾਲ ਧਰੋਹ ਕੀਤਾ ਹੈ। ਤੁਸੀਂ ਪੰਜਾਬ ਦੇ ਹਿਤ ਨੂੰ ਪੈਰਾਂ ਵਿਚ ਰੋਲ ਦਿੱਤਾ।

ਇਸ ਦੇ ਨਾਲ ਹੀ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ। ਇਹ ਇਕ ਨੌਜਵਾਨਾਂ ਦਾ ਮਸਲਾ ਹੈ। ਨੌਜਵਾਨ ਸਿੱਖ ਜਿਹੜੇ ਜੋਧਪੁਰ ਅਤੇ ਅਜਮੇਰ ਦੀਆਂ ਜੇਲ੍ਹਾਂ ਵਿਚ ਬੈਠੇ ਹਨ, ਉਨ੍ਹਾਂ ਨੂੰ ਛੁਡਾਉਣ ਦਾ ਅਸੀਂ ਉਪਰਾਲਾ ਕਰ ਰਹੇ ਹਾਂ। ਐਡਰੈਸ ਦੇ ਵਿਚ ਗਵਰਨਰ ਸਾਹਿਬ ਨੇ ਵੀ ਇਹ ਗੱਲ ਆਖੀ ਹੈ, - ਉਸ ਪਾਸੇ ਉਨ੍ਹਾਂ ਨੇ ਇਸ਼ਾਰਾ ਕੀਤਾ ਹੈ। ਉਸ ਪਾਸੇ ਸਾਡੀ ਸਰਕਾਰ ਪੂਰਾ ਯਤਨ ਕਰ ਰਹੀ ਹੈ। ਇਸ ਤੋਂ ਇਲਾਵਾ ਫੌਜੀ ਜਿਹੜੇ ਜੇਲ੍ਹਾਂ ਵਿਚ ਹਨ ਉਨ੍ਹਾਂ ਨੂੰ ਛੁਡਾਉਣ ਲਈ ਭਰਪੂਰ ਯਤਨ ਸਾਡੀ ਸਰਕਾਰ ਕਰ ਰਹੀ ਹੈ। ਕੇਂਦਰ ਵਿਚ ਤੁਹਾਡੀ ਪਾਰਟੀ ਦੀ ਸਰਕਾਰ ਹੈ। ਸਿੱਖ ਨੌਜਵਾਨਾਂ ਦੇ ਖਿਲਾਫ ਐਸਾ ਐਕਸ਼ਨ ਲਿਆ ਜਿਸ ਨਾਲ ਐਸੇ ਹਾਲਾਤ ਪੈਦਾ ਹੋ ਗਏ ਸਿੱਖਾਂ ਨੂੰ ਐਲੀਨੇਟ ਕਰਨ ਦੀ ਕੋਸ਼ਿਸ਼ ਕੀਤੀ ਗਈ, ਸਿੱਖ ਐਲੀਨੇਟ ਹੋ ਗਏ। ਤੁਸੀਂ ਬਲਿਟਜ਼ ਅਖਬਾਰ ਪੜ੍ਹੋ, ਉਸ ਵਿਚ ਸ੍ਰੀ ਰਾਜੀਵ ਗਾਂਧੀ ਨੇ ਇੰਟਰਵਿਊ ਦਿੱਤੀ ਹੈ। ਉਸ ਵਿਚ

Original with;
Punjab Vidhan Sabha
Digitized by;
Panjab Digital Library

ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਨਹੀਂ ਸਮਝੇ ਪਰ ਪ੍ਰਧਾਨ ਮੰਤਰੀ ਸਮਝਦਾਰ ਹਨ। ਉਹ ਸਮਝਦੇ ਹਨ। ਇਹਨਾਂ ਦੀ ਇਹ ਗੱਲ ਕਹਿਣੀ ਕਿ ਅਕਾਲੀ ਸਰਕਾਰ ਬਲਿਊਸਟਾਰ ਕਰੇ, ਇਹ ਵਾਜਬ ਨਹੀਂ । ਉਨ੍ਹਾਂ ਨੇ ਕਿਹਾ ਕਿ ਜਿਹੜਾ ਮਸਲਾ ਸਾਲਾਂ ਬੱਧੀ ਚੱਲ ਰਿਹਾ ਹੋਵੇ ਅਤੇ ਅਜਿਹੇ ਹਾਲਾਤ ਪੈਦਾ ਹੋ ਗਏ ਹੋਣ ਤਾਂ ਉਹ ਦਿਨਾਂ ਵਿਚ ਸੁਧਰ ਨਹੀਂ ਸਕਦਾ। ਸਾਡੀ ਸਰਕਾਰ ਨੇ ਪੰਜਾਬ ਵਿਚ ਹਾਲਾਤ ਸੁਧਾਰਨ ਲਈ ਯਤਨ ਕੀਤੇ ਹਨ। ਪੰਜਾਬ ਵਿਚ ਪਿਛਲੇ ਮਹੀਨੇ ਗਲਤ ਅਨਸਰਾਂ ਨੇ ਪੰਜਾਬ ਵਿਚ ਲਾਅ ਐਂਡ ਆਰਡਰ ਨੂੰ ਤਹਿਸ ਨਹਿਸ ਕਰਨ ਦੀ ਕੋਸ਼ਿਸ਼ ਕੀਤੀ। ਦੋ ਥਾਵਾਂ ਤੇ ਕਰਫਿਊ ਲੱਗਾ-ਇਕ ਨਕੋਦਰ ਵਿਚ ਅਤੇ ਦੂਸਰਾ ਬਟਾਲੇ ਵਿਚ। ਸਾਡਾ ਕਿਰਦਾਰ ਅੱਜ ਕਿਥੇ ਚਲਾ ਗਿਆ ਹੈ। ਜਦੋਂ ਸਿੱਖ ਨੌਜਵਾਨਾਂ ਤੇ ਝੂਠੇ ਮੁਕੱਦਮੇਂ ਚਲਾਏ ਗਏ ਸਨ ਤਾਂ ਇਹ ਕਹਿੰਦੇ ਹਨ ਕਿ ਪੁਲਿਸ ਨੇ ਬਹੁਤ ਅੱਛਾ ਕੀਤਾ। ਇਹ ਉਨ੍ਹਾਂ ਨੂੰ ਸ਼ਾਬਾਸ਼ੀ ਦਿੰਦੇ ਸਨ। ਇਨ੍ਹਾਂ ਦਾ ਕਾਂਗਰਸ ਦਾ ਪ੍ਰਧਾਨ ਕਹਿੰਦਾ ਹੈ ਕਿ ਪੁਲਿਸ ਨੇ ਬਹੁਤ ਅੱਛਾ ਕੀਤਾ । ਪਰ ਅਸੀਂ ਇਸ ਚੀਜ਼ ਨੂੰ ਮਹਿਸੂਸ ਕੀਤਾ ਅਤੇ 3 ਐਮ. ਐਲ. ਏਜ਼ ਨਕੋਦਰ ਗਏ। ਉਥੇ ਚਾਰ ਮੌਤਾਂ ਹੋਈਆਂ ਦੱਸਿਆ ਗਿਆ ਹੈ। ਉਥੇ ਸੀ. ਐਮ. ਨੂੰ ਟੈਲੀਫੋਨ ਕੀਤਾ। ਉਨ੍ਹਾਂ ਨੇ ਮੌਕੇ ਤੇ ਵਿੱਤ ਮੰਤਰੀ ਨੂੰ ਭੇਜਿਆ। । ਇਸ ਦਾ ਹੁਣ ਕੀ ਹੋ ਰਿਹਾ ਹੈ, ਕਿਉਂਕਿ ਜੁਡੀਸ਼ਲ ਇਨਕੁਆਇਰੀ ਹੋ ਰਹੀ ਹੈ, ਇਸ ਲਈ ਉਸਦੀ ਡਿਟੇਲ ਵਿਚ ਜਾਣਾ ਵਾਜਬ ਨਹੀਂ ਹੈ ਇਸ ਸਟੇਜ ਤੇ। ਪਰਾਈਮਾ ਫੇਸਾਈ ਇਹ ਕੇਸ ਬਣਦਾ ਸੀ ਸਰਕਾਰ ਦੀਆਂ ਵਿਸ਼ਿਜ਼, ਹਦਾਇਤਾਂ ਦੇ ਖਿਲਾਫ, ਉਲੰਘਣਾ ਕਰਕੇ ਲਾਸ਼ਾਂ ਘਰ ਵਾਲਿਆਂ ਨੂੰ ਨਹੀਂ ਦਿੱਤੀਆਂ ਗਈਆਂ। ਕੁਝ ਅਫਸਰ ਸਸਪੈਂਡ ਕੀਤੇ ਗਏ, ਬਦਲੀ ਕੀਤੇ ਗਏ। ਅਸੀਂ ਉਨ੍ਹਾਂ ਦਾ ਲਿਹਾਜ਼ ਨਹੀਂ ਕੀਤਾ ਜੋ ਉਨ੍ਹਾਂ ਨੇ ਗਲਤੀਆਂ ਕੀਤੀਆਂ ਪਰ ਇਨ੍ਹਾਂ ਵੇਲੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਕੀ ਹੁੰਦਾ ਸੀ ਕਿ ਝੂਠੇ ਐਨਕਾਊਂਟਰ ਹੁੰਦੇ ਸਨ, ਝੂਠੇ ਕੇਸਿਜ਼ ਪੁਲਿਸ ਬਣਾਉਂਦੀ ਸੀ। ਚੇਅਰਮੈਂਨ ਸਾਹਿਬ ਹੁਣ ਕੀ ਹੋਇਆ ਕਿ ਇਥੇ ਇਨਕੁਆਇਰੀ ਸ਼ੁਰੂ ਹੋਈ। ਬਟਾਲੇ ਵਾਕਿਆ ਹੋਇਆ, ਉਥੇ ਵੀ ਇਨਕੁਆਇਰੀ ਸ਼ੁਰੂ ਹੋਈ । ਦੂਸਰੇ ਪਾਸੇ ਪਹਿਲਾਂ ਕੀ ਹੁੰਦਾ ਸੀ ਕਿ ਮਹਿਤਾ ਚੌਂਕ ਵਿਚ 18 ਸਿੱਖ ਇਕੋ ਦਿਨ ਵਿਚ ਕਤਲ ਕਰ ਦਿਤੇ ਗਏ ਪਰ ਪੁਲਿਸ ਨੇ ਲਾਸ਼ਾਂ ਨਹੀਂ ਦਿੱਤੀਆਂ। ਉਸ ਵੇਲੇ ਇਨ੍ਹਾਂ ਸਾਹਮਣੇ ਬੈਠੇ ਵਿਰੋਧੀ ਵੀਰਾਂ ਨੇ ਧਰਨਾ ਨਾ ਦਿੱਤਾ । ਮਨੁੱਖ ਤਾਂ ਸਾਰੇ ਇਕੋ ਜਿਹੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੱਚੇ ਪਾਤਸ਼ਾਹ ਜੀ ਫਰਮਾਉਂਦੇ ਹਨ :

'ਮਾਨਸ ਕੀ ਜਾਤਿ ਸਭ ਏਕ ਹੀ ਪਹਿਚਾਨਬੋ'

ਗੁਰੂ ਗੋਬਿੰਦ ਸਿੰਘ ਮਹਾਰਾਜ ਸੱਚੇ ਪਾਤਸ਼ਾਹ ਨੂੰ ਤੁਸੀਂ ਮੰਨਣ ਵਾਲੇ ਹੋ ਉਨ੍ਹਾਂ ਦਾ ਉਪਦੇਸ਼ ਤਾਂ ਸੁਣੋਂ ਕਿ ਸੱਚੇ ਪਾਤਸ਼ਾਹ ਦੇ ਉਪਦੇਸ਼ ਸਾਨੂੰ ਕੀ ਸਿਖਿਆ ਦਿੰਦੇ ਹਨ। ਤੁਸੀਂ ਉਸ ਵੇਲੇ ਕਿਉਂ ਨਾ ਧਰਨਾ ਦਿੱਤਾ ਜਦੋਂ 18 ਸਿੱਖਾਂ ਨੂੰ ਇਕੋ ਦਿਨ ਕਤਲ ਕਰ ਦਿੱਤਾ ਗਿਆ ਔਰ ਉਨ੍ਹਾਂ ਨੂੰ ਫੂਕ ਦਿੱਤਾ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਵੀ ਪੁਲਿਸ ਨੇ ਨਾ ਦਿੱਤੀਆਂ। ਉਸ ਵੇਲੇ ਤੁਹਾਡੀ ਆਤਮਾ ਸੁੱਤੀ ਹੋਈ ਸੀ। ਅੱਜ ਵੀ ਤੁਹਾਡੀ ਆਤਮਾ ਸੁੱਤੀ ਹੋਈ ਹੈ।

**ਸਰਦਾਰਨੀ ਗੁਰਬਰਿੰਦਰ ਕੌਰ ਬਰਾੜ (ਬੈਠੇ, ਬੈਠੇ)**: ਇਕ ਤੁਹਾਡੀ ਆਤਮਾ ਹੀ ਜਾਗਦੀ ਹੈ ਬਾਕੀ ਸਭ ਦੀ ਸੁੱਤੀ ਪਈ ਹੈ ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਅੱਜ ਦੀ ਅਖਬਾਰ ਪੜ੍ਹੋ ਉਸ ਦੇ ਵਿਚ ਕੀ ਲਿਖਿਆ ਹੋਇਆ ਹੈ। ਸਿੰਧ ਵਿਚ ਕੀ ਹੋਇਆ, ਉਥੇ ਸੱਤ ਮੰਦਰ ਹਿੰਦੂਆਂ ਦੇ ਲੁਟੇ ਗਏ। ਹਿੰਦੂਆਂ ਦੇ ਧਰਮ ਅਸਥਾਨਾਂ ਦੀ ਰਖਿਆ ਨਹੀਂ ਕਰ ਸਕੇ। ਚਲੋ ਸਿੰਧ ਦੀ ਗੱਲ ਛੱਡ ਦਿਓ ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਪਾਕਿਸਤਾਨ ਵਿੱਚ ਹੈ। ਕੱਲ੍ਹ ਦੀ ਅਖਬਾਰ ਪੜ੍ਹੋ। ਉਸ ਵਿਚ ਜੰਮੂ ਕਸ਼ਮੀਰ ਦੇ ਰੈਵੇਨਿਊ ਮਨਿਸਟਰ ਸਾਹਿਬ ਦਾ ਬਿਆਨ ਹੈ। ਅਨੰਤਨਾਗ ਵਿਚ 11 ਮੰਦਰ ਹਿੰਦੂਆਂ ਦੇ ਡੈਮੇਜ ਕੀਤੇ ਗਏ। ਤੁਸੀਂ ਕਿਧਰੇ ਕੋਈ ਧਰਨਾ ਦਿੱਤਾ ? ਤੁਹਾਨੂੰ ਕੋਈ ਲਾਜ ਨਹੀਂ ਆਈ।

**ਸ੍ਰੀ ਸੇਵਾ ਰਾਮ ਅਰੋੜਾ :** ਸਾਡੀ ਸੈਕੂਲਰ ਪਾਰਟੀ ਹੈ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ :** ਇਨ੍ਹਾਂ ਕਸ਼ਮੀਰੀ ਪੰਡਿਤਾਂ ਦੇ ਲਈ ਸਾਹਿਬ ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦਾ ਸਾਕਾ ਹੋਇਆ। ਜਦੋਂ, ਚੇਅਰਮੈਨ ਸਾਹਿਬ, 1675 ਵਿੱਚ ਕਸ਼ਮੀਰੀ ਪੰਡਿਤ ਸਾਹਿਬ ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੂੰ ਪੰਡਿਤ ਕਿਰ ਪਾ ਰਾਮ ਦੀ ਸਰਕਰਦਗੀ ਹੇਠ ਮਿਲੇ ਅਤੇ ਉਨ੍ਹਾਂ ਨੂੰ ਆ ਕੇ ਬੇਨਤੀ ਕੀਤੀ ਇਸ ਆਨੰਦਪੁਰ ਸਾਹਿਬ ਦੀ ਧਰਤੀ ਤੇ ਜਿਥੇ ਇਹ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਗਿਆ ਹੈ ਉਨ੍ਹਾਂ ਨੇ ਆਕੇ ਕਿਹਾ ਕਿ ਸਾਡੇ ਜਨੇਊ ਜਬਰਦਸਤੀ ਲੁਹਾਏ ਜਾ ਰਹੇ ਹਨ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਉਨ੍ਹਾਂ ਦੇ ਜਨੇਊ ਦੀ ਰਖਿਆ ਕਰਨ ਵਾਸਤੇ ਇਤਨਾ ਵੱਡਾ ਸਾਕਾ ਕੀਤਾ। ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ ਕਥਾ 'ਬਚਿੱਤਰ ਨਾਟਿਕ' ਚ ਲਿਖਿਆ ਹੈ।

"ਤਿਲਕ ਜੰਞੂ ਰਾਖਾ ਪ੍ਰਭ ਤਾਂਕਾ-<br>ਕੀਨੋ ਬਡੋ ਕਲੂਮੇਂ ਸਾਕਾ।"

ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਨੇ ਉਨ੍ਹਾਂ ਦੇ ਜਨੇਊ ਤੇ ਤਿਲਕ ਨੂੰ ਰੱਖਣ ਦੀ ਖਾਤਰ ਇਤਨੀ ਵੱਡੀ ਕੁਰਬਾਨੀ ਦੇ ਕੇ ਸਾਕਾ ਕੀਤਾ। ਤੁਸੀਂ ਜਨੇਊ ਦੀ ਗੱਲ ਕਰਦੇ ਹੋ। ਜਨੇਊ ਦੇ ਲਈ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ :—

'ਦਿਆ ਕਪਾਹ ਸੰਤੋਖ ਸੂਤ ਜਤ ਗੰਡੀ ਸਤੁ ਵੱਟ,<br>ਇਹ ਜਨੇਊ ਜੀਅ ਕਾ ਹਈ ਤਾਂ ਪਾਂਧੇ ਘੱਤ'

ਪਿਤਾ ਮਹਿਤਾ ਕਾਲੂ ਜੀ ਨੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਤੁਹਾਨੂੰ ਜਨੇਊ ਪੁਆਉਣਾ ਹੈ ਤਾਂ ਅਗੋਂ ਗੁਰੂ ਨਾਨਕ ਦੇਵ ਜੀ ਨੇ ਉਸ ਪੰਡਿਤ ਜੀ ਨੂੰ ਕਿਹਾ ਕਿ ਜੇ ਤੁਹਾਡੇ ਪਾਸ ਇਸ ਤਰ੍ਹਾਂ ਦਾ ਜਨੇਊ ਹੈ ਤਾਂ ਬੇਸ਼ਕ ਮੈਨੂੰ ਪਾ ਦਿਓ। ਪੰਡਿਤ ਸਰਵਣ ਰਾਮ ਜੀ, ਜ਼ਰਾ ਧਿਆਨ ਨਾਲ ਸੁਣੋ, ਕਿ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਨੇ ਕਿਹਾ ਹੈ :—

'ਦਿਆ ਕਪਾਹ ਸੰਤੋਖ ਸੂਤ ਜਤ ਗੰਡੀ ਸਤੁ ਵੱਟ<br>ਏਹ ਜਨੇਊ ਜੀ ਕਾ ਹਈ ਤਾਂ ਪਾਂਧੇ ਘੱਤ।'

ਕਾਂਗਰਸੀਆਂ ਵਿੱਚ ਕਿੰਨਾ ਕੁ ਜਤ ਹੈ, ਕਿੰਨਾ ਸੱਤ ਵੱਟ ਹੈ। ਸਾਹਿਬ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ, ਪੰਡਿਤ ਜੀ ਅਗਰ ਇਸ ਤਰ੍ਹਾਂ ਦਾ ਜਨੇਊ ਤੁਹਾਡੇ ਪਾਸ ਹੈ ਤਾਂ ਮੈਨੂੰ ਦਿਓ ਜਿਹੜਾ ਸੱਤ ਦਾ ਹੋਵੇ, ਸੰਤੋਖ ਦਾ ਹੋਵੇ। ਚੇਅਰਮੈਨ ਸਾਹਿਬ, ਉਸ ਨਗਰੀ ਅਨੰਤਨਾਗ ਵਿਚ ਜਿਥੇ 11 ਮੰਦਰ ਡੈਮੇਜ ਕੀਤੇ ਗਏ ਕੀ ਉਨ੍ਹਾਂ ਦੇ ਵਾਸਤੇ ਇਨ੍ਹਾਂ ਨੇ ਕੋਈ ਧਰਨਾ ਦਿੱਤਾ। ਇਥੇ ਪੰਜਾਬ ਵਿਚ ਦੋ ਥਾਵਾਂ ਤੇ ਕਰਫਿਊ ਲੱਗਿਆ ਤਾਂ ਇਨ੍ਹਾਂ ਨੇ ਆਸਮਾਨ ਸਿਰ ਤੇ ਚੁੱਕ ਲਿਆ। ਮੇਰਠ ਵਿਚ ਕੀ ਹੋਇਆ ? ਉਥੇ 3 ਆਦਮੀ ਕਤਲ ਹੋਏ ਤਾਂ ਯੂ. ਪੀ. ਦੇ 15 ਸ਼ਹਿਰਾਂ ਵਿਚ ਇਕੋ ਦਿਨ ਕਰਫਿਊ ਲੱਗਿਆ। ਅਯੁਧਿਆ ਦਾ ਤੁਸੀਂ ਦੇਖ ਲਓ ਜਿਥੇ ਝਗੜਾ ਚਲ ਰਿਹਾ ਹੈ

Original with;
Punjab Vidhan Sabha
Digitized by;
Panjab Digital Library

ਜਿਹੜਾ ਸ੍ਰੀ ਰਾਮ ਚੰਦਰ ਜੀ ਦਾ ਸਥਾਨ ਹੈ। ਸ਼ਾਇਦ ਉਥੇ ਜਾਕੇ ਤੁਸੀਂ ਦਰਸ਼ਨ ਨਹੀਂ ਕੀਤੇ, ਮੈਂ ਉਸ ਪਵਿੱਤਰ ਅਸਥਾਨ ਦੇ ਜਾ ਕੇ ਦਰਸ਼ਨ ਕੀਤੇ ਹਨ। ਅਯੁਧਿਆ ਦੇ ਅਸਥਾਨ ਦੇ ਲਈ ਅਦਾਲਤ ਦਾ ਫੈਸਲਾ ਹੋਇਆ ਅਤੇ ਉਹ ਮੰਦਰ ਖੋਲ੍ਹਿਆ ਗਿਆ। ਇਸ ਦੇ ਲਈ ਯੂ. ਪੀ. ਦੇ ਵਿੱਚ ਫਸਾਦ ਹੋਏ। ਯੂ.ਪੀ. ਦੇ ਵਿਚ ਇਕੋ ਦਿਨ 15 ਸ਼ਹਿਰਾਂ ਵਿਚ ਕਰਫਿਊ ਲੱਗਿਆ। ਉਸ ਵੇਲੇ ਬੀਬੀ ਜੀ ਤੁਹਾਡੀ ਪਾਰਟੀ ਨੇ ਧਰਨਾ ਨਾ ਦਿੱਤਾ। ਕੱਲ੍ਹ ਤਾਂ ਧਰਨਾ ਦੇਣਾ ਤੁਹਾਨੂੰ ਯਾਦ ਆ ਗਿਆ ਪਰ ਉਸ ਵੇਲੇ ਤੁਹਾਨੂੰ ਧਰਨਾ ਦੇਣਾ ਯਾਦ ਨਾ ਆਇਆ। ਸਿੰਧ ਵਿੱਚ ਮੰਦਰ ਲੁੱਟੇ ਗਏ, ਜੰਮੂ ਕਸ਼ਮੀਰ ਵਿਚ 11 ਮੰਦਰ ਡੈਮੇਜ ਕੀਤੇ ਗਏ। ਉਸ ਵੇਲੇ ਤੁਹਾਨੂੰ ਧਰਨੇ ਯਾਦ ਨਾ ਆਏ।

**ਸ੍ਰੀ ਸੇਵਾ ਰਾਮ ਅਰੋੜਾ** (ਬੈਠੇ ਬੈਠੇ): ਆਪਣੇ ਲੀਡਰ ਨੂੰ ਤੁਸੀਂ ਪੁੱਛ ਲਓ ਕਿ ਉਨ੍ਹਾਂ ਨੇ ਕਿੰਨੀ ਵਾਰੀ ਧਰਨੇ ਦਿੱਤੇ ਹਨ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ**: ਚੇਅਰਮੈਨ ਸਾਹਿਬ, ਕੱਲ੍ਹ ਦੇ ਅਖਬਾਰ ਵਿੱਚ ਇਕ ਖਬਰ ਹੈ ਕਿ ਜਿਸ ਵੇਲੇ ਦੇਸ਼ ਆਜ਼ਾਦ ਹੋਇਆ ਤਾਂ ਉਸ ਵੇਲੇ ਸਿਰੀ ਨਗਰ ਵਿੱਚ ਪੰਡਿਤਾਂ ਦੀ ਪਾਪੂਲੇਸ਼ਨ 3 ਲੱਖ ਸੀ ਜਦੋਂ ਕਿ ਪਿਛਲੇ 38 ਸਾਲਾਂ ਵਿਚ ਇਹ ਘੱਟ ਕੇ 70 ਹਜ਼ਾਰ ਦੇ ਕਰੀਬ ਰਹਿ ਗਈ ਹੈ। 2 ਲੱਖ 30 ਹਜਾਰ ਦੀ ਆਬਾਦੀ ਉਥੋਂ ਘਟ ਗਈ ਹੈ। ਉਦੋਂ ਧਰਨੇ ਨਾ ਦਿੱਤੇ (ਵਿਘਨ) ਅਸੀਂ ਇਸ ਸਦਨ ਨੂੰ ਮੰਦਰ ਸਮਝਦੇ ਹਾਂ।

**ਸ੍ਰੀ ਸੇਵਾ ਰਾਮ ਅਰੋੜਾ**: ਕੋਈ ਗਵਰਨਰ ਐਡਰੈਸ ਤੇ ਗੱਲ ਕਰੋ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ**: ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੇ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਦਾ ਪਿਛਲੇ 32–33 ਸਾਲਾਂ ਵਿੱਚ ਕੁਰਸੀਆਂ ਨਾਲ ਜ਼ਿਆਦਾ ਪਿਆਰ ਹੋ ਗਿਆ ਹੈ। ਇਹ ਕੁਰਸੀ ਤੋਂ ਬਗੈਰ ਨਹੀਂ ਰਹਿ ਸਕਦੇ। ਇਹ ਆਪਣੇ ਆਪ ਨੂੰ ਅਕਾਮੋਡੇਟ ਨਹੀਂ ਕਰ ਸਕੇ। ਇਹ ਕੱਲ੍ਹ ਸਦਨ ਦੀ ਧਰਤੀ ਤੇ ਬੈਠੇ ਸਨ, ਇਨ੍ਹਾਂ ਨੇ ਅਗਲੇ 5 ਸਾਲ ਧਰਤੀ ਤੇ ਹੀ ਬੈਠਣਾ ਹੈ, ਤਪੜਾਂ ਤੇ ਹੀ ਬੈਠਣਾ ਹੈ।

**ਪੰਡਿਤ ਸਰਵਣ ਰਾਮ ਮਨਸੋਵਾਲੀਆ**: ਨਾਲੇ ਕਹਿੰਦੇ ਹੋ ਕੁਰਸੀ ਨਾਲ ਪਿਆਰ ਹੈ। ਨਾਲੇ ਕਹਿੰਦੇ ਹੋ ਤੱਪੜ ਤੇ ਬੈਠੇ ਹਨ। ਜਾਂ ਤਾਂ ਕੁਰਸੀਆਂ ਨਾਲ ਪਿਆਰ ਨਾ ਕਹੋ।

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ**: ਸੋ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਬਰਨਾਲਾ ਸਾਹਿਬ, ਜੋ ਅਕਾਲੀ ਦਲ ਦੇ ਪ੍ਰਧਾਨ ਵੀ ਹਨ, ਉਨ੍ਹਾਂ ਨੇ ਪਾਰਟੀ ਨੂੰ ਇਕ ਸੇਧ ਦਿਤੀ, ਉਨ੍ਹਾਂ ਨੇ ਪੰਜਾਬ ਨੂੰ ਇਕ ਚੰਗਾ ਮੋੜ ਦੇਣ ਦਾ ਯਤਨ ਕੀਤਾ। ਬਰਨਾਲਾ ਸਾਹਿਬ ਨੇ ਕੇਂਦਰ ਦੇ ਨਾਲ ਦੋਸਤੀ ਦਾ ਹੱਥ ਵਧਾਇਆ ਹੈ ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਲੇ ਆਉਣ ਵਾਲੇ ਦਿਨਾਂ ਵਿਚ ਕੇਂਦਰ ਨੂੰ ਬਰਨਾਲਾ ਸਾਹਿਬ ਦਾ ਹੱਥ ਨੱਪਣਾ ਚਾਹੀਦਾ ਹੈ, ਛੱਡਣਾ ਨਹੀਂ ਚਾਹੀਦਾ। ਅਸੀਂ ਚਾਹੁੰਦੇ ਹਾਂ ਕਿ ਦੇਸ਼ ਦੇ ਹਾਲਾਤ ਚੰਗੇ ਬਣਨ ਅਤੇ ਇਸ ਦੇ ਲਈ ਬਰਨਾਲਾ ਸਾਹਿਬ ਦੀ ਸਰਕਾਰ ਯਤਨਸ਼ੀਲ ਹੈ। ਇਸ ਪਾਸੇ ਕੇਂਦਰ ਦੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਦੇ ਲਈ ਉਸ ਨੂੰ ਆਪਣਾ ਹੱਥ ਅਗੇ ਵਧਾਉਣਾ ਚਾਹੀਦਾ ਹੈ। (ਘੰਟੀ) ਬਸ ਜੀ, 2 ਮਿੰਟ ਹੀ ਮੈਂ ਹੋਰ ਲਵਾਂਗਾ। ਕੇਂਦਰ ਦੀ ਇਕ ਵੱਡੀ ਜ਼ਿੰਮੇਵਾਰੀ ਹੈ ਬਾਰਡਰ ਦੇ ਸਿਲਸਿਲੇ ਵਿੱਚ। ਪੰਜਾਬ ਇੰਟਰ-ਨੈਸ਼ਨਲ ਬਾਰਡਰ ਤੇ ਹੈ ਅਤੇ ਇਸ ਦੇ ਵੱਲ ਕੇਂਦਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜਾ ਇਸ ਗੱਲ ਦਾ ਦੋਸ਼ ਲਾਉਂਦੇ ਹਨ ਕਿ ਉਧਰੋਂ ਸਰਹਦ ਪਾਰ ਨੌਜਵਾਨ ਇਧਰ ਆ ਕੇ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ]

ਦੀਆਂ ਕਾਰਵਾਈਆਂ ਕਰਦੇ ਹਨ ਉਸ ਦੇ ਲਈ ਇਹ ਕੇਂਦਰ ਦਾ ਫਰਜ਼ ਬਣਦਾ ਹੈ ਕਿ ਇਸ ਨੂੰ ਰੋਕੇ ਅਤੇ ਜੋ ਇਧਰ ਆਉਂਦੇ ਹਨ ਉਨ੍ਹਾਂ ਨੂੰ ਪਕੜੇ। ਚੇਅਰਮੈਨ ਸਾਹਿਬ, ਇਹ ਇਕ ਕਿਤਾਬ ਛਪੀ ਹੈ ਜਿਹੜੀ ਕਿ ਇਕ ਬੜੇ ਇਮਪਾਰਟੈਂਟ ਆਦਮੀ ਨੇ ਲਿਖੀ ਹੈ। ਇਹ ਨਵੰਬਰ, 1985 ਵਿਚ ਕਿਤਾਬ ਛਪੀ ਹੈ ਅਤੇ ਇਸ ਕਿਤਾਬ ਦਾ ਨਾਮ "ਨੈਸ਼ਨਲ ਸਿਕਿਉਰਿਟੀ ਪ੍ਰਾਸਪੈਕਟਿਵ ਹੈ", ਜਿਹੜੀ ਲੈਫਟੀਨੈਂਟ ਜਨਰਲ ਪੀ. ਐਲ. ਕਠਪਾਲੀਆ ਨੇ ਲਿਖੀ ਹੈ। ਲੈਫਟੀਨੈਂਟ ਜਨਰਲ ਪੀ. ਐਲ. ਕਠ- ਪਾਲੀਆ ਜੀ ਨੇ ਦੇਸ਼ ਦੀ ਸੁਰੱਖਿਆ ਦੇ ਸਬੰਧ ਵਿਚ ਖਿਲਿਆ ਹੈ। ਇਸ ਦੇ ਵਿਚ ਉਨ੍ਹਾਂ ਨੇ ਕੁਝ ਸਿਫਾਰਸ਼ਾਂ ਕੀਤੀਆਂ ਹਨ ਦੇਸ਼ ਦੀ ਸਲਾਮਤੀ ਦੀ ਖਾਤਰ ਕਿ ਕੇਂਦਰ ਸਰਕਾਰ ਨੂੰ ਕਿਵੇਂ ਯੋਗ ਯਤਨ ਕਰਨੇ ਚਾਹੀਦੇ ਹਨ ਜਿਸ ਨਾਲ ਦੇਸ਼ ਦੀ ਸਿਕਿਉਰਿਟੀ ਬਰਕਰਾਰ ਰੱਖੀ ਜਾ ਸਕੇ। ਅਗੇ ਹੈ ਰਿਲੇਸ਼ਨਜ਼ ਵਿਦ ਪਾਕਿਸਤਾਨ'। ਕੇਂਦਰ ਦੀ ਸਰਕਾਰ ਇਹ ਜੋ ਕਹਿ ਰਹੀ ਹੈ ਕਿ ਕੁਝ ਸਿੱਖ ਨੌਜਵਾਨ ਪਾਕਿਸਤਾਨ ਵਿੱਚ ਚਲੇ ਗਏ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੌਜਵਾਨਾਂ ਨੂੰ ਕੇਂਦਰ ਸਰਕਾਰ ਨੂੰ ਜਾਣ ਨਹੀਂ ਦੇਣਾ ਚਾਹੀਦਾ ਸੀ। ਹੁਣ ਵੀ ਉਨ੍ਹਾਂ ਨੂੰ ਵਾਪਸ ਲਿਆਉਣਾ ਚਾਹੀਦਾ ਹੈ ਅਤੇ ਮੇਨ ਸਟਰੀਮ ਵਿਚ ਲਿਆਉਣਾ ਚਾਹੀਦਾ ਹੈ। ਫਿਰ ਹੈ ਕਿ ਪਾਕਿਸਤਾਨ ਦੇ ਨਾਲ ਬਾਰਡਰ ਸੀਲ ਕੀਤਾ ਜਾਣਾ ਚਾਹੀਦਾ ਹੈ। ਸਾਨੂੰ ਅਫਸੋਸ ਹੈ ਕਿ ਸੀਲ ਲਗਾ ਕੇ ਫਿਰ ਕਿਸ ਤਰ੍ਹਾਂ ਕਿਥੋਂ ਭੱਜ ਗਏ। ਕਠਪਾਲੀਆ ਨੇ ਕਿਹਾ ਹੈ ਕਿ Early political settlement is the only answer.

ਇਕ ਦੂਜੇ ਹਨ ਜਿਨ੍ਹਾਂ ਨੇ ਐਕਸ਼ਨ ਵਿਚ ਹਿੱਸਾ ਲਿਆ। ਕਹਿੰਦੇ ਹਨ ਕਿ ਪੰਜਾਬ ਦਾ ਮਸਲਾ ਅਜਿਹਾ ਨਹੀਂ। ਇਹ ਫੌਜ ਦੇ ਨਾਲ ਹਲ ਨਹੀਂ ਹੋਣਾ ਇਹ ਪੁਲੀਟੀਕਲ, ਰਾਜਸੀ ਮਸਲਾ ਹੈ ਅਤੇ ਇਸ ਦਾ ਹਲ ਵੀ ਰਾਜਸੀ ਹੈ। ਕਾਂਗਰਸ ਵਾਲਿਓ ਤੁਸੀਂ ਵੀ ਸਾਥ ਦਿਓ। ਕੇਂਦਰ ਨੂੰ ਕਹੋ ਕਿ ਪੰਜਾਬ ਦੇ ਨਾਲ ਜਿਹੜੇ ਰਾਜਸੀ ਧੱਕੇ ਕੀਤੇ ਹਨ ਉਹ ਦੂਰ ਕਰੋ। ਜਿਹੜਾ ਚੰਡੀਗੜ੍ਹ ਹੈ ਫੌਰਨ ਪੰਜਾਬ ਨੂੰ ਦਿਓ। ਸਿੱਖ ਨੌਜਵਾਨ ਜਿਹੜੇ ਜੋਧਪੁਰ ਤੇ ਅਜਮੇਰ ਦੀਆਂ ਜੇਲ੍ਹਾਂ ਵਿਚ ਹਨ ਉਨ੍ਹਾਂ ਨੂੰ ਬਹਾਲ ਕਰੋ, ਜਿਹੜੇ ਲੋਕ ਗਲਤਫਹਿਮੀ ਵਿਚ ਪਾਕਿਸਤਾਨ ਵਿਚ ਚਲੇ ਗਏ ਹਨ ਉਨ੍ਹਾਂ ਨੂੰ ਵਾਪਸ ਲਿਆਓ। ਮਾਰ ਕੇ ਨਹੀਂ, ਪਿਆਰ ਨਾਲ। ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਮਾਰਨ ਨਾਲ ਦੁਸ਼ਮਨ ਬਣਦੇ ਹਨ। ਖਾਸ ਕਰਕੇ ਉਸ ਕਮਿਉਨਿਟੀ ਨੂੰ ਜਿਸ ਨੇ ਆਜ਼ਾਦੀ ਦੇ ਦਿਨਾਂ ਵਿਚ ਇਤਨੀਆਂ ਕੁਰਬਾਨੀਆਂ ਕੀਤੀਆਂ। ਇਨ੍ਹਾਂ ਨੂੰ ਬੀਫਰੈਂਡ ਕਰਨਾ ਚਾਹੀਦਾ ਹੈ, ਦੁਸ਼ਮਨੀ ਨਹੀਂ ਕਰਨੀ ਚਾਹੀਦੀ।

ਅੰਤ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਮੈਂ ਜੋ ਪ੍ਰਸਤਾਵ ਰਖਿਆ ਹੈ ਇਸ ਨੂੰ ਸਾਰਾ ਸਦਨ ਪੂਰੀ ਪੂਰੀ ਪ੍ਰਵਾਨਗੀ ਦੇਵੇਗਾ।

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** (ਕੂਮਕਲਾਂ ਐਸ.ਸੀ.) : ਚੇਅਰਮੈਨ ਸਾਹਿਬ, ਮੇਰੇ ਦੋਸਤ ਨੇ ਬਹੁਤ ਕੁਝ ਦਸਿਆ ਹੈ ਕਿ ਪੰਜਾਬ ਸਰਕਾਰ ਨੇ, ਬਰਨਾਲਾ ਸਰਕਾਰ ਨੇ ਥੋੜ੍ਹੇ ਸਮੇਂ ਵਿਚ ਉਹ ਪ੍ਰਾਪਤੀਆਂ ਕੀਤੀਆਂ ਜਿਨ੍ਹਾਂ ਦੀ ਸ਼ਲਾਘਾ ਕਰੇ ਬਿਨਾਂ ਮੈਂ ਨਹੀਂ ਰਹਿ ਸਕਦਾ। ਸਭ ਤੋਂ ਵੱਡੀ ਪ੍ਰਾਪਤੀ ਹੋਈ ਪੰਜਾਬ ਦੇ ਪਿੰਡ, ਸ਼ਹਿਰ ਸਾਰੇ ਹੀ ਕਾਫੀ ਸਮੇਂ ਤੋਂ ਅੰਧੇਰੇ ਵਿਚ ਰਹਿੰਦੇ ਸਨ ਲੇਕਿਨ ਬਰਨਾਲਾ ਸਾਹਿਬ ਨੇ ਉਪਰਾਲਾ ਕਰਕੇ ਜੋ ਅੱਜ ਪਿੰਡਾਂ ਨੂੰ ਬਿਜਲੀ ਦਿੱਤੀ, ਸ਼ਹਿਰਾਂ ਨੂੰ ਬਿਜਲੀ ਦਿੱਤੀ ਜਿਸ ਨਾਲ ਖੇਤੀ ਬਾੜੀ ਦਾ, ਇੰਡਸਟਰੀ ਦਾ ਵਿਕਾਸ ਹੋ ਰਿਹਾ ਹੈ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਜੋ ਕਿਸਾਨਾਂ ਨੂੰ ਰਿਲੀਫ ਦਿੱਤਾ ਗਿਆ ਸੀ 26 ਕਰੋੜ ਰੁਪਏ ਦਾ ਉਸ ਦੇ ਨਾਲ ਕਿਸਾਨਾਂ ਨੂੰ ਰਾਹਤ ਮਿਲੀ ਹੈ। ਇਹ ਇਸ ਲਈ ਸ਼ਲਾਘਾ ਦੇ ਪਾਤਰ ਹਨ। ਫੌਜੀਆਂ ਦੀ ਮੁੜ ਬਹਾਲੀ,

Original with;
Punjab Vidhan Sabha
Digitized by;
Panjab Digital Library

ਨੌਜਵਾਨਾਂ ਦੀ ਬਹਾਲੀ, ਪੀੜਿਤ ਇੰਡਸਟਰੀ ਦਾ ਵਿਕਾਸ, ਖੇਤੀਬਾੜੀ ਦੇ ਵਿਕਾਸ ਵਾਸਤੇ ਬਹੁਤ ਕੁਝ ਐਡਰੈਸ ਵਿੱਚ ਆਖਿਆ ਗਿਆ ਹੈ, ਜਿਸ ਨੂੰ ਸੈਕੰਡ ਕਰਨ ਵਾਸਤੇ, ਪ੍ਰੋੜ੍ਹਤਾ ਕਰਨ ਵਾਸਤੇ ਮੈਂ ਖੜਾ ਹੋਇਆ ਹਾਂ। ਮੈਂ ਉਸ ਸਾਰੇ ਦੀ ਸ਼ਲਾਘਾ ਕਰਦਾ ਹਾਂ।

ਚੇਅਰਮੈਨ ਸਾਹਿਬ, ਕਲ ਸ਼ਰਮ ਨਾਲ ਸਿਰ ਨੀਵਾਂ ਹੋ ਗਿਆ ਜਦੋਂ ਆਪੋਜ਼ੀਸ਼ਨ ਵਾਲੇ ਵੀਰਾਂ ਨੇ ਕੁਰਸੀਆਂ ਤੋਂ ਉਠ ਕੇ ਧਰਨਾ ਦਿੱਤਾ। ਪੰਜਾਬ ਦੀ ਹਾਲਤ ਨੂੰ ਮੁੱਖ ਰਖਦਿਆਂ ਹੋਇਆਂ, ਪੰਜਾਬ ਦੀ ਹਾਲਤ ਦੀ ਆੜ੍ਹ ਲੈਂਦੇ ਹੋਇਆਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਪੰਜਾਬ ਦੇ ਵਿਚ ਵਾਤਾ- ਵਰਣ ਬਣਿਆ ਹੈ ਜਿਸ ਨਾਲ ਬਰਨਾਲਾ ਸਰਕਾਰ ਸਿਰ ਤੋੜ ਕੋਸ਼ਿਸ਼ ਕਰ ਰਹੀ ਹੈ ਠੀਕ ਕਰਨ ਲਈ, ਉਹ ਕਦੋਂ ਪੈਦਾ ਹੋਇਆ। ਚੇਅਰਮੈਨ ਸਾਹਿਬ, ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨਕ ਹੱਕ ਸੀ, ਜਿਸ ਤਰ੍ਹਾਂ ਬਾਕੀ ਪਾਰਟੀਆਂ ਜਾਂ ਸੰਸਥਾਵਾਂ ਨੂੰ ਹੈ। ਔਰ ਜੋ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਵਾਸਤੇ ਲੜਦਾ ਰਿਹਾ ਹੈ ਫਿਰ ਪੰਜਾਬ ਦੀ ਦੁੱਖ ਤਕਲੀਫ ਲੈ ਕੇ, ਮੰਗ ਲੈ ਕੇ ਲੜਾਈ ਲੜਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 26 ਜੁਲਾਈ, 1981 ਨੂੰ ਫੈਸਲਾ ਕੀਤਾ, ਮੰਗ ਚਾਰਟਰ ਤਿਆਰ ਕੀਤਾ, ਦੁਨੀਆਂ ਭਰ ਦਾ ਇਕੱਠ ਕੀਤਾ ਜਿਸ ਵਿਚ ਲੱਖਾਂ ਅਕਾਲੀ ਵਰਕਰ ਵੱਖਰੀਆਂ ਵੱਖਰੀਆਂ ਸੰਸਥਾਵਾਂ ਦੇ ਨੁਮਾਇੰਦੇ ਇਸ ਇਕੱਠ ਵਿਚ ਵੱਧ ਚੜ੍ਹ ਕੇ ਆਏ ਔਰ ਉਸ ਦੇ ਵਿਚ ਕੁਝ ਮੰਗਾਂ ਰੱਖੀਆਂ। ਸ਼੍ਰੋਮਣੀ ਅਕਾਲੀ ਦਲ ਨੇ ਉਹ ਮੰਗਾਂ ਦਾ ਚਾਰਟਰ ਤਿਆਰ ਕਰਕੇ ਸੈਂਟਰ ਸਰਕਾਰ ਨੂੰ ਭੇਜਿਆ। ਮੈਨੂੰ ਦੁੱਖ ਆਉਂਦਾ ਹੈ ਦੱਸਣ ਲਗਿਆਂ ਕਿ ਸੈਂਟਰ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਵਲੋਂ ਭੇਜੇ ਚਾਰਟਰ ਦੀ ਐਕਨਾਲਜਮੈਂਟ ਵੀ ਨਹੀਂ ਭੇਜੀ। ਇਕ ਪਾਰਟੀ ਜਿਸ ਨੇ ਪੰਜਾਬ ਵਿਚ ਰਾਜ ਕੀਤਾ ਹੋਵੇ, ਸਭ ਤੋਂ ਵੱਡੀ ਵਿਰੋਧੀ ਪਾਰਟੀ ਰਹੀ ਹੋਵੇ ਉਸ ਦੇ ਨਾਲ ਸੈਂਟਰ ਨੇ ਇਹ ਵਤੀਰਾ ਕੀਤਾ। ਉਸ ਸਟੇਜ ਤੇ ਮਹਾਨ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਲਾਨ ਕੀਤਾ ਕਿ ਜੇ ਸਾਡੀਆਂ ਮੰਗਾਂ 7 ਸਤੰਬਰ, 1981 ਤਕ ਪ੍ਰਵਾਨ ਨਾ ਹੋਈਆਂ ਤਾਂ ਅਸੀਂ ਸ਼ਾਂਤਮਈ ਤਰੀਕੇ ਨਾਲ, ਵਿਧਾਨਕ ਤਰੀਕੇ ਨਾਲ ਦਿੱਲੀ ਵਿਚ ਜਲੂਸ ਕੱਢਾਂਗੇ। ਚੇਅਰਮੈਨ ਸਾਹਿਬ ਕਹਿਣ ਲਗਿਆਂ ਫਿਰ ਸਿਰ ਝੁਕਦਾ ਹੈ ਸ਼ਰਮ ਆਉਂਦੀ ਹੈ ਦੱਸਦਿਆਂ ਕਿ 7 ਸਤੰਬਰ, 1981 ਤਕ ਨਾ ਪੰਜਾਬ ਵਿਚ ਕੋਈ ਸਿਆਸੀ ਕਤਲ ਹੋਇਆ ਨਾ ਕੋਈ ਗੜਬੜ ਕੀਤੀ ਗਈ, ਨਾ ਕੋਈ ਐਜੀਟੇਸ਼ਨ, ਨਾ ਕੋਈ ਅਨਸੁਖਾਵੀਂ ਘਟਨਾ। ਫਿਰ ਜਦੋਂ 7 ਸਤੰਬਰ, 1981 ਦਾ ਪ੍ਰੋਗਰਾਮ ਬਣਾਇਆ ਸ਼੍ਰੋਮਣੀ ਅਕਾਲੀ ਦਲ ਨੇ, ਦਿੱਲੀ ਜਾਣ ਦਾ ਤਾਂ ਸੈਂਟਰ ਦੀ ਸ਼ੈਹ ਤੇ ਸਰਦਾਰ ਦਰਬਾਰਾ ਸਿੰਘ ਦੀ ਸ਼ਹਿ ਤੇ ਹਰਿਆਣਾ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਜੀ.ਟੀ. ਰੋਡ ਤੇ ਜਾਣੇ ਬੰਦ ਕਰ ਦਿਤੇ, ਰੇਲਵੇ ਬੰਦ ਕਰ ਦਿੱਤਾ। ਜਿਨ੍ਹਾਂ ਵਰਕਰਾਂ ਨੇ ਟਰੱਕਾਂ ਦਾ ਜਾਂ ਬੱਸਾਂ ਦਾ ਇੰਤਜ਼ਾਮ ਕਰਕੇ ਦਿੱਲੀ ਪੁੱਜਣ ਦੀ ਕੋਸ਼ਿਸ਼ ਕੀਤੀ ਉਨ੍ਹਾਂ ਨੂੰ ਰਸਤੇ ਵਿਚ ਮਧੂਬਨ ਵਿਚ ਬੀਆਬਾਨ ਜਗ੍ਹਾ ਤੇ ਗੋਲੀਆਂ ਨਾਲ ਮਾਰ ਦਿੱਤਾ ਗਿਆ। ਸਿੱਖਾਂ ਨੂੰ ਸ਼ਹੀਦ ਕੀਤਾ, ਕਈ ਜ਼ਖਮੀ ਕੀਤੇ। ਮੈਂ ਸੁਆਲ ਆਪੋਜ਼ੀਸ਼ਨ ਨੂੰ ਕਰਦਾ ਹਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਵਕਤ ਸ਼੍ਰੋਮਣੀ ਅਕਾਲੀ ਦਲ ਦਾ ਰਸਤਾ ਕਿਉਂ ਰੋਕਿਆ ? ਇਹ ਸ਼ਕ ਸੀ, ਸਾਡੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਕ ਸੀ ਕਿ ਸੈਂਟਰ ਸਰਕਾਰ ਜੋ ਵਿਧਾਨਿਕ ਤਰੀਕੇ ਨਾਲ ਐਜੀਟੇਸ਼ਨ ਸ਼ੁਰੂ ਕੀਤਾ ਹੈ ਉਸ ਨੂੰ ਖਰਾਬ ਕਰਨ ਵਾਸਤੇ ਹਿੰਸਾ ਖੜੀ ਕਰੇਗੀ। ਉਹੀ ਹੋਇਆ ਕਿ 9 ਸਤੰਬਰ, 1981 ਨੂੰ ਲਾਲਾ ਜਗਤ ਨਾਰਾਇਣ ਦਾ ਕਤਲ ਹੋਇਆ। ਉਸ ਕਤਲ ਤੇ ਪ੍ਰਧਾਨ ਅਕਾਲੀ ਦਲ ਨੇ ਕਿਹਾ ਕਿ ਇਹ ਜੋ ਕਤਲ ਕੀਤਾ ਹੈ ਇਹ ਸਾਡੀ ਐਜੀਟੇਸ਼ਨ ਨੂੰ ਖਰਾਬ ਕਰਨ ਵਾਸਤੇ ਕੀਤਾ ਹੈ। ਸ਼ਾਂਤਮਈ ਤਰੀਕੇ ਨਾਲ ਚਲ ਰਿਹਾ ਐਜੀਟੇਸ਼ਨ ਖਰਾਬ ਕੀਤਾ ਜਾਵੇਗਾ। ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਐਜੀਟੇਸ਼ਨ ਜਾਰੀ ਰਖਿਆ ਔਰ ਮੈਂ ਇਸ ਗੱਲ ਦਾ ਫ਼ਖਰ ਮਹਿਸੂਸ ਕਰਦਾ ਹਾਂ, ਗੌਰਵ ਮਹਿਸੂਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਾਜਿੰਦਰ ਸਿੰਘ ਧਾਲੀਵਾਲ]

ਕਰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ਼ਾਂਤਮਈ ਤਰੀਕੇ, ਵਿਧਾਨਕ ਤਰੀਕਾ ਨਹੀਂ ਛਡਿਆ ਚਾਹੇ ਕਈ ਔਕੜਾਂ ਆਈਆਂ, ਜ਼ੁਲਮ ਬਰਦਾਸ਼ਤ ਕਰਨੇ ਪਏ ਇਸ ਤੋਂ ਵੱਧ ਤਰੀਕਾ ਕੀ ਹੋ ਸਕਦਾ ਹੈ ? ਚੇਅਰਮੈਨ ਸਾਹਿਬ, ਮੇਰਾ ਆਪਣੇ ਭਾਈਆਂ ਨਾਲ ਕਿਸੇ ਗੱਲ ਤੇ ਵਿਤਕਰਾ ਹੋ ਜਾਂਦਾ ਹੈ। ਮੈਂ ਆਪਣਾ ਹੱਕ ਮੰਗਦਾ ਹਾਂ ਜੇ ਮੈਂ ਸ਼ਾਮ ਨੂੰ ਰੋਟੀ ਨਹੀਂ ਖਾਂਦਾ, ਮੈਂ ਬੋਲਣਾ ਬੰਦ ਕਰ ਦਿੱਤਾ ਕੋਈ ਗਲਤ ਗੱਲ ਨਹੀਂ। ਇਸ ਤੋਂ ਵੱਧ ਸ਼ਾਂਤਮਈ ਕੀ ਹੋਵੇ। ਸ਼੍ਰੋਮਣੀ ਅਕਾਲੀ ਦਲ ਨੇ ਕੁਰਬਾਨੀ ਕੀਤੀ। ਵਿਧਾਨ ਸਭਾ ਵਿਚ ਜਿਹੜੀਆਂ ਗੱਦੀਆਂ ਹਨ ਉਹ ਛੱਡਣੀਆਂ ਔਖੀਆਂ ਹੋ ਜਾਂਦੀਆਂ ਹਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਛੱਡੀਆਂ ਤਾਂ ਜੋ ਸੈਂਟਰ ਦੀ ਸਰਕਾਰ ਨੂੰ ਸ਼ਰਮ ਆਵੇ ਜਿਨ੍ਹਾਂ ਮੰਗਾਂ ਦੇ ਹੱਕ ਵਿਚ ਬਾਕੀ ਆਪੋਜ਼ੀਸ਼ਨ ਪਾਰਟੀ ਨੇ, ਕਾਂਗਰਸ ਪਾਰਟੀ ਨੇ ਸਪੋਰਟ ਕੀਤਾ। ਇਹ ਗੱਲ ਨਹੀਂ ਮੁੜ ਉਸ ਤੋਂ ਬਾਦ ਸ਼ਾਂਤਮਈ ਅਕਾਲੀ ਦਲ ਦਾ ਆਪਣਾ ਐਜੀਟੇਸ਼ਨ ਚਲਦਾ ਰਿਹਾ ਪਰ ਸਰਕਾਰ ਵਾਲੇ ਹਿੰਸਕ ਹੋ ਗਏ। ਪਰ ਅਕਾਲੀ ਦਲ ਆਪਣੀਆਂ ਮੰਗਾਂ ਮੰਗਦਾ ਰਿਹਾ ਔਰ ਸ਼ਾਂਤਮਈ ਤਰੀਕੇ ਨਾਲ । ਮੈਂ ਦੱਸਣਾ ਚਾਹਾਂਗਾ ਕਿ ਅਕਾਲੀ ਦਲ ਨੇ ਜੋ ਐਕਸ਼ਨ ਦਿੱਤੇ ਉਹ ਆਪ ਚੌਂਕ ਵਿਚ ਬੈਠੇ ਤੇ ਕਿਹਾ ਕਿ ਗੁਰਬਾਣੀ ਦਾ ਪਾਠ ਕਰਾਂਗੇ ਅਸੀਂ ਕੋਈ ਬੱਸ ਜਾਂ ਟਰੱਕ ਨਹੀਂ ਜਾਣ ਦਿਆਂਗੇ। ਇਹ ਕੀਤਾ ਤੇ ਕੋਈ ਅਨਸੁਖਾਵੀਂ ਘਟਨਾ ਨਹੀਂ ਹੋਈ। ਕੂਪ ਅੱਡੇ ਤੇ ਪੁਲਿਸ ਨੇ ਸਾਡੇ ਵਰਕਰਾਂ ਤੇ ਗੋਲੀ ਚਲਾਈ ਜਿਸ ਵਿਚ 15–16 ਮਾਰੇ ਗਏ ਅਤੇ ਇਸ ਤੋਂ ਇਲਾਵਾ ਕਿਸੇ ਸਰਕਾਰੀ ਮੁਲਾਜ਼ਮ ਤੇ ਕਿਸੇ ਕਰਮਚਾਰੀ ਤੇ ਕੋਈ ਚੋਟ ਨਹੀਂ ਆਈ, ਕੋਈ ਕਿਸੇ ਕਿਸਮ ਦੀ ਹਿੰਸਕ ਘਟਨਾਂ ਨਹੀਂ ਹੋਈ। ਬਾਅਦ ਵਿਚ ਰੇਲਵੇ ਰੋਕਣ ਦਾ ਪ੍ਰੋਗਰਾਮ ਬਣਾਇਆ, ਕੋਈ ਅਨਸੁਖਾਵੀਂ ਘਟਨਾ ਨਹੀਂ ਹੋਈ। ਡੀ.ਸੀ. ਨੂੰ ਰੋਕਣ ਲਈ ਅਤੇ ਸਮੁੱਚੇ ਤੌਰ ਤੇ ਪੰਜਾਬ ਬੰਦ ਕਰ ਦਿੱਤਾ, ਕੋਈ ਅਨਸੁਖਾਵੀਂ ਘਟਨਾ ਨਹੀਂ ਹੋਈ, ਪਰ ਉਨ੍ਹਾਂ ਮੰਗਾਂ ਨੂੰ ਹਾਲੇ ਤਕ ਮੰਨਿਆਂ ਨਹੀਂ ਗਿਆ। ਇਹ ਬਦਨੀਤੀ ਹੈ ਸੈਂਟਰ ਸਰਕਾਰ ਦੀ। ਸੈਂਟਰ ਸਰਕਾਰ ਐਜੀਟੇਸ਼ਨ ਨੂੰ ਖਰਾਬ ਕਰਨਾ ਚਾਹੁੰਦੀ ਸੀ। 3 ਜੂਨ, 1984 ਨੂੰ ਅਕਾਲੀ ਦਲ ਨੇ ਇਹ ਐਲਾਨ ਕਰ ਦਿੱਤਾ ਕਿ ਅਸੀਂ ਨਾਨ-ਕੋਆਪਰੇਸ਼ਨ ਮੂਵਮੈਂਟ ਚਲਾਵਾਂਗੇ, ਅਨਾਜ ਬਾਹਰ ਨਹੀਂ ਜਾਣ ਦੇਵਾਂਗੇ। ਸੈਂਟਰ ਸਰਕਾਰ ਨੂੰ ਇਹ ਯਕੀਨ ਹੋ ਗਿਆ ਕਿ ਇਹ ਅਕਾਲੀ ਜੋ ਕਹਿੰਦੇ ਹਨ ਉਹ ਕਰਦੇ ਹਨ। ਇਨ੍ਹਾਂ ਨੇ ਅਨਾਜ ਬਾਹਰ ਨਹੀਂ ਜਾਣ ਦੇਣਾ। ਇਸ ਗੱਲ ਨੂੰ ਮੁੱਖ ਰਖਕੇ 6 ਜੂਨ, 1984 ਨੂੰ ਦਰਬਾਰ ਸਾਹਿਬ ਤੇ ਅਟੈਕ ਕਰ ਦਿੱਤਾ ਔਰ ਦਰਬਾਰ ਸਾਹਿਬ ਤੇ ਅਟੈਕ ਕਰਨ ਤੇ ਜੋ ਤਬਾਹੀ ਹੋਈ ਉਹ ਸਾਰੇ ਭਰਾਵਾਂ ਨੂੰ ਪਤਾ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਜੋ ਇਨ੍ਹਾਂ ਨੇ ਬੱਚੜਪਨ ਦਾ ਸਬੂਤ ਦਿੱਤਾ, ਜਿਹੜੇ ਸ਼ਰਧਾਲੂ ਮੱਥਾ ਟੇਕਣ ਲਈ ਉਥੇ ਗਏ ਹੋਏ ਸਨ, ਉਨ੍ਹਾਂ ਵਿਚੋਂ 16 ਤੋਂ 25 ਸਾਲਾਂ ਦੇ ਨੌਜਵਾਨਾਂ ਨੂੰ ਪਿੱਛੋਂ ਹੱਥ ਬੰਨ੍ਹ ਕੇ ਗੋਲੀਆਂ ਨਾਲ ਮਾਰਿਆ ਗਿਆ। ਉਸ ਵੇਲੇ ਮੇਰੀ ਡਿਊਟੀ ਪੋਸਟਮਾਰਟਮ ਤੇ ਲਾਈ ਗਈ ਸੀ। ਮੈਂ ਦੱਸਦਾ ਹਾਂ ਕਿ ਕੁਲ 540 ਆਦਮੀਆਂ ਦਾ ਪੋਸਟਮਾਰਟਮ ਕੀਤਾ ਗਿਆ ਜਿਸ ਵਿਚੋਂ 80 ਦੀ ਰਿਪੋਰਟ ਮੇਰੇ ਪਾਸ ਆਈ ਹੈ। ਇਨ੍ਹਾਂ ਵਿਚੋਂ 8 ਪੋਸਟਮਾਰਟਮ ਦੀ ਰਿਪੋਰਟ ਇਹ ਹੈ ਕਿ 'ਦੇਅਰ' ਹੈਂਡਜ਼ ਵਰ ਟਾਈਡ'। ਚੇਅਰਮੈਨ ਸਾਹਿਬ, ਮਾਰਸ਼ਲ ਲਾਅ ਦੇ ਵਿਚ ਵੀ ਫੌਜ ਦਾ ਕੁਝ ਰੂਲ ਹੁੰਦਾ ਹੈ। ਉਸ ਰੂਲ ਤੇ ਤਹਿਤ ਜਿਸ ਦੁਸ਼ਮਨ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਉਸ ਨੂੰ ਉਹ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਜੋ ਨਜ਼ਰਬੰਦ ਨੂੰ ਦਿੱਤੀਆਂ ਜਾਂਦੀਆਂ ਹਨ। ਪਰ ਸੈਂਟਰ ਸਰਕਾਰ ਨੇ ਉਨ੍ਹਾਂ ਦੇ ਹੱਥ ਬੰਨ ਕੇ ਉਨ੍ਹਾਂ ਨੂੰ ਮਾਰਿਆ ਪਰ ਇਨ੍ਹਾਂ ਵੀਰਾਂ ਨੇ (ਸਾਹਮਣੇ ਬੈਠੇ ਮੈਂਬਰਾਂ ਵਲ ਇਸ਼ਾਰਾ) ਉਸ ਵੇਲੇ ਇਕ ਆਵਾਜ਼ ਵੀ ਨਾ ਉਠਾਈ। ਫਿਰ ਐਜੀਟੇਸ਼ਨ ਦੇ ਦੌਰਾਨ ਜਦੋਂ 7 ਸਤੰਬਰ, 1981 ਨੂੰ ਸਿੱਖਾਂ ਦੀ ਨਿਰਾਦਰੀ ਕੀਤੀ ਗਈ, ਉਸ ਵੇਲੇ ਵੀ ਇਨ੍ਹਾਂ ਨੇ ਧਰਨਾ ਨਾ ਦਿੱਤਾ। ਫਿਰ

Original with;
Punjab Vidhan Sabha
Digitized by;
Panjab Digital Library

ਜਦੋਂ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਦਾ ਕਤਲ ਹੋਇਆ ਔਰ ਉਸ ਤੋਂ ਬਾਅਦ ਜੋ ਸਿੱਖਾਂ ਦੀ ਤਬਾਹੀ ਹੋਈ, ਉਸ ਵੇਲੇ ਵੀ ਉਸ ਦੇ ਖਿਲਾਫ਼ ਇਨ੍ਹਾਂ ਆਪੋਜ਼ੀਸ਼ਨ ਸਾਥੀਆਂ ਨੇ ਕਿਸੇ ਨੇ ਧਰਨਾ ਨਾ ਦਿੱਤਾ। ਹੁਣ ਜਦੋਂ ਇਥੇ ਗੌਰਮਿੰਟ ਬਣ ਗਈ ਹੈ ਔਰ ਵਾਤਾਵਰਣ ਠੀਕ ਹੋਣ ਲਗਾ ਹੈ ਤਾਂ ਇਹ ਧਰਨਾ ਦੇ ਰਹੇ ਹਨ। ਇਹ ਇਥੇ ਵਾਤਾਵਰਣ ਨੂੰ ਠੀਕ ਨਹੀਂ ਹੋਣ ਦੇਣਾ ਚਾਹੁੰਦੇ। ਇਸ ਵਾਤਾ-ਵਰਣ ਨੂੰ ਠੀਕ ਕਰਨ ਵਾਸਤੇ ਸਹਿਯੋਗ ਦੀ ਲੋੜ ਹੈ। ਅਸੀਂ ਇਕੱਠੇ ਹੋ ਕੇ ਵਾਤਾਵਰਣ ਨੂੰ ਠੀਕ ਕਰ ਸਕਦੇ ਹਾਂ। ਪਰ ਇਹ ਕੁਰਸੀ ਦੇ ਲਾਲਚ ਨੂੰ ਲਗੇ ਹਨ। ਔਰ ਫਿਰਕਾਪ੍ਰਸਤੀ ਦੀਆਂ ਗੱਲਾਂ ਕਰਦੇ ਹਨ। ਮੈਂ ਇਹ ਗਲ ਸਾਬਤ ਕਰ ਸਕਦਾ ਹਾਂ ਕਿ ਫਿਰਕਾਪ੍ਰਸਤੀ ਦੀ ਕੋਈ ਗੱਲ ਨਹੀਂ। ਜੇ ਕੋਈ ਹਿੰਦੂ ਦਾ ਕਤਲ ਹੋਇਆ ਹੈ ਤਾਂ ਬਰਾਬਰ ਤੇ ਸਿੱਖ ਦਾ ਵੀ ਕਤਲ ਹੋਇਆ ਹੈ। ਹਿੰਦੂ-ਸਿੱਖ ਦਾ ਕੋਈ ਸਵਾਲ ਨਹੀਂ। ਪਿੰਡਾਂ ਵਿਚ ਜਾਕੇ ਵੇਖੋ ਇਕ ਵੀ ਮਿਸਾਲ ਦੇ ਤੌਰ ਤੇ ਫਿਰਕਾਪ੍ਰਸਤੀ ਦੇ ਆਧਾਰ ਤੇ ਕੋਈ ਐਕਸ਼ਨ ਨਹੀਂ ਹੋਇਆ। ਜੇ ਕੋਈ ਹੋਇਆ ਹੋਵੇ ਤਾਂ ਅਸੀਂ ਜ਼ਿੰਮੇਵਾਰ ਹਾਂ। ਲੇਕਿਨ ਇਹ ਗੱਲ ਸ਼ਹਿਰਾਂ ਵਿਚ ਹੁੰਦੀ ਹੈ। ਬਟਾਲਾ ਵਿਚ ਹੋਈ, ਗੁਰਦਾਸਪੁਰ ਵਿਚ ਹੋਈ, ਹੁਸ਼ਿਆਰ-ਪੁਰ ਵਿਚ ਹੋਈ। ਮੈਂ ਵੇਖਿਆ ਹੈ ਕਿ ਸਿੱਖਾਂ ਦੀਆਂ ਦੁਕਾਨਾਂ ਨੂੰ ਚੁਣ ਚੁਣ ਕੇ ਸਾੜਿਆ ਗਿਆ। ਉਥੇ ਵੀ ਮੇਰੀ ਡਿਊਟੀ ਅਕਾਲੀ ਦਲ ਵਲੋਂ ਲਗੀ ਸੀ। ਮੈਨੂੰ ਪਤਾ ਹੈ ਕਿ ਫਿਰ ਵੀ ਹਿੰਦੂ ਨੂੰ ਕੁਝ ਨਹੀਂ ਆਖਿਆ ਗਿਆ। ਫਿਰ ਇਹ ਹਿੰਦੂ-ਸਿੱਖ ਦਾ ਸਵਾਲ ਕਿਉਂ ਪੈਦਾ ਕਰਦੇ ਹਨ। ਇਹ ਜਿਹੜਾ ਮਸਲਾ ਅੱਜ ਕਲ ਚਲ ਰਿਹਾ ਹੈ ਇਹ ਸਿਰਫ਼ ਪੰਜਾਬ ਦਾ ਮਸਲਾ ਨਹੀਂ, ਇਹ ਸਾਰੇ ਹਿੰਦੁਸਤਾਨ ਦਾ ਮਸਲਾ ਹੈ। ਜਿਹੜੇ ਪਾਕਿਸਤਾਨ ਤੋਂ ਆਕੇ ਇਥੇ ਗੜਬੜ ਫੈਲਾ ਰਹੇ ਹਨ ਉਨ੍ਹਾਂ ਨੂੰ ਰੋਕਣ ਵਿਚ ਸੈਂਟਰ ਸਰਕਾਰ ਫੇਲ੍ਹ ਹੋਈ ਹੈ। ਹਰ ਰੋਜ਼ ਪਾਰਲੀਆਮੈਂਟ ਵਿਚ ਜ਼ਿਕਰ ਆਉਂਦਾ ਹੈ ਇਸ ਦਾ, ਪਰ ਇਹ ਇਸ ਨੂੰ ਰੋਕ ਨਹੀਂ ਸਕੇ। ਇਸ ਵਾਤਾਵਰਣ ਦੇ ਖਰਾਬ ਹੋਣ ਦਾ ਸਭ ਤੋਂ ਵੱਡਾ ਕਾਰਣ ਮੈਂ ਇਹ ਸਮਝਦਾ ਹਾਂ ਕਿ ਜੋ ਅਕਾਰਡ ਪੰਜਾਬ ਦਾ ਰਾਜੀਵ ਗਾਂਧੀ ਔਰ ਸੰਤ ਲੌਂਗੋਵਾਲ ਦੇ ਦਰਮਿਆਨ ਹੋਇਆ ਸੀ ਜਿਸ ਨੂੰ ਇਹ ਬਾਰ ਬਾਰ ਟੀ.ਵੀ. ਤੇ ਵਿਖਾ ਕੇ ਕਹਿ ਰਹੇ ਸਨ ਕਿ ਪੰਜਾਬ ਦਾ ਵਾਤਾਵਰਣ ਠੀਕ ਹੋਇਆ ਹੈ, ਉਸ ਨੂੰ ਇਹ ਲਾਗੂ ਨਹੀਂ ਕਰ ਸਕੇ। ਅੱਜ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਹਿੰਦੁਸਤਾਨ ਦਾ ਪ੍ਰਾਈਮ ਮਨਿਸਟਰ ਜਿਸ ਨੇ ਅਕਾਰਡ ਹੋਣ ਤੇ ਵੱਡੀਆਂ ਵੱਡੀਆਂ [* * * * ਉਹ ਇਸ ਅਕਾਰਡ ਤੋਂ ਪਿਛੇ ਹੱਟ ਗਿਆ ਹੈ ਔਰ [ * * ] ਕਰ ਰਿਹਾ ਹੈ। ਇਸ ਨਾਲ ਹਿੰਦੁਸਤਾਨ ਦਾ ਸਿਰ ਦੁਨੀਆਂ ਵਿਚ ਝੁਕ ਜਾਂਦਾ ਹੈ।......

**ਪ੍ਰੋਫੈਸਰ ਦਰਬਾਰੀ ਲਾਲ :** ਚੇਅਰਮੈਨ ਸਾਹਿਬ, ਪ੍ਰਾਈਮ ਮਨਿਸਟਰ ਔਰ ਸੰਤ ਲੌਂਗੋਵਾਲ ਦੇ ਦਰਮਿਆਨ ਜਿਹੜਾ ਸਮਝੌਤਾ ਹੋਇਆ ਹੈ, ਸੈਂਟਰ ਸਰਕਾਰ ਉਸ ਤੇ ਕਾਇਮ ਹੈ ਔਰ ਸੈਂਟਰ ਸਰਕਾਰ ਉਸ ਨੂੰ ਸਿਰੇ ਚੜ੍ਹਾ ਰਹੀ ਹੈ। ਇਸ ਲਈ ਇਹ ਗਲ ਕਹਿਣਾ ਕਿ ਪ੍ਰਾਈਮ ਮਨਿਸਟਰ ਨੇ [* *] ਜਾਂ [* *] ਕਰ ਰਹੇ ਹਨ, ਇਹ ਠੀਕ ਨਹੀਂ। ਇਹ ਲਫ਼ਜ਼ ਐਕਸਪੰਜ ਹੋਣੇ ਚਾਹੀਦੇ ਹਨ। (ਵਿਘਨ)

(At this stage a number of Members belonging to the Congress (I) Party were standing and demanding the withdrawal of the words by the Member or expunction of these words by the Chair). (Noise) (Interruptions)

**Doctor Kewal Krishan :** Chairman Sahib, either these words should be expunged by the Chair or these words should be withdrawn by the Member. These are unparliamentary. These are not in good taste.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**Sardarni Gurbrinder Kaur Brar** : These words should be expunged. We will not tolerate.

**Mr. Chairman** : Please explain.

**Shri Sewa Ram Arora** : These are derogatory words.

**Sardarni Gurbrinder Kaur Brar** : We insist on it.

**Mr. Chairman** : He is explaining about the record.

**Shri Sewa Ram Arora** : These are not in good taste.

**Professor Darbari Lal** : We want your ruling.

**Doctor Kewal Krishan** : This is an aspersion on the Prime Minister. We cannot tolerate it.

**Mr. Chairman** : Please explain as how is it derogatory ?

**Doctor Kewal Krishan** : It is derogatory. Moreover, it is in bad taste.

**Mr. Chairman** : If it is derogatory then it will definitely be expunged.

**ਸ੍ਰੀ ਬ੍ਰਿਜ ਭੂਸ਼ਣ ਮਹਿਰਾ** : ਚੇਅਰਮੈਨ ਸਾਹਿਬ, ਜਦ ਤੱਕ ਇਹ ਵਰਡ ਵਿਦਡਰਾ ਨਹੀਂ ਕਰਦੇ ਤਦ ਤੱਕ ਅਸੀਂ ਹਾਊਸ ਦੀ ਕਾਰਵਾਈ ਨੂੰ ਚਲਣ ਨਹੀਂ ਦੇਵਾਂਗੇ। He should withdraw it.

**Mr. Chairman**: I have already said that if it is derogatory then it will definitely be expunged.

**ਸ੍ਰੀ ਬ੍ਰਿਜ ਭੂਸ਼ਣ ਮਹਿਰਾ** : ਚੇਅਰਮੈਨ ਸਾਹਿਬ, ਦੇਸ਼ ਦੇ ਪ੍ਰਾਈਮ ਮਨਿਸਟਰ ਸਾਹਿਬ ਲਈ ਇਹ ਵਰਡਜ਼ ਇਸਤੇਮਾਲ ਕੀਤੇ ਗਏ ਹਨ। ਇਹ ਵਰਡਜ਼ ਐਕਸਪੰਜ ਹੋਣੇ ਚਾਹੀਦੇ ਹਨ ਜਾਂ ਫੇਰ ਮੈਂਬਰ ਸਾਹਿਬ ਇਹ ਵਰਡਜ਼ ਨੂੰ ਵਿਦਡਰਾ ਕਰ ਲੈਣ।

**ਸ੍ਰੀ ਸੇਵਾ ਰਾਮ ਅਰੋੜਾ** : ਚੇਅਰਮੈਨ ਸਾਹਿਬ, ਤੁਸੀਂ ਆਪਣਾ ਫੈਸਲਾ ਦਿਓ ਅਤੇ ਹਾਊਸ ਦਾ ਵਾਤਾਵਰਣ ਤਾਕਿ ਖਰਾਬ ਨਾ ਹੋਵੇ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬ ਬੋਲ ਰਹੇ ਸਨ ਜੋ ਠੀਕ ਤਰ੍ਹਾਂ ਸੁਣਾਈ ਨਹੀਂ ਸੀ ਦੇ ਰਿਹਾ।)

**ਸ੍ਰੀ ਬ੍ਰਿਜ਼ ਭੂਸ਼ਣ ਮਹਿਰਾ** : ਚੇਅਰਮੈਨ ਸਾਹਿਬ, ਇਸ ਤਰੀਕੇ ਨਾਲ ਹਾਊਸ ਦੀ ਕਾਰਵਾਈ ਅਸੀਂ ਚਲਣ ਨਹੀਂ ਦੇਵਾਂਗੇ। ਇਹ ਚੇਅਰ ਦਾ ਰਾਈਟ ਹੈ ਕਿ ਇਸ ਤਰ੍ਹਾਂ ਦੇ ਵਰਡਜ਼ ਨੂੰ ਐਕਸ-ਪੰਜ ਕਰ ਦਿੱਤਾ ਜਾਵੇ ਜਾਂ ਫੇਰ ਮੈਂਬਰ ਸਾਹਿਬ ਨੂੰ ਕਿਹਾ ਜਾਵੇ ਕਿ ਉਹ ਵਿਦਡਰਾ ਕਰ ਲੈਣ।

**ਸ੍ਰੀ ਸੇਵਾ ਰਾਮ ਅਰੋੜਾ** : ਚੇਅਰਮੈਨ ਸਾਹਿਬ, ਤੁਸੀਂ ਆਪਣਾ ਫੈਸਲਾ ਦਿਓ, ਨਹੀਂ ਤਾਂ ਅਸੀਂ ਹਾਊਸ ਦੀ ਕਾਰਵਾਈ ਨਹੀਂ ਚਲਣ ਦੇਵਾਂਗੇ। (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਮਾਨ** : ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਦੀ ਐਸੀ ਗੱਲ ਕਹਿਣ ਦੀ ਕੋਈ ਭਾਵਨਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਇੱਛਾ ਸੀ।

(ਨੋ, ਨੋ ਦੀਆਂ ਆਵਾਜ਼ਾਂ)

**ਸ਼੍ਰੀ ਬ੍ਰਿਜ ਭੂਸ਼ਣ ਮਹਿਰਾ** : ਮਾਨ ਸਾਹਿਬ, ਤੁਸੀਂ ਇਸ ਹਾਊਸ ਦੇ ਚੀਫ਼ ਮਨਿਸਟਰ ਜਾਂ ਮਨਿਸਟਰ ਨਹੀਂ ਹੋ। ਇਸ ਕਰਕੇ ਤੁਸੀਂ ਕਲੈਰੀਫਾਈ ਨਹੀਂ ਕਰ ਸਕਦੇ। ਤੁਸੀਂ ਤਾਂ ਇਸ ਹਾਊਸ ਦੇ ਮੈਂਬਰ ਹੋ।

**ਲੋਕ ਸੰਪਰਕ ਰਾਜ ਮੰਤਰੀ** (ਸਰਦਾਰ ਨੱਥਾ ਸਿੰਘ ਦਾਲਮ): ਆਨ ਏ ਪੁਆਇੰਟ ਆਫ਼ ਆਰਡਰ ਸਰ, ਚੇਅਰਮੈਨ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਧਾਲੀਵਾਲ ਸਾਹਿਬ ਦਾ ਇਸ ਤਰ੍ਹਾਂ ਦੇ ਵਰਡਜ਼ ਯੂਜ਼ ਕਰਨ ਦਾ ਕੋਈ ਮਕਸਦ ਨਹੀਂ ਸੀ ਅਤੇ ਨਾ ਹੀ ਕਿਸੇ ਦੀਆਂ ਫੀਲਿੰਗਜ਼ ਨੂੰ ਇੰਜਰ ਕਰਨ ਦੀ ਇੱਛਾ ਸੀ ਅਤੇ ਨਾ ਹੀ ਐਸੀ (ਸ਼ੋਰ) ਕੋਈ ਗੱਲ ਸੀ। ਪਰ ਇਸ ਦੇ ਬਾਵਜੂਦ ਇਹ ਮੇਰੇ ਭਰਾ ਅਗਰ ਮਹਿਸੂਸ ਕਰਦੇ ਹਨ ਕਿ ਕੋਈ ਐਸੇ ਵਰਡਜ਼ ਕਹੇ ਗਏ ਹੋਣ ਤਾਂ ਉਹ ਵਰਡਜ਼ ਬੇਸ਼ਕ ਐਕਸਪੰਜ ਕਰ ਦਿਓ।

**ਸ਼੍ਰੀ ਸਭਾਪਤੀ** : ਵਰਡਜ਼ [* *] ਡੈਰੋਗੇਟਰੀ ਨਹੀਂ ਹੈ।

**Shri Sewa Ram Arora**: If you cannot give the ruling then please call the Speaker.

**Mr Chairman**: The words [* *] and [* * *] referred to in connection with the name of the Prime Minister stand expunged.

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** : ਚੇਅਰਮੈਨ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਜੇ ਇਸ ਪੰਜਾਬ ਅਕਾਰਡ ਨੂੰ ਲਾਗੂ ਕਰ ਦਿੱਤਾ ਜਾਂਦਾ ਅਤੇ 26 ਜਨਵਰੀ ਨੂੰ ਚੰਡੀਗੜ੍ਹ ਮਿਲ ਜਾਂਦਾ ਤਾਂ ਪੰਜਾਬ ਦਾ ਵਾਤਾਵਰਣ ਬਹੁਤ ਅੱਛਾ ਹੁੰਦਾ। ਇਸ ਅਕਾਰਡ ਉਤੇ ਅਸੀਂ ਜਨਤਾ ਤੋਂ ਵੋਟਾਂ ਲੈ ਕੇ ਆਏ ਸੀ ਅਤੇ ਅਕਾਲੀ ਪਾਰਟੀ ਤਾਕਤ ਵਿਚ ਆਈ ਹੈ, ਹੁਣ ਇਹ ਅਕਾਰਡ ਤੋਂ ਹੱਟ ਰਹੇ ਹਨ ਅਤੇ ਵਾਤਾਵਰਣ ਖਰਾਬ ਕਰਨ ਦੀ ਗੱਲ ਇਹ ਕਰ ਰਹੇ ਹਨ। ਇਸ ਦੇ ਵਿਚ [**] ਅਤੇ [* * *] ਵਾਲੀ ਹੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ, [** **] ਨੇ ਪੰਜਾਬ ਨੂੰ ਇਕ [* *] ਦਸਿਆ ਹੈ। ਇਹ ਵਰਡਜ਼ ਇਸਤੇਮਾਲ ਨਹੀਂ ਹੋਣੇ ਚਾਹੀਦੇ ਹਨ।

**Shri Brij Bhushan Mehra** : The conduct of the Speaker of Lok Sabha cannot be discussed in this House.

**ਸ਼੍ਰੀ ਸੇਵਾ ਰਾਮ ਅਰੋੜਾ** : ਚੇਅਰਮੈਨ ਸਾਹਿਬ, ਲੋਕ ਸਭਾ ਸਪੀਕਰ ਦੇ ਬਾਰੇ ਇਥੇ ਡਿਸਕਸ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਇਨ੍ਹਾਂ ਨੂੰ ਇਹ ਵਰਡਜ਼ ਵਿਦਡਰਾ ਕਰਨੇ ਚਾਹੀਦੇ ਹਨ।

(ਇਸ ਵੇਲੇ ਬਹੁਤ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਇਕੱਠੇ ਹੀ ਬੋਲ ਰਹੇ ਸਨ। (ਵਿਘਨ) (ਸ਼ੋਰ) ।

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** : ਚੇਅਰਮੈਨ ਸਾਹਿਬ, ਕੱਲ ਇਥੇ ਹਾਊਸ ਵਿਚ ਵੀ ਨਾਅਰੇ ਮਾਰੇ ਗਏ।

(ਇਸ ਵੇਲੇ ਸ਼੍ਰੀ ਸੇਵਾ ਰਾਮ ਅਰੋੜਾ ਅਖਬਾਰ ਹੱਥ ਵਿਚ ਪਕੜ ਕੇ ਹਾਊਸ ਵਿਚ ਲਹਿਰਾ ਰਹੇ ਸਨ। (ਵਿਘਨ) (ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ :** ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੇ ਪੰਜਾਬ ਨਾਲ, ਪੰਜਾਬੀ ਬੋਲੀ ਨਾਲ ਧੱਕਾ ਕੀਤਾ ਹੈ। ਸ੍ਰੀ ਬਲਰਾਮ ਜਾਖੜ ਸਾਰਾ ਦਿਨ ਪੰਜਾਬੀ ਬੋਲਦੇ ਹਨ ਪਰ ਉਨ੍ਹਾਂ ਨੇ ਕਦੇ ਪੰਜਾਬ ਦੇ ਹਿਤ ਬਾਰੇ ਨਹੀਂ ਸੋਚਿਆ। ਕੰਦੂਖੇੜਾ ਵਿਚ ਜਦੋਂ ਮਰਦਮ ਸ਼ੁਮਾਰੀ ਕਰਾਈ ਗਈ ਤਾਂ ਕਾਂਗਰਸ ਦੇ ਨੁਮਾਇੰਦੇ ਉਥੇ ਨਹੀਂ ਗਏ। ਸ੍ਰੀ ਬਲਰਾਮ ਜਾਖੜ ਦਾ ਆਪਣਾ ਉਹ ਇਲਾਕਾ ਸੀ ਪਰ ਉਹ ਉਥੇ ਨਹੀਂ ਗਏ ਅਤੇ ਨਾ ਹੀ ਉਨ੍ਹਾਂ ਦੇ ਬੰਦੇ ਗਏ ਹਨ। ਚੌਲ ਖਾ ਕੇ ਕੁਝ ਪਤਾ ਨਹੀਂ ਲਗਦਾ। ਚੇਅਰਮੈਨ ਸਾਹਿਬ, ਇਥੋਂ ਤਕ ਕਿ ਉਨ੍ਹਾਂ ਨੇ ਸਹੁੰ ਵੀ ਸੰਸਕ੍ਰਿਤ ਵਿਚ ਖਾਦੀ। ਮਨ ਵਿਚ ਉਨ੍ਹਾਂ ਦੇ ਭਾਵਨਾ ਸੀ ਕਿ ਪੰਜਾਬ ਵਿਚ ਕਿਸੇ ਤਰੀਕੇ ਨਾਲ ਗੜਬੜ ਕੀਤੀ ਜਾਵੇ। ਮੈਂ ਮਹਿਸੂਸ ਕਰਦਾ ਹਾਂ ਕਿ ਹਿੰਦੂ-ਸਿੱਖ ਦਾ ਕੋਈ ਸਵਾਲ ਨਹੀਂ ਹੈ। ਪੰਜਾਬ ਵਿਚ ਹਿੰਦੂ-ਸਿੱਖ ਦਾ ਸਵਾਲ ਨਹੀਂ ਹੈ। ਕਿਸੇ ਹਿੰਦੂ ਨਾਲ ਪੰਜਾਬ ਵਿਚ ਜ਼ਿਆਦਤੀ ਨਹੀਂ ਕੀਤੀ ਗਈ ਸਗੋਂ ਸਿੱਖਾਂ ਨਾਲ ਜ਼ਿਆਦਤੀ ਹੋਈ ਹੈ। ਸ਼ਿਵ ਸੈਨਾ ਪੰਜਾਬ ਵਿਚ ਫਿਰਕਾਪ੍ਰਸਤੀ ਪੈਦਾ ਕਰ ਰਹੀ ਹੈ, ਇਹ ਚੀਜ਼ ਤੁਹਾਡੇ ਸਾਹਮਣੇ ਹੈ। ਸਰਦਾਰ ਦਰਬਾਰਾ ਸਿੰਘ ਪਿਛਲੇ ਮੁੱਖ ਮੰਤਰੀ ਦੇ ਰਾਜ ਵਿਚ ਫਿਰਕਾਪ੍ਰਸਤੀ ਨੂੰ ਸ਼ਹਿ ਮਿਲੀ ਹੈ। ਇਹੋ ਜਿਹੀਆਂ ਸੰਸਥਾਵਾਂ ਚੇਅਰਮੈਨ ਸਾਹਿਬ ਜੋ ਪੰਜਾਬ ਦਾ ਵਾਤਾਵਰਨ ਖਰਾਬ ਕਰ ਰਹੀਆਂ ਹਨ, ਉਨ੍ਹਾਂ ਸੰਸਥਾਵਾਂ ਨੂੰ ਬੰਦ ਕਰਾਉਣਾ ਚਾਹੀਦਾ ਹੈ। ਮੈਂ ਆਪਣੇ ਦੋਸਤਾਂ ਨੂੰ ਬੇਨਤੀ ਕਰਾਂਗਾ ਕਿ ਅਗਰ ਤੁਸੀਂ ਇਮਾਨਦਾਰੀ ਨਾਲ ਪੰਜਾਬ ਦਾ ਵਾਤਾਵਰਨ ਠੀਕ ਕਰਨਾ ਚਾਹੁੰਦੇ ਹੋ ਤਾਂ ਸਾਡੇ ਨਾਲ ਚਲੋ, ਅਸੀਂ ਸਾਰੇ ਇਕੱਠੇ ਹੋ ਕੇ ਪ੍ਰਾਈਮ ਮਨਿਸਟਰ ਜੀ ਨੂੰ ਮਿਲੀਏ ਕਿ ਸਾਡਾ ਅਕਾਰਡ ਸਿਰੇ ਚੜ੍ਹਾਓ।

ਚੇਅਰਮੈਨ ਸਾਹਿਬ, ਕੁਝ ਦਿਨਾਂ ਵਾਸਤੇ ਨਕੋਦਰ, ਬਟਾਲੇ ਵਿਚ ਕਰਫਿਊ ਲਗਾਣਾ ਪਿਆ ਤਾਂ ਆਪੋਜ਼ੀਸ਼ਨ ਵਾਲਿਆਂ ਨੇ ਦੁਹਾਈ ਪਾ ਦਿੱਤੀ। ਜਦੋਂ ਦਿੱਲੀ ਅਤੇ ਹੋਰ ਥਾਵਾਂ ਤੇ ਕਰਫਿਊ ਲਗਿਆ ਰਿਹਾ ਤਾਂ ਇਹ ਚੁਪ ਬੈਠੇ ਰਹੇ। ਉਸ ਵੇਲੇ ਇਨ੍ਹਾਂ ਨੇ ਰੌਲਾ ਨਹੀਂ ਪਾਇਆ। ਇਹ ਅਕਾਲੀ ਸਰਕਾਰ ਨੂੰ ਖਰਾਬ ਕਰਨ ਵਾਸਤੇ ਸਾਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਇਹ ਸਾਰਾ ਕੁਝ ਆਪੋ-ਜ਼ੀਸ਼ਨ ਵਲੋਂ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਖਾਤਿਰ ਕੀਤਾ ਜਾ ਰਿਹਾ ਹੈ। ਇਹ ਆਪੋਜ਼ੀਸ਼ਨ ਦੇ ਲੀਡਰ ਸਰਦਾਰਨੀ ਗੁਰਬਰਿੰਦਰ ਕੌਰ ਬਰਾੜ ਨੇ ਜੋ ਰੈਜ਼ੋਲਿਊਸ਼ਨ ਦਿਤਾ, ਉਸ ਵਿਚ ਗੋਡੇ ਟੇਕ ਦੇਣ ਦਾ ਜ਼ਿਕਰ ਕੀਤਾ ਗਿਆ ਹੈ। ਕਾਂਗਰਸ ਪਾਰਟੀ ਚੇਅਰਮੈਨ ਸਾਹਿਬ, ਚਾਹੁੰਦੀ ਹੈ ਕਿ ਜੋ ਅਸੀਂ ਪਿੱਛੇ ਕਰਦੇ ਆਏ ਸੀ, ਉਹੀ ਕੁਝ ਅਸੀਂ ਕਰੀਏ ਪਰ ਅਸੀਂ ਹਰਗਿਜ਼ ਨਹੀਂ ਕਰਾਂਗੇ। ਸਾਨੂੰ ਇਸ ਤਰ੍ਹਾਂ ਕਰਨ ਦੀ ਲੋੜ ਨਹੀਂ ਹੈ। ਸਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਕੰਮ ਕਰਨਾ ਹੈ ਅਤੇ ਅਸੀਂ ਉਨ੍ਹਾਂ ਨੂੰ ਮਨਾ ਰਹੇ ਹਾਂ ਅਤੇ ਉਨ੍ਹਾਂ ਨੇ ਮੰਨ ਜਾਣਾ ਹੈ। ਸਾਨੂੰ ਉਮੀਦ ਹੈ ਕਿ ਉਹ ਸਾਡੇ ਨਾਲ ਸਹਿਮਤ ਹੋ ਜਾਣਗੇ। ਅਸੀਂ ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨਾ ਹੈ। ਸਾਡੀ ਜੋ ਚੇਅਰਮੈਨ ਸਾਹਿਬ, ਪਾਲਿਸੀ ਹੈ ਕਿ ਅਸੀਂ ਲੜਾਈ ਨਹੀਂ ਕਰਨੀ ਹੈ। ਇਸ ਬਾਰੇ ਮੈਂ ਮੁੱਖ ਮੰਤਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੂੰ ਵਧਾਈ ਦਿੰਦਾ ਹਾਂ, ਉਨ੍ਹਾਂ ਨੇ ਉਥੇ ਗੜਬੜ ਨਹੀਂ ਹੋਣ ਦਿੱਤੀ। ਇਸ ਲਈ ਗੋਡੇ ਟੇਕਨ ਵਾਲੀ ਕੋਈ ਗੱਲ ਨਹੀਂ ਹੈ। ਜੋ ਸਰਦਾਰ ਸੁਰਜੀਤ ਸਿੰਘ ਮਿਨਹਾਸ ਜੀ ਨੇ ਮਤਾ ਰਖਿਆ ਹੈ, ਰਾਜਪਾਲ ਦੇ ਧੰਨਵਾਦ ਦਾ, ਮੈਂ ਪੂਰੇ ਸ਼ਬਦਾਂ ਵਿਚ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ। ਮੈਂ ਆਸ ਕਰਦਾ ਹਾਂ ਕਿ ਮੇਰੀ ਸਰਕਾਰ ਪਿੰਡਾਂ ਦੀ ਭਲਾਈ ਲਈ ਅਤੇ ਸ਼ਹਿਰਾਂ ਦੀ

Original with;
Punjab Vidhan Sabha
Digitized by;
Panjab Digital Library

ਭਲਾਈ ਲਈ ਹੋਰ ਵੀ ਉਪਰਾਲੇ ਕਰੇਗੀ। ਇਸ ਨਾਲ ਪੰਜਾਬ ਦੇ ਕਿਸਾਨ, ਪੰਜਾਬ ਦੇ ਦੁਕਾਨਦਾਰ, ਪੰਜਾਬ ਦੇ ਗਰੀਬ ਲੋਕ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਰਗਾਂ ਨੂੰ ਉਚਾ ਚੁਕਣ ਦਾ ਮੌਕਾ ਮਿਲੇਗਾ। ਇੰਨਾ ਕਹਿੰਦਾ ਹੋਇਆ ਮੈਂ ਫਿਰ ਇਕ ਵਾਰ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਬੈਠਦਾ ਹਾਂ। (ਥੰਪਿੰਗ)

**Mr. Chairman**: Motion moved—

"That an address be presented to the Governor in the following terms:—

That the Members of this House assembled in this Session are deeply grateful to Governor for the address which he has been pleased to deliver to the House on the 3rd March, 1986."

**ਸਰਦਾਰਨੀ ਗੁਰਬਰਿੰਦਰ ਕੌਰ ਬਰਾੜ** (ਮੁਕਤਸਰ) : ਚੇਅਰਮੈਨ ਸਾਹਿਬ, ਮੈਨੂੰ ਬੜੇ ਹੀ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਪਹਿਲੇ ਦੋਨੋਂ ਸਪੀਕਰ ਬੋਲੇ ਹਨ, ਉਨ੍ਹਾਂ ਦੇ ਬੋਲਣ ਦਾ ਜੋ ਢੰਗ ਸੀ, ਉਹ ਬਜਾਏ ਇਸ ਦੇ ਕਿ ਪੰਜਾਬ ਦੇ ਗਵਰਨਰ ਸਾਹਿਬ ਦੇ ਐਡਰੈਸ ਉਤੇ ਵਿਚਾਰ ਕਰਨ ਤੋਂ ਬਾਅਦ ਬੋਲਦੇ, ਸਰਦਾਰ ਸੁਰਜੀਤ ਸਿੰਘ ਮਿਨਹਾਸ ਪਹਿਲਾਂ ਤਾਂ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਰਹੇ, ਪਰ ਫਿਰ ਉਸੀ ਗੱਲ ਤੇ ਆ ਗਏ। ਚੇਅਰਮੈਨ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਆਪੋਜ਼ੀਸ਼ਨ ਪਾਰਟੀ ਨੇ ਕੱਲ੍ਹ ਹਾਊਸ ਵਿਚ ਧਰਨਾ ਦਿੱਤਾ, ਇਹ ਚੀਜ਼ ਉਨ੍ਹਾਂ ਦੇ ਦਿਮਾਗ ਵਿਚੋਂ ਨਹੀਂ ਨਿਕਲਦੀ। (ਥੰਪਿੰਗ) ਸਾਡਾ ਮਕਸਦ ਵੀ ਇਹੋ ਸੀ ਜਿਹੜੀਆਂ ਰੋਜ਼ ਕਿਲਿੰਗਜ਼ ਹੋ ਰਹੀਆਂ ਹਨ, ਜੋ ਪੰਜਾਬ ਦੇ ਹਾਲਾਤ ਖਰਾਬ ਹੋ ਰਹੇ ਹਨ ਤਾਂ ਫਿਰ ਸਾਨੂੰ ਸੱਚਮੁਚ ਹੀ ਇਹ ਚੀਜ਼ ਕਰਨੀ ਪਈ, ਧਰਨਾ ਮਾਰਨਾ ਪਿਆ। ਚੇਅਰਮੈਨ ਸਾਹਿਬ, ਜਦੋਂ ਅਸੀਂ ਸਵੇਰੇ ਉਠ ਕੇ ਅਖਬਾਰ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਬੈਂਕ ਲੁਟ ਲਿਆ, ਕਤਲ ਹੋ ਗਿਆ, ਅਤੇ ਫਲਾਣੀ ਜਗ੍ਹਾ ਕਮਜ਼ੋਰ ਲੋਕਾਂ ਨਾਲ ਅਤਿਆਚਾਰ ਹੋ ਗਿਆ। ਪੁਲਿਸ ਦੀ ਵਰਕਿੰਗ ਤੋਂ ਲੋਕਾਂ ਦੇ ਦਿਲ ਬਹੁਤ ਦੁਖੀ ਹਨ। ਚੇਅਰਮੈਨ ਸਾਹਿਬ, ਇਹ ਸਾਰੀਆਂ ਗਲਾਂ ਨੂੰ ਖਤਮ ਕਰਨ ਵਾਸਤੇ ਹੀ ਅਕਾਰਡ ਕੀਤਾ ਸੀ। ਇਹ ਪ੍ਰਾਈਮ ਮਨਿਸਟਰ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸਮਝੌਤਾ ਹੋਇਆ ਸੀ ਜੋ ਕਿ ਇਕ ਬੜਾ ਹਿਸਟਾਰੀਕਲ ਅਕਾਰਡ ਸੀ। ਇਸ ਅਕਾਰਡ ਕਰਕੇ ਹੀ ਪੰਜਾਬ ਵਿਚ ਇਲੈਕਸ਼ਨ ਹੋਏ ਔਰ ਇਲੈਕਸ਼ਨਾਂ ਤੋਂ ਬਾਅਦ ਹੀ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਬਣੀ ਅਤੇ ਲੋਕਾਂ ਨੂੰ ਇਨ੍ਹਾਂ ਤੋਂ ਬੜੀ ਹੀ ਉਮੀਦ ਸੀ।

ਲੋਕਾਂ ਨੂੰ ਬਹੁਤ ਉਮੀਦ ਸੀ ਕਿ ਅਮਨ ਚੈਨ, ਸ਼ਾਂਤੀ ਆਏਗੀ ਔਰ ਪੰਜਾਬ ਵਿਚ ਖੁਸ਼ਹਾਲੀ ਦੇ ਦੌਰ ਤੇ ਚਲੇਗਾ ਲੇਕਿਨ, ਬਰਨਾਲਾ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਲਾਅ ਐਂਡ ਆਰਡਰ ਦੀ ਪੰਜਾਬ ਵਿਚ ਅੱਜ ਜਿਹੜੀ ਹਾਲਤ ਹੈ, ਉਹ ਬਿਲਕੁਲ ਠੀਕ ਨਹੀਂ। ਮੇਰਾ ਖਿਆਲ ਹੈ ਕਿ ਇਸ ਐਡਰੈਸ ਤੇ ਬੋਲਣ ਤੋਂ ਪਹਿਲਾਂ ਇਕ ਦੋ ਗੱਲਾਂ ਮਿਨਹਾਸ ਸਾਹਿਬ ਨੇ ਬਾਰ ਬਾਰ ਕਹੀਆਂ ਸਨ ਕਿ ਬੀਬੀ ਜੀ ਇਸ ਦਾ ਜਵਾਬ ਦੇਣ ਅਤੇ ਉਸ ਦਾ ਜਵਾਬ ਦੇਣ। ਮੈਂ ਹੁਣ ਪਹਿਲਾਂ ਉਨ੍ਹਾਂ ਗੱਲਾਂ ਦਾ ਜਵਾਬ ਦੇ ਕੇ ਹੀ ਸਪੀਚ ਸ਼ੁਰੂ ਕਰਾਂਗੀ। ਮੈਂ ਜ਼ਿਆਦਾ ਵਕਤ ਵੀ ਨਹੀਂ ਲੈਣਾ ਕਿਉਂਕਿ ਮੇਰੇ ਇਕ ਹੋਰ ਸਪੀਕਰ ਵੀ ਬੋਲਣ ਨੂੰ ਬੈਠੇ ਹਨ।

ਜਿਹੜਾ ਇਨ੍ਹਾਂ ਨੇ ਏਥੇ ਬਾਰ ਬਾਰ ਕਿਹਾ ਹੈ ਕਿ ਕੰਡੂਖੇੜਾ ਪਿੰਡ ਦੇ ਮਾਮਲੇ ਵੇਲੇ ਇਹ ਕਿੱਥੇ ਸਨ ਅਤੇ ਕੀ ਕਰ ਰਹੇ ਸਨ ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਸਵਾਲ ਤਾਂ ਇਹ ਹੈ ਕਿ ਕੰਡੂਖੇੜਾ ਦਾ ਕਿਸੇ ਨੂੰ ਵਹਿਮ ਹੀ ਨਹੀਂ ਸੀ ਕੰਡੂਖੇੜਾ ਪੰਜਾਬੀ ਸਪੀਕਿੰਗ ਨਹੀਂ ਹੈ। ਇਹ ਤਾਂ ਸਭ ਨੂੰ ਹੀ ਪਤਾ ਹੈ ਕਿ ਇਹ ਪਿੰਡ ਪੰਜਾਬੀ ਸਪੀਕਿੰਗ ਹੈ। ਮੈਂ ਇਹ ਵੀ ਪੁੱਛਣਾ ਚਾਹੁੰਦੀ ਹਾਂ ਕਿ ਤੁਹਾਡੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਿੱਥੇ ਸਨ ਜਿਹੜੇ ਕਿ ਸਟੋਨ ਥਰੋ ਤੇ ਬੈਠੇ ਸਨ।

Original with;
Punjab Vidhan Sabha
Digitized by;
Panjab Digital Library

**ਟਰੇਜ਼ਰੀ ਬੈਂਚਿਜ਼ ਵਲੋਂ ਅਵਾਜ਼ਾਂ :** ਉਹ ਉਥੇ ਜਾ ਕੇ ਆਏ ਹਨ।

**ਸਰਦਾਰਨੀ ਗੁਰਬਰਿੰਦਰ ਕੌਰ ਬਰਾੜ :** ਤੁਸੀਂ ਜੋ ਕੁਝ ਮਰਜ਼ੀ ਕਹੀ ਜਾਓ ਪਰ ਉਹ ਬਿਲਕੁਲ ਨਹੀਂ ਗਏ। ਜਿਹੜੀ ਸਾਡੀ ਪਾਰਟੀ ਹੈ, ਉਸ ਵਿੱਚ ਅਸੀਂ ਆਪਣੇ ਕੰਮ ਵੰਡੇ ਹੋਏ ਹਨ। ਸਾਡੇ ਵਿਚੋਂ ਸ਼ਿਵ ਚੰਦ ਔਰ ਹੰਸ ਰਾਜ ਆਰੀਆ ਅਤੇ ਇਕ ਦੋ ਹੋਰ ਮੈਂਬਰ ਉਥੇ ਗਏ। ਤੁਸੀਂ ਬਰਨਾਲਾ ਸਾਹਿਬ ਤੋਂ ਪੁਛੋ ਜੇ ਇਨ੍ਹਾਂ ਨੇ ਕਦੇ ਵੀ ਕਿਸੇ ਗੱਲ ਲਈ ਸਾਡੇ ਤੋਂ ਸਹਿਯੋਗ ਮੰਗਿਆ ਹੋਵੇ, ਔਰ ਅਸੀਂ ਨਾ ਦਿੱਤਾ ਹੋਵੇ। ਅਸੀਂ ਪਹਿਲਾਂ ਵੀ ਹਾਊਸ ਵਿਚ ਖੜ੍ਹੇ ਹੋ ਕੇ ਕਿਹਾ ਸੀ ਕਿ ਬਰਨਾਲਾ ਸਾਹਿਬ, ਅਸੀਂ ਹਰ ਕੰਸਟ੍ਰਕਟਿਵ ਪ੍ਰੋਗਰਾਮ ਵਿੱਚ ਤੁਹਾਡਾ ਸਾਥ ਦੇਵਾਂਗੇ। ਪੰਜਾਬ ਸਭ ਦਾ ਹੈ, ਤੁਹਾਡਾ ਇਕੱਲਿਆਂ ਦਾ ਨਹੀਂ। ਪਰ ਜੇ ਕੋਈ ਗਲਤ ਗੱਲਾਂ ਹੋਣਗੀਆਂ ਤਾਂ ਅਸੀਂ ਚੁਪ ਕਰਕੇ ਨਹੀਂ ਬੈਠਾਂਗੇ। ਅਸੀਂ ਸਹੀ ਗੱਲਾਂ ਨੂੰ ਉਚਾ ਚੁਕਾਂਗੇ ਅਤੇ ਤਾਰੀਫ ਵੀ ਕਰਾਂਗੇ ਪਰ ਮੈਂ ਇਕ ਗੱਲ ਇਹ ਵੀ ਕਹਿਣੀ ਚਾਹੁੰਦੀ ਹਾਂ ਕਿ ਮੁਆਫ ਕਰਨਾ, ਏਡਾ ਵੱਡਾ ਪੰਜਾਬ ਸੀ ਜਿਹੜਾ ਕਾਬਲ ਨਾਲ ਜਾ ਲਗਦਾ ਸੀ। ਫਿਰ ਪਾਕਿਸਤਾਨ ਬਣਨ ਨਾਲ ਹੋਰ ਛੋਟਾ ਹੋਇਆ। ਫਿਰ ਇਨ੍ਹਾਂ ਨੇ ਹਰਿਆਣਾ ਬਣਾਕੇ ਹੋਰ ਛੋਟਾ ਕਰ ਦਿੱਤਾ। ਸ਼ਿਮਲੇ ਦੀ ਸਾਰੀ ਫਾਰੈਸਟ ਵੈਲਥ, ਹਰਿਆਣੇ ਦੀ ਸਾਰੀ ਇੰਡਸਟਰੀ ਇਹ ਸਾਰਾ ਕੁਝ ਤੁਸੀਂ ਪਲੇਟ ਤੇ ਰੱਖ ਕੇ ਦੇ ਦਿੱਤਾ ਅਤੇ ਅੱਜ ਤੁਸੀਂ ਇਕ ਛੋਟੇ ਜਿਹੇ ਕੰਮ ਤੇ ਸਾਨੂੰ ਝਗੜੇ ਵਿੱਚ ਪਾਇਆ ਹੋਇਆ ਹੈ। ਕੀ ਲੋੜ ਸੀ ਏਨੇ ਸੋਹਣੇ ਪੰਜਾਬ ਨੂੰ ਤੋੜਨ ਦੀ ? ਸਾਰੇ ਹਿੰਦੁਸਤਾਨ ਵਿੱਚ ਤੁਹਾਡਾ ਰੋਹਬ ਸੀ, ਏਨੇ ਸਾਰੇ ਐਮ.ਪੀਜ਼. ਸੈਂਟਰ ਵਿੱਚ ਤੁਹਾਡੇ ਵਲੋਂ ਬੋਲਣ ਵਾਲੇ ਹੁੰਦੇ। ਪਰ ਦੁਬਾਰਾ ਇਨ੍ਹਾਂ ਗੱਲਾਂ ਵੱਲ ਜਾਣ ਦਾ ਕੋਈ ਫਾਇਦਾ ਨਹੀਂ। ਹੋਰ ਸ੍ਰੀ ਮਿਨਹਾਸ ਨੇ ਕਿਹਾ ਕਿ ਕਾਂਗਰਸ ਜੇਲ੍ਹਾਂ ਨਹੀਂ ਕੱਟ ਸਕਦੀ ਜਿਹੜੀ ਕਿ ਇਕ ਫਜ਼ੂਲ ਜਿਹੀ ਗੱਲ ਹੈ। ਆਜ਼ਾਦੀ ਕਿਸ ਤਰ੍ਹਾਂ ਲਈ ਹੈ ਇਹ ਸਾਰੇ ਜਹਾਨ ਨੂੰ ਪਤਾ ਹੈ ਅਤੇ ਸਾਰੇ ਹਿੰਦੁਸਤਾਨ ਨੂੰ ਵੀ ਪਤਾ ਹੈ।(ਵਿਘਨ)

ਚੇਅਰਮੈਨ ਸਾਹਿਬ, ਮਿਨਹਾਸ ਸਾਹਿਬ ਜਿਹੜੇ ਹਨ, ਉਹ ਵਕੀਲ ਹਨ। ਪਹਿਲਾਂ ਲਗੇ ਸਨ ਸ਼ੇਖੀ ਵਿੱਚ ਆ ਕੇ ਅਕਾਰਡ ਦੀਆਂ ਕਲਾਜ਼ਾਂ ਪੜ੍ਹਨ ਪਰ ਜਦੋਂ ਸਾਈਮਲਟੇਨੀਅਸਲੀ ਲਫਜ਼ ਪੜ੍ਹਿਆ ਤਾਂ ਚੁਪ ਕਰ ਗਏ। ਕਾਫੀ ਸਿਆਣੇ ਹਨ। ਸਾਨੂੰ ਸਾਰਿਆਂ ਨੂੰ ਰਲ ਕੇ ਚਾਹੀਦਾ ਹੈ ਕਿ ਅਸੀਂ ਇਸ ਕੰਮ ਨੂੰ ਪੂਰਾ ਕਰੀਏ ਤਾਕਿ ਅਕਾਰਡ ਲਾਗੂ ਹੋ ਸਕੇ। ਪ੍ਰਾਈਮ ਮਨਿਸਟਰ ਤਾਂ ਮਨੋਂ ਚਾਹੁੰਦੇ ਹਨ ਕਿ ਅਕਾਰਡ ਨੂੰ ਲਾਗੂ ਕੀਤਾ ਜਾਵੇ। ਪਰ ਉਨ੍ਹਾਂ ਨੇ ਸਾਰੀਆਂ ਕਲਾਜ਼ਿਜ਼ ਵੇਖਣੀਆਂ ਹਨ (*Interruption*) Please do not try to interrupt me. ਬੜੀ ਅਜੀਬ ਗੱਲ ਹੈ ਕਿ ਮਿਨਹਾਸ ਸਾਹਿਬ ਜਿਉਂ ਲੱਗੇ ਬੋਲਣ ਚੰਗੇਜ਼ ਖਾਂ, ਔਰੰਗਜ਼ੇਬ ਅਤੇ ਹਲਾਕੂ ਨੂੰ ਲੈ ਕੇ ਕਿ ਸਮਝ ਹੀ ਨਹੀਂ ਆਈ ਕਿਸ ਸਿਲਸਿਲੇ ਵਿੱਚ ਬੋਲ ਰਹੇ ਹਨ।

ਹੁਣ ਅਸੀਂ ਗਵਰਨਰ ਐਡਰੈਸ ਤੇ ਵਿਚਾਰ ਕਰੀਏ। ਏਥੇ ਗਵਰਨਰ ਐਡਰੈਸ ਵਿੱਚ ਇਨ੍ਹਾਂ ਨੇ ਖੁਦ ਮੰਨਿਆਂ ਹੈ ਕਿ Certain forces opposed to the traditional amity and harmony between the various communities in the State are out to destabilise conditions here. Their aim appears to be to defame the State in and outside the country and to invite repression and misery on its people.

ਸੋ ਇਹ ਖੁਦ ਵੀ ਮੰਨਦੇ ਹਨ ਕਿ ਐਸੀਆਂ ਫੋਰਸਿਜ਼ ਹਨ। ਕਈ ਤਾਂ ਤੁਹਾਡੇ ਵਿਚ ਹੀ ਐਸੀਆਂ ਫੋਰਸਿਜ਼ ਹਨ ਜਿਨ੍ਹਾਂ ਨੇ ਅਕਾਰਡ ਦੀ ਮੁਖਾਲਫਤ ਕੀਤੀ ਅਤੇ ਕਈ ਸਾਡੇ ਗੁਆਂਢੀ ਮੁਲਕ ਐਸੇ ਹਨ ਜਿਹੜੇ ਇਥੇ ਅਮਨ ਸ਼ਾਂਤੀ ਨਹੀਂ ਚਾਹੁੰਦੇ ਅਤੇ ਪੰਜਾਬ ਨੂੰ ਖਰਾਬ ਕਰਨ ਵਿੱਚ ਪੂਰਾ ਹਿੱਸਾ ਪਾ ਰਹੇ ਹਨ। There are certain forces in your party, certain forces in the country and outside which want to destabilise the conditions in the State.

Original with;
Punjab Vidhan Sabha
Digitized by;
Panjab Digital Library

ਅਕਾਲੀ ਪਾਰਟੀ, ਕਾਂਗਰਸ ਪਾਰਟੀ ਔਰ ਬਾਕੀ ਸਾਰੀਆਂ ਪਾਰਟੀਆਂ ਦੀ ਸਾਡੀ ਸਾਰਿਆਂ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਕਾਰਡ ਲਾਗੂ ਹੋਵੇ ਔਰ ਸਹੀ ਤਰੀਕੇ ਨਾਲ ਲਾਗੂ ਹੋਵੇ ਤਾਕਿ ਪੰਜਾਬ ਖੁਸ਼ਹਾਲ ਵਸ ਸਕੇ। ਬਾਕੀ ਅਕਾਰਡ ਦੇ ਉਤੇ ਇਹ ਤੁਸੀਂ ਵੀ ਮੰਨਦੇ ਹੋ ਅਤੇ ਅਸੀਂ ਵੀ ਮੰਨਦੇ ਹਾਂ ਕਿ The accord is the only solution to the Punjab problem and in overall national interest, it should be speedily implemented so as to remove the atmosphere of uncertainty, suspicion and mistrust.

ਇਹ ਮੇਰੀ ਪਾਰਟੀ, ਔਰ ਮੈਂ ਇਸ ਗੱਲ ਨੂੰ ਬਿਲਕੁਲ ਮੰਨਦੇ ਹਾਂ। ਅਸੀਂ ਵੀ ਆਫਟਰ-ਆਲ ਜ਼ਿੰਮੇਵਾਰ ਹਾਂ ਔਰ ਪ੍ਰਾਈਮ-ਮਨਿਸਟਰ ਦਾ ਵੀ ਪੂਰਾ ਮਨ ਹੈ ਕਿ ਅਕਾਰਡ ਲਾਗੂ ਹੋਵੇ। ਇਨ੍ਹਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਆਊਟ ਆਫ ਦਿ ਵੇ ਜਾ ਕੇ ਇਕ ਰਿਜਨਲ ਪਾਰਟੀ ਦੇ ਲੀਡਰ ਨਾਲ ਪ੍ਰਾਈਮ ਮਨਿਸਟਰ ਨੇ ਇਹ ਅਕਾਰਡ ਸਾਈਨ ਕੀਤਾ। ਉਨ੍ਹਾਂ ਦਾ ਅਗਰ ਮਨ ਨਾ ਹੁੰਦਾ ਤਾਂ ਉਹ ਨਾ ਕਰਦੇ। ਮੈਂ ਬਰਨਾਲਾ ਸਾਹਿਬ ਔਰ ਆਪਣੇ ਕੁਲੀਗਜ਼ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਪੂਰੀ ਤਰ੍ਹਾਂ ਚਾਹੁੰਦੇ ਹਾਂ ਕਿ ਇਹ ਅਕਾਰਡ ਲਾਗੂ ਹੋਵੇ ਔਰ ਇਹ ਹੋਵੇਗਾ, ਸਾਈਮਲਟੇਨੀਅਸਲੀ ਹੋਵੇਗਾ, ਇਹ ਚੀਜ਼ ਇਨ੍ਹਾਂ ਨੂੰ ਸੌਲਵ ਕਰਨੀ ਚਾਹੀਦੀ ਹੈ। ਸਾਨੂੰ ਤਾਂ ਤੁਸੀਂ ਬੁਲਾਉਂਦੇ ਨਹੀਂ। ਇਹ ਤਾਂ ਸਰਕਾਰ ਨੇ ਕਰਨਾ ਹੈ, ਇਧਰ ਦੀ ਸਰਕਾਰ ਨੇ ਅਤੇ ਉਧਰ ਦੀ ਸਰਕਾਰ ਨੇ, ਪੰਜਾਬ ਦੀ ਸਰਕਾਰ ਨੇ ਅਤੇ ਕੇਂਦਰ ਦੀ ਸਰਕਾਰ ਨੇ ਅਸੀਂ ਆਸ਼ਾ ਕਰਦੇ ਹਾਂ ਕਿ ਬਰਨਾਲਾ ਸਾਹਿਬ ਬਹੁਤ ਪੜ੍ਹੇ ਲਿਖੇ ਅਤੇ ਸਮਝਦਾਰ ਹਨ ਅਤੇ ਉਹ ਇਸ ਕੰਮ ਨੂੰ ਸਿਰੇ ਚਾੜ੍ਹਨਗੇ। ਰਾਜੀਵ ਗਾਂਧੀ ਜੀ ਵੀ ਬਿਲਕੁਲ ਤਿਆਰ ਹਨ। ਬਾਕੀ ਕੁਝ ਕੁ ਮਾਮਲਿਆਂ ਨੂੰ ਸਾਲਵ ਕਰਨਾ ਸਾਡਾ ਫਰਜ਼ ਹੈ। ਅਸੀਂ ਸਾਰੇ ਸੈਸ਼ਨ ਵਿੱਚ ਇਕੱਠੇ ਹੋਏ ਹਾਂ ਇਸ ਲਈ ਮੈਂਬਰਾਂ ਦੀ ਵੀ ਇਕ ਕਿਸਮ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਇਸ ਕੰਮ ਵਿੱਚ ਗੌਰਮਿੰਟ ਦਾ ਸਾਥ ਦੇਣ। ਅਸੀਂ ਸੁਜੈਸ਼ਨਜ਼ ਦੇਵਾਂਗੇ ਅਤੇ ਉਮੀਦ ਹੈ ਕਿ ਬਰਨਾਲਾ ਸਾਹਿਬ ਉਨ੍ਹਾਂ ਨੂੰ ਸਵੀਕਾਰ ਕਰਨਗੇ ਅਤੇ ਕੋਸ਼ਿਸ਼ ਕਰਨਗੇ ਕਿ ਜਿਹੜੀਆਂ ਸਹੀ ਗੱਲਾਂ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇ।

ਇਕ ਹੋਰ ਗੱਲ ਮੈਂ ਕਹਿਣੀ ਚਾਹੁੰਦੀ ਹਾਂ ਕਿ ਇਹ ਖੁਸ਼ਕਿਸਮਤੀ ਹੈ ਕਿ ਇਹ ਪਹਿਲੀ ਅਕਾਲੀਆਂ ਦੀ ਸਰਕਾਰ ਹੈ, ਜਿਸਨੂੰ ਸਾਰੀਆਂ ਪਾਰਟੀਆਂ ਹੈਲਪ ਕਰਨਾ ਚਾਹੁੰਦੀਆਂ ਹਨ। This is the first time that all the opposition parties want to help this 'Sarkar' (Government).

ਇਸ ਕਰਕੇ ਤੁਸੀਂ ਵੱਧ ਚੜ੍ਹ ਕੇ ਕੰਮ ਕਰੋ, ਮਜ਼ਬੂਤੀ ਨਾਲ ਅਤੇ ਦ੍ਰਿੜਤਾ ਨਾਲ ਲਾਅ ਐਂਡ ਆਰਡਰ ਨੂੰ ਠੀਕ ਰਖੋ। ਜਿੰਨਾਂ ਚਿਰ ਲਾਅ ਐਂਡ ਆਰਡਰ ਠੀਕ ਨਹੀਂ ਹੁੰਦਾ, ਉਨਾਂ ਚਿਰ ਡਿਵੈਲਪਮੈਂਟ ਦੇ ਕਿਸੇ ਕੰਮ ਦਾ ਕੋਈ ਅਸਰ ਨਹੀਂ ਹੁੰਦਾ। ਇਸ ਬਾਰੇ ਮੈਂ ਤੁਹਾਨੂੰ ਪਹਿਲਾਂ ਹੀ ਰਿਕੁਐਸਟ ਕਰ ਚੁਕੀ ਹਾਂ ਕਿ Accord is the only solution of the Punjab problem.

ਪ੍ਰਾਈਮ ਮਨਿਸਟਰ ਨੇ ਵੀ ਆਪਣੀ ਸਪੀਚ ਵਿੱਚ ਜ਼ਿਕਰ ਕੀਤਾ ਹੈ ਔਰ ਪ੍ਰੈਜ਼ੀਡੈਂਟ ਨੇ ਵੀ ਆਪਣੇ ਐਡਰੈਸ ਵਿੱਚ ਕਿਹਾ ਹੈ ਕਿ ਸਾਡੀ ਇਨ੍ਹਾਂ ਕੰਮਾਂ ਤੇ ਪੰਜਾਬ ਸਰਕਾਰ ਨੂੰ ਪੂਰੀ ਮਦਦ ਹੈ। Prime Minister, President—they are all ready to help us. So we should remain together and bring peace to this State.

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬਰਿੰਦਰ ਕੌਰ ਬਰਾੜ]

ਕੁਝ ਗੱਲਾਂ ਬਾਰੇ ਕਹਿ ਕੇ ਬਾਅਦ ਵਿਚ ਮੈਂ ਲਾਅ ਐਂਡ ਆਰਡਰ ਦੀ ਪ੍ਰਾਬਲਮ ਲਵਾਂਗੀ। ਮੇਰੇ ਹੋਰ ਕੁਲੀਗਜ਼ ਵੀ ਮੈਂਬਰਜ਼ ਵੀ ਡਿਫਰੈਂਟ ਡਿਫਰੈਂਟ ਪੁਆਇੰਟਸ ਤੇ ਬੋਲਣਾ ਚਾਹੁੰਦੇ ਹਨ। ਇਰੀਗੇਸ਼ਨ ਦਾ ਮਾਮਲਾ ਹੈ ਬੜੀ ਖੁਸ਼ੀ ਦੀ ਗੱਲ ਹੈ ਕਿ ਕੰਡੀ ਏਰੀਆ ਵਿਚ ਡੀਪ ਟਿਊਬਵੈੱਲਜ਼ ਲਗਾ ਰਹੇ ਹਾਂ। ਪਰ ਵਾਟਰ ਲਾਗਿੰਗ ਦੀ ਬੜੀ ਭਾਰੀ ਪ੍ਰਾਬਲਮ ਹੈ ਔਰ ਖਾਸ ਕਰਕੇ ਅੱਜ ਕਲ ਜ਼ਿਲ੍ਹਾ ਫਰੀਦ-ਕੋਟ ਵਿਚ ਇਹ ਪ੍ਰਾਬਲਮ ਬਹੁਤ ਜ਼ਿਆਦਾ ਹੈ। ਕਿਸੇ ਵਕਤ ਵਿਚ ਅੰਮ੍ਰਿਤਸਰ ਏਰੀਆ ਔਰ ਮੋਗਾ ਏਰੀਆ ਵਿਚ ਇਹ ਪ੍ਰਾਬਲਮ ਸੀ ਪਰ ਇਸ ਵੇਲੇ ਫਰੀਦਕੋਟ ਜ਼ਿਲ੍ਹੇ ਵਿਚ ਇਹ ਬੜੀ ਭਾਰੀ ਪ੍ਰਾਬਲਮ ਹੈ। ਥਲਿਉਂ ਪਾਣੀ ਉਪਰ ਨੂੰ ਆ ਰਿਹਾ ਹੈ ਔਰ ਇਸ ਤਰ੍ਹਾਂ ਕਰਕੇ ਜ਼ਮੀਂਦਾਰਾਂ ਨੂੰ ਉਥੇ ਬੜੀ ਤਕਲੀਫ ਹੈ। ਇਸ ਲਈ ਬਰਨਾਲਾ ਸਾਹਿਬ ਤੁਹਾਨੂੰ ਮੇਰੀ ਰਿਕੁਐਸਟ ਹੈ ਕਿ ਡਰੇਨੇਜ ਦਾ ਜੋ ਕੰਮ ਹੈ ਇਸ ਨੂੰ ਟਾਈਮ-ਬਾਊਂਡ ਪ੍ਰੋਗਰਾਮ ਨਾਲ ਕਰੋ। ਇਨ੍ਹਾਂ ਬਾਰੇ ਸੈਂਕਸ਼ਨ ਹੋ ਚੁੱਕੀ ਹੈ ਪਰ ਡਰੇਨੇਜ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ। ਜਿਹੜੀਆਂ ਪਹਿਲਾਂ ਡਰੇਨਜ਼ ਬਣੀਆਂ ਹੋਈਆਂ ਹਨ ਉਨ੍ਹਾਂ ਦੀ ਡਰੇਜ਼ਿੰਗ ਨਹੀਂ ਹੋਈ ਜਿਸ ਕਰਕੇ ਉਥੇ ਬਰਸਾਤ ਵਿਚ ਪਾਣੀ ਨਹੀਂ ਲੰਘ ਸਕਦਾ ਅਤੇ ਉਸ ਨਾਲ ਫਲੱਡਜ਼ ਆਉਣ ਦਾ ਡਰ ਰਹਿੰਦਾ ਹੈ। ਇਸ ਉਤੇ ਵੀ ਤੁਹਾਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਵਿਚ ਪਾਵਰ ਦਾ ਜ਼ਿਕਰ ਆਇਆ ਹੈ ਬੜੀ ਅੱਛੀ ਗੱਲ ਹੈ। ਜਿੰਨਾ ਚਿਰ ਬਿਜਲੀ ਨਹੀਂ ਹੋਏਗੀ ਉਨ੍ਹਾ ਚਿਰ ਨਾ ਇੰਡਸਟਰੀ ਚਲ ਸਕਦੀ ਹੈ ਅਤੇ ਨਾ ਹੀ ਟਿਊਬਵੈੱਲਜ਼ ਕੁਨੈਕਸ਼ਨ ਮਿਲ ਸਕਦੇ ਹਨ। ਬਿਜਲੀ ਲਈ ਜੋ ਦੱਸਿਆ ਗਿਆ ਹੈ, ਇਸ ਨਾਲ ਖੁਸ਼ੀ ਹੋਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਰੋਪੜ ਥਰਮਲ ਪਲਾਂਟ ਸਟੇਜ-II 420 ਮੈਗਾਵਾਟ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟ ਸਟੇਜ-II, 162 ਮੈਗਾਵਾਟ ਬਿਜਲੀ ਪੈਦਾ ਕਰੇਗਾ। ਇਹ ਬਹੁਤ ਅੱਛੀ ਗੱਲ ਹੈ। ਥੀਨ ਡੈਮ ਦੇ ਕੰਮ ਨੂੰ ਤੇਜ਼ ਕਰਨ ਬਾਰੇ ਕਿਹਾ ਗਿਆ ਹੈ, ਇਹ ਬਹੁਤ ਅੱਛੀ ਗੱਲ ਹੈ। ਥੀਨ ਡੈਮ ਦਾ ਨਾਂ ਰਣਜੀਤ ਸਾਗਰ ਰੱਖਣ ਦਾ ਫੈਸਲਾ ਕੀਤਾ ਹੈ, ਇਹ ਠੀਕ ਹੈ। ਪਰ ਇਸ ਬਾਰੇ ਐਡਰੈਸ ਵਿਚ ਜ਼ਿਕਰ ਨਹੀਂ ਕੀਤਾ ਗਿਆ ਹੈ। ਇਹ ਰੀਅਲੀ ਬੜਾ ਬਿਊਟੀਫੁਲ ਨਾਂ ਹੈ। ਇਹ ਹੋਣਾ ਚਾਹੀਦਾ ਹੈ। ਇਹ ਜਿਹੜਾ ਝੋਨੇ ਦੀ ਪਰਾਲੀ ਤੋਂ ਥਰਮਲ ਪਲਾਂਟ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ। ਮੈਨੂੰ ਉਮੀਦ ਹੈ ਕਿ ਜਦੋਂ ਇਹ ਆਪਣੀ ਸਪੀਚ ਦੇਣਗੇ ਤਾਂ ਉਸ ਵਿਚ ਇਹ ਸਾਨੂੰ ਦੱਸਣਗੇ ਕਿ ਕਦੋਂ ਤਕ ਇਹ ਕੰਮ ਹੋ ਜਾਏਗਾ ਔਰ ਕਿਥੋਂ ਤਕ ਇਹ ਕੰਮ ਹੋ ਗਿਆ ਹੈ। ਅਗਰ ਇਹ ਇਸ ਤਰ੍ਹਾਂ ਬਿਜਲੀ ਪੈਦਾ ਕਰ ਸਕਣ ਤਾਂ ਅੱਛੀ ਗੱਲ ਹੈ।

ਬਾਕੀ ਐਗਰੀਕਲਚਰ ਬਾਰੇ ਤੁਹਾਨੂੰ ਪਤਾ ਹੈ ਕਿ ਐਗਰੀਕਲਚਰ ਵਿਚ ਪੰਜਾਬ ਸਾਰੇ ਦੇਸ਼ ਤੋਂ ਅੱਗੇ ਹੈ ਔਰ ਇਸ ਵਾਸਤੇ ਇੱਕ ਚੀਜ਼ ਦੀ ਜ਼ਰੂਰਤ ਹੈ ਉਹ ਹੈ ਕਿ ਜ਼ਿਮੀਂਦਾਰਾਂ ਨੂੰ, ਕਿਸਾਨਾਂ ਨੂੰ, ਵਕਤ ਤੇ ਫਰਟੇਲਾਈਜ਼ਰ ਮਿਲੇ ਉਨ੍ਹਾਂ ਨੂੰ ਵਕਤ ਤੇ ਵੀਡੀਸਾਈਡ ਅਤੇ ਇਨਸੈਕਟੇਸਾਈਡ ਮਿਲੇ ਔਰ ਜੋ ਉਨ੍ਹਾਂ ਨੂੰ ਕੋਆਪਰੇਟਿਵਜ਼ ਰਾਹੀਂ ਪੈਸੇ ਮਿਲਦੇ ਹਨ ਉਹ ਵੀ ਵਕਤ ਤੇ ਮਿਲਣ। ਸੈਂਟਰ ਦਾ ਬਜਟ ਆਇਆ ਹੈ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਸ ਤਰ੍ਹਾਂ ਕਰਾਪਿੰਗ ਸਿਸਟਮ ਕਰਨਾ ਚਾਹੁੰਦੇ ਹਾਂ। ਆਇਲ ਸੀਡਜ਼ ਜ਼ਿਆਦਾ ਦਿਓ। ਉਸ ਬਾਰੇ ਇਸ ਐਡਰੈਸ ਵਿਚ ਕੁਝ ਜ਼ਿਕਰ ਨਹੀਂ ਕੀਤਾ ਗਿਆ ਹੈ। ਆਇਲ ਸੀਡਜ਼ ਬਾਰੇ ਪੰਜਾਬ ਵਿਚ ਕਿਸ ਤਰ੍ਹਾਂ ਨਾਲ ਕਰਨਾ ਹੈ ਇਸ ਬਾਰੇ ਇਸ ਸਕੀਮ ਨੂੰ ਕਿਸ ਤਰ੍ਹਾਂ ਨਾਲ ਲੈਣਾ ਹੈ, ਇਸ ਬਾਰੇ ਕੁਝ ਨਹੀਂ ਦੱਸਿਆ ਗਿਆ ਹੈ। ਸੈਂਟਰ ਔਰ ਸਟੇਟ ਨੇ ਰਲ ਕੇ ਕਰਨਾ ਹੈ, ਇਸ ਤੇ ਚਾਨਣਾ ਪਾਉਣ ਦੀ ਲੋੜ ਹੈ। ਇਹ ਦਸਿਆ ਜਾਵੇ ਕਿ ਆਇਲ-ਸੀਡਜ਼ ਬਾਰੇ ਪੰਜਾਬ ਸਰਕਾਰ ਦੀ ਕੀ ਨੀਤੀ ਹੈ ?

Original with;
Punjab Vidhan Sabha
Digitized by;
Panjab Digital Library

ਫਾਰੈਸਟ ਉਤੇ ਬੜਾ ਜ਼ੋਰ ਹੈ ਕਿਉਂਕਿ ਬਹੁਤ ਸਾਰੇ ਦਰਖਤ ਕੱਟਣ ਨਾਲ ਐਨਵਾਇਰਨਮੈਂਟ ਵਿਚ ਫਰਕ ਪੈ ਜਾਂਦਾ ਹੈ। ਰੀਸੈਂਟਲੀ ਪਟਿਆਲਾ ਵਿਖੇ 500 ਦਰਖਤ ਕੱਟ ਕੇ ਰੱਖ ਦਿੱਤੇ। ਤੁਹਾਨੂੰ ਪਤਾ ਹੈ ਕਿ ਦਰਖ਼ਤ ਗਰੋ ਕਰਨ ਵਿਚ ਕਿੰਨਾਂ ਟਾਈਮ ਲਗਦਾ ਹੈ। ਇਸ ਗਲ ਦੀ ਤਕਲੀਫ ਹੋਈ ਹੈ ਕਿ ਦਰਖ਼ਤ ਕੱਟੇ ਗਏ ਹਨ। ਸਾਲ ਵਿਚ ਇਹ ਫੰਕਸ਼ਨ ਇੱਕ ਵਾਰੀ ਹੋਣਾ ਹੈ ਉਸ ਵਾਸਤੇ ਦਰਖਤ ਕੱਟੇ ਗਏ ਹਨ ਇਹ ਠੀਕ ਨਹੀਂ ਹੈ।

ਇੱਕ ਅੱਛੀ ਗੱਲ ਹੈ ਗਵਰਨਰ ਸਾਹਿਬ ਨੇ ਕੋਆਪ੍ਰੇਸ਼ਨ ਉਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਹੈ—

> "My Government will continue to assign considerable responsibilities to the cooperatives for the distribution of credit and inputs particularly to the marginal farmers, landless labourers and other sections of rural society, which are economically vulnerable....."

ਇਹ ਬਹੁਤ ਅੱਛੀ ਗੱਲ ਹੈ। ਮੇਰਾ ਖਿਆਲ ਹੈ ਕਿ ਇਸ ਤੇ ਧਿਆਨ ਦਿਉ। ਕਿਉਂਕਿ ਆਮ ਤੌਰ ਤੇ ਕੋਆਪ੍ਰੇਟਿਵ ਵਿਚ ਕੁਝ ਲੋਕ ਅਜਿਹੇ ਆ ਜਾਂਦੇ ਹਨ ਜੋ ਕਿ ਇਸ ਗੱਲ ਦਾ ਖਿਆਲ ਨਹੀਂ ਰਖਦੇ ਕਿ ਹਰ ਗਰੀਬ ਨੂੰ ਚੀਜ਼ ਮਿਲਦੀ ਹੈ ਜਾਂ ਨਹੀਂ। ਇਸ ਲਈ ਇਹ ਕੰਮ ਚੰਗੇ ਆਦਮੀਆਂ ਦੇ ਹੱਥਾਂ ਵਿਚ ਹੋਣਾ ਚਾਹੀਦਾ ਹੈ ਤਾਕਿ ਹਰ ਇੱਕ ਨੂੰ ਇਸ ਦਾ ਪੂਰਾ ਫਾਇਦਾ ਮਿਲ ਸਕੇ। ਜੋ ਪਲੈਨਿੰਗ ਹੁੰਦੀ ਹੈ ਉਸ ਦੀ ਇੰਪਲੀਮੈਂਟੇਸ਼ਨ ਵੱਲ ਵੀ ਧਿਆਣ ਦੇਣਾ ਚਾਹੀਦਾ ਹੈ। ਜੇਕਰ ਅਫਸਰ ਇਸ ਸਕੀਮ ਦੀ ਚੰਗੀ ਤਰ੍ਹਾਂ ਨਾਲ ਇੰਪਲੀਮੈਂਟੇਸ਼ਨ ਨਹੀਂ ਕਰ ਸਕਣਗੇ ਤਾਂ ਸਰਕਾਰ ਨੂੰ ਉਹ ਕਰੈਡਿਟ ਨਹੀਂ ਮਿਲ ਸਕੇਗਾ ਜੋ ਕਿ ਪਲੈਨਿੰਗ ਕਰਦੇ ਸਮੇਂ ਮਿਲਿਆ ਸੀ। ਸ਼ੁਰੂ ਤੋਂ ਹੀ ਇਸ ਗੱਲ ਵੱਲ ਧਿਆਣ ਦੇਣਾ ਚਾਹੀਦਾ ਹੈ ਕਿ ਚੰਗੇ ਅਫਸਰ ਲਗਾਏ ਜਾਣ ਜੋ ਕਿ ਇੰਪਲੀਮੈਂਟੇਸ਼ਨ ਦੇ ਕੰਮ ਨੂੰ ਚੰਗੀ ਤਰ੍ਹਾਂ ਕਰਨ। ਐਸੇ ਅਫਸਰ ਲਗਾਏ ਜਾਣ ਜੋ ਕਿ ਇਸ ਗੱਲ ਦਾ ਧਿਆਨ ਰੱਖਣ ਕਿ ਇਸ ਪ੍ਰਤੀ ਸਰਕਾਰ ਕੀ ਚਾਹੁੰਦੀ ਹੈ।

ਇੱਕ ਗਲ ਹੋਰ ਮੈਂ ਬਰਨਾਲਾ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ 20-ਪੁਆਇੰਟ ਪ੍ਰੋਗਰਾਮ ਜੋ ਕਿ ਪਾਵਰਟੀ ਨੂੰ ਇਰੈਡੀਕੇਟ ਕਰਨ ਦਾ ਪ੍ਰੋਗਰਾਮ ਹੈ ਉਸ ਬਾਰੇ ਇਸ ਵਿਚ ਜ਼ਿਕਰ ਨਹੀਂ ਆਇਆ ਹੈ। ਇਸ ਰਿਪੋਰਟ ਵਿਚ ਕਈ ਗਲਾਂ ਓਵਰ-ਲੁਕ ਹੋ ਗਈਆਂ ਹਨ। 20-ਪੁਆਇੰਟ ਪ੍ਰੋਗਰਾਮ ਜ਼ਰੂਰ ਰੱਖਣਾ ਚਾਹੀਦਾ ਸੀ ਅਤੇ ਉਸ ਨੂੰ ਚੰਗੀ ਤਰ੍ਹਾਂ ਨਾਲ ਲਾਗੂ ਕਰਨਾ ਚਾਹੀਦਾ ਹੈ। ਜਿਹੜੀਆਂ ਡਿਸ-ਟ੍ਰਿਕਟ ਲੈਵਲ ਤੇ ਕਮੇਟੀਜ਼ ਬਣਾਓਗੇ ਉਸ ਵਲ ਪੂਰਾ ਧਿਆਣ ਦੇਣਾ ਚਾਹੀਦਾ ਹੈ। ਮੈਂ ਫਿਗਰਜ਼ ਵਿਚ ਨਹੀਂ ਜਾਣਾ ਚਾਹੁੰਦੀ ਲੇਕਿਨ ਗਰੀਬਾਂ ਨੂੰ ਉੱਚਾ ਉਠਾਉਣਾ ਸਾਡਾ ਸਭ ਦਾ ਫਰਜ਼ ਹੈ।

ਮਿਨਹਾਸ ਸਾਹਿਬ ਹਾਊਸਿੰਗ ਬਾਰੇ ਬੋਲ ਰਹੇ ਸੀ ਅਤੇ ਕਹਿ ਰਹੇ ਸੀ ਕਿ 1.70 ਕਰੋੜ ਦੀ ਆਬਾਦੀ ਵੱਧ ਕੇ 2 ਕਰੋੜ ਹੋ ਜਾਵੇਗੀ। 70 ਕਰੋੜ ਤੋਂ ਇਲਾਵਾ 30 ਕਰੋੜ ਹੋਰ ਦਿੱਤਾ ਹੈ। ਪਰ ਕਿਉਂ ਨਾ ਫੈਮਿਲੀ ਪਲੈਨਿੰਗ ਕੀਤੀ ਜਾਏ। ਫੈਮਿਲੀ ਪਲੈਨਿੰਗ ਬਹੁਤ ਬਹੁਤ ਇੰਪਾਰਟੈਂਟ ਹੈ। ਇਸ ਬਾਰੇ ਇਸ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਫੈਮਿਲੀ ਪਲੈਨਿੰਗ ਬਾਰੇ ਸਰਕਾਰ ਦਾ ਕੀ ਵਿਚਾਰ ਹੈ। ਜ਼ਮੀਨ ਕੋਈ ਰਬੜ ਵਾਂਗੂ ਖਿਚ ਕੇ ਵੱਡੀ ਤਾਂ ਹੋ ਨਹੀਂ ਸਕਦੀ। ਫੈਮਿਲੀ ਪਲੈਨਿੰਗ ਕਰਕੇ ਹੀ ਜ਼ਮੀਨ ਦੀ ਥੁੜ ਨੂੰ ਰੋਕਿਆ ਜਾ ਸਕਦਾ ਹੈ। ਪੰਜਾਬੀਆਂ ਨੂੰ ਚੰਗੇ ਤਕੜੇ ਮਜ਼ਬੂਤ ਕਰੋ, ਇਨ੍ਹਾਂ ਨੂੰ ਅੱਛੀ ਸਿਖਿਆ ਦਿਓ ਅਤੇ ਇਸ ਕੰਮ ਨੂੰ ਚੰਗੀ ਤਰ੍ਹਾਂ ਨਾਲ ਸਿਰੇ ਚੜ੍ਹਾਓ। ਇਸ ਬਾਰੇ ਇਸ ਵਿਚ ਕੋਈ ਜ਼ਿਕਰ ਨਹੀਂ ਆਇਆ ਅਤੇ ਇਸ ਬਾਰੇ ਜ਼ਿਕਰ ਹੋਣਾ ਚਾਹੀਦਾ ਸੀ।

ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਦਾ ਸਬਜੈਕਟ ਕੋਈ ਹੋਰ ਮੇਰਾ ਕੁਲੀਗ ਲਏਗਾ।

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬਰਿੰਦਰ ਕੌਰ ਬਰਾੜ]

ਹੁਣ ਮੈਂ ਕਮਿਊਨੀਕੇਸ਼ਨ ਦੀ ਗੱਲ ਕਰਦੀ ਹਾਂ। ਕੋਈ ਵੀ ਸਟੇਟ ਹੋਵੇ ਉਹ ਜ਼ਿਆਦਾ ਪ੍ਰਾਗੈਸਿਵ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਲਈ ਕਮਿਊਨੀਕੇਸ਼ਨ ਦੇ ਜ਼ਰਾਏ ਨਾ ਹੋਣ। ਲਿੰਕ ਰੋਡਜ਼ ਬਾਰੇ ਕਿਸੇ ਵੇਲੇ ਕੋਸ਼ਿਸ਼ ਕੀਤੀ ਗਈ ਸੀ ਕਿ ਸਾਰੇ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਮਿਲਾਇਆ ਜਾਏ। ਠੇਕੇਦਾਰ ਜੋ ਸੜਕਾਂ ਬਨਾਉਣ ਵਾਲੇ ਸਨ, ਕਈ ਕਿਸਮ ਦੇ ਲੋਕ ਹੁੰਦੇ ਹਨ, ਉਨ੍ਹਾਂ ਨੇ ਥੋੜਾ ਮਸਾਲਾ ਲਗਾਇਆ , ਉਨ੍ਹਾਂ ਦੀ ਮੇਨਟੇਨੈਂਸ ਨਾ ਹੋਣ ਕਰਕੇ ਉਨ੍ਹਾਂ ਦਾ ਪੱਧਰ ਕਿਧਰੇ ਜਾ ਰਿਹਾ ਹੈ। ਮਿਹਰਬਾਨੀ ਕਰੋ ਅਤੇ ਇਹ ਵੇਖੋ ਕਿ ਸੜਕਾਂ ਦੀ ਮੇਨਟੇਨੈਂਸ ਕਿਸ ਤਰ੍ਹਾਂ ਨਾਲ ਕਰਨੀ ਹੈ। ਮੈਨੂੰ ਖੁਸ਼ੀ ਹੋਈ ਹੈ ਕਿ ਵਰਲਡ ਬੈਂਕ ਦੀ ਮਦਦ ਨਾਲ ਸੇਰ ਸ਼ਾਹ ਸੂਰੀ ਮਾਰਗ ਅਤੇ ਜਲੰਧਰ-ਸਰਹੰਦ ਸੈਕਸ਼ਨ ਨੂੰ ਵੀ ਬਣਾ ਰਹੇ ਹੋ। ਇਹ ਅੱਛੀ ਚੀਜ਼ ਹੈ। ਇਹ ਸ਼ੇਰ ਸ਼ਾਹ ਸੂਰੀ ਸੜਕ ਬਾਰੇ ਪਿਛੇ ਜਿਹੇ ਅਖਬਾਰਾਂ ਵਿਚ ਛਪਿਆ ਸੀ ਕਿ ਕਿਸ ਤਰ੍ਹਾਂ ਹਜ਼ਾਰਾਂ ਲੋਕ ਇਥੇ ਮਰਦੇ ਹਨ। ਸੜਕ ਤੰਗ ਹੋਣ ਕਰਕੇ ਕਾਮਊਨੀਕੇਸ਼ਨ ਦਾ ਫਲੋ ਠੀਕ ਨਹੀਂ ਰਹਿ ਸਕਦਾ। ਮੈਨੂੰ ਖੁਸ਼ੀ ਹੈ ਕਿ ਇਸ ਪਾਸੇ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਤੁਸੀਂ 14.80 ਕਰੋੜ ਰੁਪਿਆ ਰਖਿਆ ਹੈ ਅਤੇ ਵਰਲਡ ਬੈਂਕ ਦਾ 82 ਕਰੋੜ ਰੁਪਿਆ ਲਗਿਆ ਹੈ। Further the "Government has constituted a technical Committee for induction of modern technology and practices in the construction and maintenance of roads, bridges and buildings." This is a very good idea. ਇਹ ਬਹੁਤ ਅੱਛਾ ਆਈਡੀਆ ਹੈ। ਮੈਨੂੰ ਆਸ ਹੈ ਕਿ ਤੁਸੀਂ ਆਪਣੀ ਸਪੀਚ ਵਿਚ ਦੱਸੋਗੇ ਕਿ ਆਇਆ ਇਹ ਕਮੇਟੀ ਬਣ ਗਈ ਹੈ ਅਤੇ ਜੇਕਰ ਬਣ ਗਈ ਹੈ ਤਾਂ ਫਿਰ ਕਿਥੋਂ ਤਕ ਇਸ ਕਮੇਟੀ ਨੇ ਕੰਮ ਕੀਤਾ ਹੈ। ਇਸ ਬਾਰੇ ਅਸੀਂ ਸੁਣਨਾ ਚਾਹੁੰਦੇ ਹਾਂ।

ਡਰਿੰਕਿੰਗ ਵਾਟਰ ਬਾਰੇ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਇਹ ਇਕ ਨਸੈਸਟੀ ਹੈ ਕਿ ਪਿੰਡ ਦੇ ਲੋਕ ਵੀ ਸਾਫ ਸੁਥਰਾ ਪਾਣੀ ਪੀ ਸਕਣ (ਵਿਘਨ) ਅਗਰ ਪਿੰਡਾਂ ਦੇ ਆਦਮੀ ਸਾਫ ਸੁਥਰਾ ਪਾਣੀ ਵੀ ਨਹੀਂ ਪੀ ਸਕਦੇ ਤਾਂ ਫਿਰ ਉਹ ਕਿਸ ਤਰ੍ਹਾਂ ਨਾਲ ਬਾਕੀ ਦੇ ਕੰਮ ਕਰ ਸਕਦੇ ਹਨ। ਕਈ ਏਰੀਆਜ਼ ਵਿਚ ਬਰੈਕਿਸ਼ ਵਾਟਰ ਹੈ ਜੋ ਕਿ ਬੋਨਜ਼ ਨੂੰ ਖਰਾਬ ਕਰਦਾ ਹੈ। ਬਰੈਕਿਸ਼ ਵਾਟਰ ਪੀ ਕੇ ਕਈ ਬੀਮਾਰੀਆਂ ਲਗ ਜਾਂਦੀਆਂ ਹਨ। ਸਭ ਤੋਂ ਪਹਿਲਾਂ ਤਾਂ ਹਰ ਪਿੰਡ ਵਿਚ ਡਰਿੰਕਿੰਗ ਵਾਟਰ ਮੁਹੱਈਆ ਕਰਨਾ ਚਾਹੀਦਾ ਹੈ ਔਰ ਕੁਝ ਏਰੀਆਜ਼ ਵਿਚ ਪਾਈਪ ਲਾਈਨ ਵਾਟਰ ਦੇਣਾ ਚਾਹੀਦਾ ਹੈ ਤਾਕਿ ਲੋਕਾਂ ਨੂੰ ਕਮ-ਅਜ਼-ਕਮ ਪੀਣ ਲਈ ਪਾਣੀ ਤਾਂ ਮਿਲ ਸਕੇ। ਇਹ ਲਗਜ਼ਰੀ ਨਹੀਂ ਹੈ ਅਤੇ ਇਹ ਨਿਸੈਸਟੀ ਹੈ ਕਿ ਹਰ ਪਿੰਡ ਵਾਲਿਆਂ ਨੂੰ ਸਾਫ ਅਤੇ ਸੁਥਰਾ ਪਾਣੀ ਪੀਣ ਨੂੰ ਮਿਲ ਸਕੇ। ਤਾਕਿ ਉਨ੍ਹਾਂ ਦੀ ਸਿਹਤ ਅੱਛੀ ਹੋਵੇ ਅਤੇ ਉਹ ਖੇਤਾਂ ਵਿਚ ਅੱਛੀ ਤਰ੍ਹਾਂ ਕੰਮ ਕਰਨ ਅਤੇ ਵੱਧ ਪਰੋਡਕਸ਼ਨ ਪੈਦਾ ਕਰਨ ਅਤੇ ਇਸ ਕਰਕੇ ਉਹ ਸਾਡੇ ਸੂਬੇ ਨੂੰ ਅਤੇ ਮੁਲਕ ਨੂੰ ਜ਼ਿਆਦਾ ਅਨਾਜ਼ ਪੈਦਾ ਕਰਕੇ ਦੇਣ। ਇਸ ਦੇ ਬਾਰੇ ਇਸ ਵਿਚ ਲਿਖਿਆ ਹੈ ਕਿ ਟੋਟਲ 3112 ਇਹੋ ਜਿਹੇ ਵਿਲੇਜ ਆਈਡੈਂਟੀਫਾਈ ਹੋਏ ਹਨ ਅਤੇ ਮਾਰਚ, 1986 ਤੱਕ 2647 ਪਿੰਡ ਤੁਸੀਂ ਕਵਰ ਕਰ ਲੈਣੇ ਹਨ। ਟੋਟਲ ਕਾਸਟ 96 ਕਰੋੜ ਹੋਵੇਗੀ। ਇਹ ਤੁਹਾਡੀ ਬਹੁਤ ਅੱਛੀ ਗੱਲ ਹੈ।

ਹੁਣ ਮੈਂ ਵਾਟਰ ਲਾਗਿੰਗ ਬਾਰੇ ਅਰਜ਼ ਕਰਨੀ ਚਾਹੁੰਦੀ ਹਾਂ। ਜਿਹੜੇ ਵਾਟਰ ਲਾਗਿੰਗ ਏਰੀਆਜ਼ ਦੇ ਵਿਚ ਡਰਿੰਕਿੰਗ ਵਾਟਰ ਦੀ ਸਕੀਮ ਚਾਲੂ ਕੀਤੀ ਗਈ ਹੈ ਉਥੇ ਥੱਲੇ ਦਾ ਪਾਣੀ ਅਤੇ ਉਪਰ ਦਾ ਪਾਣੀ ਇਕੱਠੇ ਹੋ ਜਾਂਦੇ ਹਨ। ਮੈਂ ਅੱਗੇ ਵੀ ਇਥੇ ਕਿਹਾ ਸੀ ਕਿ ਇਸ ਦਾ ਕੁਝ ਕਰੋ ਤਾਕਿ ਇਹ ਜਿਹੜਾ ਤੁਸੀਂ ਪ੍ਰੋਗਰਾਮ ਬਣਾ ਚੁਕੇ ਹੋ ਕਿਸੇ ਤਰੀਕੇ ਨਾਲ ਹਾਇਰ ਲੈਵਲ ਤੇ ਕੰਮ ਕਰੋ। ਉਨ੍ਹਾਂ ਅਫਸਰਾਂ ਨੇ

Original with;
Punjab Vidhan Sabha
Digitized by;
Panjab Digital Library

ਮੈਨੂੰ ਦੱਸਿਆ ਕਿ ਪਹਿਲਾਂ ਡਰੇਨੇਜ ਬਣਾਈ ਜਾਵੇ ਤਾਕਿ ਪਾਣੀ ਡਰੇਨ ਹੋ ਜਾਵੇ ਅਤੇ ਪਾਣੀ ਦਾ ਲੈਵਲ ਥਲੇ ਚਲਾ ਜਾਵੇ ਉਸ ਦੇ ਬਾਅਦ ਫਿਰ ਅੱਗੇ ਕਰਾਂਗੇ । That means it is inter dependant. ਮੈਂ ਕਹਿਣਾ ਚਾਹੁੰਦੀ ਹਾਂ ਕਿ ਇਸ ਪ੍ਰੋਗਰਾਮ ਨੂੰ ਟਾਈਮ ਬਾਊਂਡ ਕਰਨਾ ਚਾਹੀਦਾ ਹੈ।

ਜਿਹੜਾ ਤੁਸੀਂ ਜ਼ਿਕਰ ਕੀਤਾ ਹੈ ਨੈਚੁਰਲ ਕਲੈਮਿਟੀਜ਼ ਦਾ, ਇਸ ਦਾ ਤੁਹਾਨੂੰ ਪਤਾ ਹੈ ਕਿ ਕੁਝ ਨਾ ਕੁਝ ਅਮਾਊਂਟ ਤਾਂ ਰੱਖਣੀ ਪੈਂਦੀ ਹੈ ਕਿਉਂਕਿ ਪਤਾ ਨਹੀਂ ਹੁੰਦਾ । ਕਈ ਵਾਰੀ ਬਾਰਿਸ਼ ਜ਼ਿਆਦਾ ਹੋ ਜਾਵੇ ਜਾਂ ਡਰਾਟ ਹੋ ਜਾਵੇ। ਇਸ ਵਿਚ ਤੁਸੀਂ ਜ਼ਿਕਰ ਕੀਤਾ ਹੈ ਕਿ ਪਟਿਆਲੇ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਰੂਪਨਗਰ (ਰੋਪੜ) ਵਿਚ ਡਰਾਟ ਹੋਈ। ਫਿਰ ਜੁਲਾਈ, 1985 ਵਿਚ ਐਨੀਆਂ ਬਾਰਿਸ਼ਾਂ ਹੋਈਆਂ ਅਤੇ ਜਿਸ ਬਾਰੇ ਪੰਜਾਬ ਸਰਕਾਰ ਨੇ ਸੈਂਟਰ ਕੋਲੋਂ ਪੈਸਾ ਲਿਆ। ਇਹ ਅਬਾਊਟ 60.88 ਕਰੋੜ ਰੁਪਿਆ ਹੈ ਉਸ ਵਿਚੋਂ ਤੁਸੀਂ ਪਹਿਲਾਂ ਦੱਸਿਆ ਹੈ ਕਿ ਕਿੰਨੇ ਕਰੋੜ ਰੁਪਿਆ ਖਰਚਿਆ ਸੀ, ਡਿਪਟੀ ਕਮਿਸ਼ਨਰਜ਼ ਦੇ ਰਾਹੀਂ ਵੰਡਿਆ ਗਿਆ। ਇਹ ਰੁਪਿਆ ਉਨ੍ਹਾਂ ਵਿਚ ਵੰਡਿਆ ਗਿਆ ਜਿਹੜੇ ਬਾਰਿਸ਼ਾਂ ਨਾਲ ਅਫੈਕਟਿਡ ਹੋਏ ਸਨ। ਮੈਂ ਤੁਹਾਡੇ ਨੋਟਿਸ ਵਿਚ ਫਿਰ ਲਿਆਉਣਾ ਚਾਹੁੰਦੀ ਹਾਂ ਕਿ ਪਿਛਲੇ ਸੈਸ਼ਨ ਵਿਚ ਮੈਂ ਸਰਦਾਰ ਉਬੋਕੇ ਨੂੰ ਕਿਹਾ ਸੀ ਕਿ ਕੁਝ ਲੋਕ ਇਹ ਕਹਿੰਦੇ ਹਨ ਕਿ ਸਾਨੂੰ ਤਾਂ ਪੈਸੇ ਨਹੀਂ ਮਿਲੇ ਜਦ ਕਿ ਅਸੀਂ ਅਫੈਕਟਿਡ ਹੋਏ ਸੀ ਪਰ ਕਈ ਲੋਕ ਜ਼ਿਆਦਾ ਲੈ ਗਏ। ਇਸ ਬਾਰੇ ਕੋਈ ਵਿਚਾਰ ਕਰਕੇ ਮੈਂ ਚਾਹੁੰਦੀ ਹਾਂ ਕਿ ਮੈਨੂੰ ਦੱਸਿਆ ਜਾਵੇ ਕਿ ਇਹ ਜਿਹੜੀ ਸ਼ਿਕਾਇਤ ਸੀ, ਇਹ ਆਮ ਸ਼ਿਕਾਇਤ ਸੀ, ਇਹ ਇਕੱਲੀ ਮੇਰੀ ਸ਼ਿਕਾਇਤ ਨਹੀਂ ਸੀ, ਬਹੁਤ ਸਾਰਿਆਂ ਦੀਆਂ ਸ਼ਿਕਾਇਤਾਂ ਸਨ, ਉਸ ਉਤੇ ਕੀ ਐਕਸ਼ਨ ਲਿਆ ਗਿਆ ਹੈ ?

ਸੋਸ਼ਲ ਵੈਲਫੇਅਰ ਸਕੀਮ ਦੀ ਗੱਲ ਹੈ। ਇਹ ਤੁਹਾਡਾ ਬਹੁਤ ਭਾਰੀ ਹਿੱਸਾ ਹੈ ਬੈਕਵਰਡ ਕਲਾਸਿਜ਼ ਅਤੇ ਸ਼ੈਡਿਊਲਡ ਕਾਸਟਸ ਲੋਕਾਂ ਵਾਸਤੇ। ਇਸ ਦੇ ਵਿਚ ਸਾਰਾ ਹਿੰਦੁਸਤਾਨ ਹੀ ਚਾਹੁੰਦਾ ਹੈ ਕਿ ਇਸ ਕਲਾਸ ਨੂੰ ਉਤਾਂਹ ਚੁਕਿਆ ਜਾਵੇ ਤਾਕਿ ਉਹ ਵੀ ਬਾਕੀ ਰਹਿੰਦੇ ਲੋਕਾਂ ਨਾਲ ਬਰਾਬਰ ਆ ਜਾਣ। ਠੀਕ ਹੈ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਕਾਫੀ ਤਰੱਕੀ ਕੀਤੀ ਹੈ। ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਵਿਚੋਂ ਬਹੁਤ ਸਾਰੇ ਅੱਛੀਆਂ ਪੋਸਟਾਂ ਤੇ ਅਫਸਰ ਹਨ। ਉਨ੍ਹਾਂ ਦੀ ਪੂਰੀ ਮੱਦਦ ਕੀਤੀ ਜਾ ਰਹੀ ਹੈ ਫਿਰ ਵੀ, ਇਨ੍ਹਾਂ ਵਿਚ ਕੁਝ ਲੋਕ ਉਹ ਹਨ ਜਿਨ੍ਹਾਂ ਤੱਕ ਇਹ ਚੀਜ਼ ਨਹੀਂ ਪਹੁੰਚੀ। ਜਿਹੜੇ ਗਰੀਬ ਹਰੀਜਨ ਬਸਤੀਆਂ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਅਜੇ ਤੱਕ ਇਹ ਚੀਜ਼ ਨਹੀਂ ਪਹੁੰਚੀ। ਇਸ ਲਈ ਮੈਂ ਕਹਾਂਗੀ ਕਿ ਉਨ੍ਹਾਂ ਲੋਕਾਂ ਵੱਲ ਸਪੈਸ਼ਲ ਧਿਆਨ ਦਿੱਤਾ ਜਾਵੇ।

ਜਿਹੜੀਆਂ ਵਿਧਵਾਵਾਂ ਦੀਆਂ ਪੈਨਸ਼ਨਾਂ ਹਨ, ਜਿਹੜੀਆਂ ਓਲਡ ਏਜ ਦੀਆਂ ਪੈਨਸ਼ਨਾਂ ਹਨ, ਉਸ ਬਾਰੇ ਮੈਂ ਕੁਝ ਕਹਿਣਾ ਚਾਹੁੰਦੀ ਹਾਂ। ਸਾਡੇ ਪੰਜਾਬ ਵਿਚ ਜ਼ਿਆਦਾ ਓਲਡ ਹੋਮਜ਼ ਨਹੀਂ। ਇਹ ਵੀ ਜ਼ਿਆਦਾ ਹੋਣੇ ਚਾਹੀਦੇ ਹਨ। ਉਹ ਲੋਕ ਜਿਨ੍ਹਾਂ ਦਾ ਕੋਈ ਬੱਚਾ ਨਹੀਂ ਹੁੰਦਾ, ਉਨ੍ਹਾਂ ਨੂੰ ਬੜੀ ਤਕਲੀਫ ਹੁੰਦੀ ਹੈ। ਉਨ੍ਹਾਂ ਲਈ ਇਕ ਅੱਧਾ ਹੋਮ ਡਿਸਟ੍ਰਿਕਟ ਲੈਵਲ ਤੇ ਬਣਾਇਆ ਜਾਵੇ ਤਾਕਿ ਉਹ ਵੀ ਸਾਂਭੇ ਜਾਣ। ਬੁਢਾਪਾ ਕਰਕੇ ਉਹ ਉਥੇ ਰਹਿ ਸਕਣ, ਸੋ ਇਸ ਕਿਸਮ ਦੀ ਉਨ੍ਹਾਂ ਨੂੰ ਸਹੂਲਤ ਦਿੱਤੀ ਜਾਵੇ। ਬਾਕੀ ਜਿਥੋਂ ਤਕ ਵਿਡੋ ਪੈਨਸ਼ਨ ਦਾ ਸਵਾਲ ਹੈ, ਹੁਣ ਮਹਿੰਗਾਈ ਜ਼ਿਆਦਾ ਹੋ ਗਈ ਹੈ। ਇਸ ਲਈ ਵਿਡੋ ਪੈਨਸ਼ਨ ਵੀ ਵਧਾਉਣੀ ਚਾਹੀਦੀ ਹੈ। ਮਹਿੰਗਾਈ ਦੇ ਮੁਤਾਬਿਕ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ।

ਹੁਣ ਮੈਂ ਤੁਹਾਡੇ ਸਾਹਮਣੇ ਬੜੀ ਇੰਪਾਰਟੈਂਟ ਗੱਲ ਜੋ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਬਾਰੇ, ਕਹਿਣਾ ਚਾਹੁੰਦੀ ਹਾਂ। ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ ਕਿ ਜਿਸ ਗੱਲ ਦਾ ਇਥੇ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬਰਿੰਦਰ ਕੌਰ ਬਰਾੜ]

ਕੱਲ ਬਾਰ ਬਾਰ ਜ਼ਿਕਰ ਆਇਆ, ਉਹ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਸੀ। ਇਸ ਤੋਂ ਪਹਿਲਾਂ ਮੈਂ ਲਾਅ ਐਂਡ ਆਰਡਰ ਦੇ ਬਾਰੇ ਕਹਾਂ, ਮੈਂ ਇਕ ਹੋਰ ਪਹਿਲਾਂ ਅਰਜ਼ ਕਰਨਾ ਚਾਹੁੰਦੀ ਹਾਂ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬਰਨਾਲਾ ਸਾਹਿਬ ਨੂੰ ਅਰਜ਼ ਕਰਨੀ ਚਾਹੰਦੀ ਹਾਂ ਕਿ ਇਹ ਜਿਹੜਾ ਐਡਮਨਿਸਟਰੇਟਿਵ ਰਿਫਾਰਮ ਹੈ We should try to improve efficiency ਜਿਹੜੀ ਇੰਪਾਰਟਟੇਂਟ ਗਲ ਹੈ ਉਹ ਅਕਾਊਂਟੇਬਿਲਿਟੀ ਹੈ। ਅਕਾਊਂਟੇਬਿਲਿਟੀ ਅਗਰ ਤੁਸੀਂ ਕਰ ਦਿਓ ਤਾਂ ਉਸ ਦੇ ਨਾਲ ਇਹ ਵੀ......

**ਸ੍ਰੀ ਬ੍ਰਿਜ ਭੂਸ਼ਣ ਮਹਿਰਾ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਉਤੇ ਬਹਿਸ ਹੋ ਰਹੀ ਹੈ, ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹਨ ਪਰ ਅਫਸਰ ਗੈਲਰੀ ਵਿਚ ਕੋਈ ਅਫਸਰ ਨਹੀਂ ਹੈ ਜਿਹੜਾ ਕਿ ਇਨ੍ਹਾਂ ਦੇ ਪੁਆਇੰਟ ਨੂੰ ਨੋਟ ਕਰੇ।

**ਆਵਾਜ਼ਾਂ :** ਇਹ ਬੜੀ ਮਾੜੀ ਗਲ ਹੈ।

**ਮੁੱਖ ਮੰਤਰੀ** (ਬੈਠੇ, ਬੈਠੇ): ਮੈਂ ਬੈਠਾ ਹਾਂ।

**ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ :** ਅਕਾਊਂਟੇਬਿਲਿਟੀ ਇੰਟਰੋਡਿਊਸ ਜ਼ਰੂਰ ਕਰੋ। ਅਕਾਊਂਟੇਬਿਲਿਟੀ ਦੇ ਬਗੈਰ ਗਲ ਨਹੀਂ ਬਣਨੀ। ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਡਿਜ਼ਾਲਵ ਕਰ ਦਿੱਤਾ ਸੀ, ਉਸ ਦੀ ਕੀ ਪੁਜ਼ੀਸ਼ਨ ਹੈ ? ਕਿਉਂਕਿ ਹੁਣ ਤੁਸੀ ਕਾਫੀ ਸਰਵਿਸਿਜ਼ ਖੋਲ੍ਹ ਦਿੱਤੀਆਂ ਹਨ। ਉਸ ਦੇ ਲਈ ਕੀ ਤਰੀਕਾ ਹੋਵੇਗਾ, ਉਨ੍ਹਾਂ ਨੂੰ ਕਿਸ ਤਰ੍ਹਾਂ ਰਿਕਰੂਟ ਕਰੋਗੇ। ਤੁਸੀਂ ਆਪਣੀ ਸਪੀਚ ਵਿਚ ਚਾਨਣਾ ਪਾਉਣਾ।

ਹੁਣ ਮੈਂ ਲਾਅ ਐਂਡ ਆਰਡਰ ਦੇ ਬਾਰੇ ਕਹਿਣਾ ਚਾਹੁੰਦੀ ਹਾਂ। ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਾਕਿਸਤਾਨ ਦਾ ਟੈਰੋਰਿਸਟਸ ਨੂੰ ਟਰੇਨਿੰਗ ਦੇਣ ਵਿਚ ਹੱਥ ਹੈ। ਉਹ ਨਹੀਂ ਚਾਹੁੰਦਾ ਕਿ ਹਿੰਦੁਸਤਾਨ ਵਿਚ ਸਟੈਬਿਲਿਟੀ ਹੋਵੇ। ਲੇਕਿਨ ਸਾਨੂੰ ਕੁਝ ਕਰਨਾ ਚਾਹੀਦਾ ਹੈ। ਇਹ ਜਿਹੜੀ ਪੁਲਿਸ ਹੈ ਇਹ ਡੀਮਾਰਲੇਈਜ਼ ਹੋ ਚੁੱਕੀ ਹੈ। ਕੋਈ ਵਕਤ ਸੀ ਕਿ ਪੰਜਾਬ ਦੀ ਪੁਲਿਸ ਸਾਰੇ ਹਿੰਦੁਸਤਾਨ ਵਿਚ ਇਕ ਬੈਸਟ ਪੁਲਿਸ ਮੰਨੀ ਜਾਂਦੀ ਸੀ ਲੇਕਿਨ ਹੁਣ ਪੁਲਿਸ ਡਿਮਾਰੇਲਾਈਜ਼ ਹੋ ਚੁਕੀ ਹੈ। ਜਿਹੜਾ ਉਠਦਾ ਹੈ ਉਹ ਪੁਲਿਸ ਤੇ ਪੈ ਜਾਂਦਾ ਹੈ। ਪੁਲਿਸ ਹੀ ਸਭ ਤੋਂ ਪਹਿਲਾਂ ਖਤਰੇ ਵਿੱਚ ਪੈਂਦੀ ਹੈ। ਪੁਲਿਸ ਨੂੰ ਮਾਡਰੇਨਾਈਜ਼ ਕਰਨਾ ਚਾਹੀਦਾ ਹੈ। ਪੁਲਿਸ ਕੋਲ ਪੁਰਾਣੇ ਹਥਿਆਰ ਹਨ ਜਿਹੜੇ ਕਿ ਫਸਟ ਵਰਲਡ ਵਾਰ, ਸੈਕੰਡ ਵਰਲਡ ਵਾਰ ਦੇ ਹਨ। ਉਨ੍ਹਾਂ ਨੂੰ ਮਾਡਰਨ ਹਥਿਆਰ ਦਿਓ। ਅੱਜ ਹਾਲਾਤ ਬਦਲ ਗਏ ਹਨ ਅਤੇ ਨਵੇਂ ਹਾਲਾਤ ਦੇ ਮੁਤਾਬਿਕ ਹੀ ਚੱਲਣਾ ਪਵੇਗਾ। ਪਹਿਲੇ ਅਸੀਂ ਟੈਰੋਰਿਜ਼ਮ ਨਹੀਂ ਸੀ ਦੇਖੀ। ਟੈਰੋਰਿਜ਼ਮ ਨੂੰ ਕਿਸ ਤਰ੍ਹਾਂ ਕਾਬੂ ਕਰ ਸਕਦੇ ਹਾਂ, ਕਿਸ ਤਰ੍ਹਾਂ ਉਨ੍ਹਾਂ ਦਾ ਸਾਹਮਣਾ ਕਰਨਾ ਹੈ, ਇਸ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਪੁਲਿਸ ਨੂੰ ਇਸ ਕਿਸਮ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ। ਪੁਲਿਸ ਵਾਲਿਆਂ ਦੀਆਂ ਤਨਖਾਹਾਂ ਜ਼ਰੂਰ ਵਧਾਉਣੀਆਂ ਚਾਹੀ-ਦੀਆਂ ਹਨ। ਉਨ੍ਹਾਂ ਨੂੰ ਉਸ ਮੁਕਾਬਲੇ ਤੇ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ ਜਿੰਨੀਆਂ ਦੇਣੀਆਂ ਚਾਹੀਦੀਆਂ ਹਨ। This is very bad ਉਨ੍ਹਾਂ ਨੂੰ ਹਿੰਮਤ ਦੇਣੀ ਚਾਹੀਦੀ ਹੈ ਤਾਕਿ ਉਹ ਅੱਗੇ ਵਧ ਕੇ ਸਾਡੀ ਰਖਿਆ ਕਰ ਸਕਣ ਅਤੇ ਲੜ ਸਕਣ।

Original with;
Punjab Vidhan Sabha
Digitized by;
Panjab Digital Library

ਪ੍ਰੈਜ਼ੀਡੈਂਟ ਨੇ ਜਿਹੜਾ ਜੁਆਇੰਟ ਸੈਸ਼ਨ ਨੂੰ ਐਡਰੈਸ ਕੀਤਾ ਸੀ, ਉਹ ਮੈਂ ਕੋਟ ਕਰਨਾ ਚਾਹੁੰਦੀ ਹਾਂ। ਉਨ੍ਹਾਂ ਨੇ ਕਿਹਾ ਸੀ : "The democratic process triumphed over terrorism. The peaceful elections in Punjab testified to the desire of the overwhelming majority of the People for peace and normalcy in the State." He further said, "Their supreme task is to isolate those who are resorting to violence to disturb communal harmony and peace." ਗੱਲ ਇਹ ਹੈ ਕਿ ਪਿਛੇ ਜੋ ਵੀ ਹੁੰਦਾ ਰਿਹਾ ਹੈ, ਕਤਲ ਹੁੰਦੇ ਰਹੇ ਹਨ, ਬਹੁਤ ਬੁਰੀ ਤਰ੍ਹਾਂ ਹੁੰਦੇ ਰਹੇ ਹਨ। ਅਸੀਂ ਸਾਰੇ ਇਸ ਨਾਲ ਸਹਿਮਤ ਹਾਂ ਕਿ ਇਸ ਤਰ੍ਹਾਂ ਦੀ ਗਲ ਨਹੀਂ ਹੋਣੀ ਚਾਹੀਦੀ। ਅਸੀਂ ਸਾਰੇ ਇਸ ਗਲ ਨਾਲ ਸਹਿਮਤ ਨਹੀਂ ਕਿ ਹਿੰਦੂ ਸਿੱਖ ਦਾ ਕਮਿਊਨਲ ਝਗੜਾ ਹੋਵੇ। ਇਹ ਬਹੁਤ ਮਾੜੀ ਗਲ ਹੈ। ਐਨੇ ਸਾਲ ਹੋ ਗਏ ਹਨ ਇਸ ਚੀਜ਼ ਨੂੰ ਅਵਾਇਡ ਕਰਦੇ ਰਹੇ ਹਾਂ। ਬਟਾਲੇ ਵਿਚ ਮੁਜ਼ਾਹਰਾ ਹੋਇਆ। ਤੁਸੀਂ ਆਪਣਾ ਪੂਰਾ ਜ਼ੋਰ ਲਾਓ ਕਿ ਅੱਗੇ ਨੂੰ ਇਹ ਚੀਜ਼ ਨਾ ਹੋਵੇ। ਇਸ ਵੱਲ ਪੂਰੇ ਚੌਕਸ ਹੋਣ ਦੀ ਲੋੜ ਹੈ। It is written in the newspapers, "..who had indulged in indiscriminate firing during curfew hours in Batala. This is something most serious.." ਕਰਫਿਊ ਦੇ ਬਾਵਜੂਦ ਵੀ ਉਥੇ ਆਪਸ ਵਿੱਚ ਝਗੜਾ ਚਲਦਾ ਰਿਹਾ। Further it has been written, "Clashes between groups of the activists of the Punjab Shiv Sena and the All India Sikh Students Federation "

ਜਿਹੜੀ ਸ਼ਿਵ ਸੈਨਾ ਹੈ, ਇਸ ਬਾਰੇ ਮੈਂ ਤੁਹਾਡੇ ਕੋਲੋਂ ਜਾਣਨਾ ਚਾਹੁੰਦੀ ਹਾਂ ਕਿ ਇਹ ਜਿਹੜੀ ਸ਼ਿਵ ਸੈਨਾ ਹੈ ਇਸ ਦਾ ਸਬੰਧ ਆਲ ਇੰਡੀਆ ਸ਼ਿਵ ਸੈਨਾ ਨਾਲ ਹੈ ਜਾਂ ਇਹ ਸਿਰਫ ਪੰਜਾਬ ਵਿਚ ਹੀ ਹੈ। ਇਸ ਤਰ੍ਹਾਂ ਦੇ ਜਿਹੜੇ ਐਕਸਟਰੀਮਿਸਟਸ, ਟੈਰੋਰਿਸਟਸ ਹਨ ਉਨ੍ਹਾਂ ਨੂੰ ਤੁਹਾਨੂੰ ਦੇਖਣਾ ਪਵੇਗਾ। ਕਿ However we should nip the evil in the bud.

ਫਿਰ ਨਕੋਦਰ ਵਿਚ ਵਾਕਿਆ ਹੋਇਆ। ਇਥੇ ਕਿਹਾ ਗਿਆ ਕਿ ਉਥੇ 2 ਅਫਸਰ ਸਸਪੈਂਡ ਕਰ ਦਿਤੇ ਹਨ ਅਤੇ ਇਕ ਅਫਸਰ ਨੂੰ ਟਰਾਂਸਫਰ ਕਰ ਦਿੱਤਾ ਹੈ। ਲੇਕਿਨ ਮੇਰੇ ਨੋਟਿਸ ਵਿੱਚ ਆਇਆ ਔਰ ਮੇਰੇ ਹਰੀਜਨ ਮੈਂਬਰਜ਼ ਮੈਨੂੰ ਮਿਲੇ ਅਤੇ ਕਹਿੰਦੇ ਸਨ ਕਿ ਸਾਨੂੰ ਦੱਸਿਆ ਜਾਵੇ ਕਿ ਕੀ ਵਜਾਹ ਹੈ ਕਿ ਹਰੀਜਨ ਨੂੰ ਸਸਪੈਂਡ ਕਰ ਦਿੱਤਾ ਗਿਆ, ਹਰੀਜਨ ਅਫਸਰ ਨੂੰ ਸਸਪੈਂਡ ਕੀਤਾ ਗਿਆ ਇਸ ਦੀ ਕੀ ਵਜਾਹ ਹੈ। ਇਹ ਬੜੀ ਹੈਰਾਨੀ ਦੀ ਗਲ ਹੈ ਕਿ ਜਦੋਂ ਡਾਕੂਆਂ ਵਗੈਰਾ ਨੂੰ ਵੀ ਅਗਰ ਕੋਈ ਫਾਂਸੀ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਦੀ ਡੈਡ ਬਾਡੀ ਹੈਂਡ ਓਵਰ ਕੀਤੀ ਜਾਂਦੀ ਹੈ ਤਾਂ ਕੀ ਵਜ੍ਹਾ ਹੈ ਕਿ ਇਥੇ ਹੈਂਡ ਓਵਰ ਨਹੀਂ ਕੀਤੀ ਗਈ। ਪੁਲਿਸ ਨੇ ਹੈਂਡ ਓਵਰ ਕਿਉਂ ਨਹੀਂ ਕੀਤੀ। ਪੁਲਿਸ ਨੇ ਕਿਸ ਦੇ ਹੌਂਸਲੇ ਤੇ ਹੈਂਡ ਓਵਰ ਨਹੀਂ ਕੀਤੀਆਂ ਅਤੇ ਬਾਡੀਜ਼ ਔਰ ਲਾਸ਼ਾਂ ਨੂੰ ਜਲਾ ਦਿੱਤਾ। ਚੀਫ ਮਨਿਸਟਰ ਸਾਹਿਬ ਇਸ ਗਲ ਦੀ ਤਹਿ ਤਕ ਜਾਣ ਦੀ ਲੋੜ ਹੈ ਕਿ ਕਿਸ ਤਰ੍ਹਾਂ ਪੁਲਿਸ ਦੀ ਹਿੰਮਤ ਪਈ ਇਸ ਤਰ੍ਹਾਂ ਕਰਨ ਦੀ। ਇਹ ਵੀ ਦੇਖਣ ਦੀ ਲੋੜ ਹੈ ਕਿ ਕੀ ਵਜ੍ਹਾ ਹੈ ਕਿ ਉਨ੍ਹਾਂ ਨੂੰ ਸਸਪੈਂਡ ਕੀਤਾ ਹੈ ਔਰ ਦੂਸਰਿਆਂ ਨੂੰ ਕਿਉਂ ਟਰਾਂਸਫਰ ਕੀਤਾ ਗਿਆ ਹੈ। ਇਹ ਚੀਜ਼ ਤੁਸੀਂ ਦੇਖੋ ਕਿਉਂਕਿ ਤੁਸੀਂ ਇਸ ਵੇਲੇ ਹਾਕਮ ਹੋ।

ਚੇਅਰਮੈਨ ਸਾਹਿਬ, ਇਕ ਗਲ ਮੈਂ ਚੀਫ ਮਨਿਸਟਰ ਸਾਹਿਬ ਨੂੰ ਆਰਮਰੀ ਦੇ ਬਾਰੇ ਕਹਿਣਾ ਚਾਹੁੰਦੀ ਹਾਂ। ਗੌਰਮਿੰਟ ਆਰਮਰੀ ਲੁੱਟੀ ਗਈ ਤਰਨਤਾਰਨ ਦੇ ਵਿੱਚ। ਭਾਵੇਂ ਹੈ ਸੀ ਇਹ ਰੇਲਵੇ ਵਾਲਿਆਂ ਦੀ ਪਰ ਇਸ ਦਾ ਅਸਰ ਬੜਾ ਪੈਂਦਾ ਹੈ ਦੂਸਰੀਆਂ ਗੱਲਾਂ ਤੇ। 16 ਰਾਈਫਲਾਂ ਅਤੇ ਬਹੁਤ ਸਾਰੇ ਕਾਰਟੇਜਿਜ਼ ਉਹ ਲੈ ਗਏ, ਇਹ ਬੜੇ ਦੁੱਖ ਦੀ ਗਲ ਹੈ। ਮੇਰਾ ਖਿਆਲ ਹੈ ਕਿ ਪਹਿਲਾਂ ਇਕ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]
ਵਾਰੀ 1982 ਵਿੱਚ ਹੋਇਆ ਸੀ ਅਤੇ ਹੁਣ ਫਿਰ ਹੋਇਆ ਹੈ। (ਸਰਕਾਰੀ ਬੈਂਚਾਂ ਵਲੋਂ ਇਕ ਆਵਾਜ਼: ਪਹਿਲਾਂ ਵੀ ਕਈ ਵਾਰੀ ਹੋਇਆ ਹੈ, ਸ਼ਾਇਦ ਤੁਹਾਨੂੰ ਯਾਦ ਨਹੀਂ ਇਕ ਵਾਰੀ ਹੋਮ ਗਾਰਡ ਵਿਚੋਂ ਬਹੁਤ ਸਾਰਾ ਅਸਲਾ ਲੈ ਗਏ ਸੀ।)

ਮੈਂ ਰਿਕੁਐਸਟ ਕਰਦੀ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਜਿਸ ਵੇਲੇ ਆਪਣੀ ਸਪੀਚ ਪਾਰਲੀਮੈਂਟ ਵਿੱਚ ਦਿੰਦੇ ਹਨ ਤਾਂ ਉਨ੍ਹਾਂ ਦਾ ਸਪੀਚ ਦਾ ਕੋਈ ਮਤਲਬ ਹੁੰਦਾ ਹੈ ਅਤੇ ਉਸ ਦਾ ਸਾਰੇ ਹਿੰਦੁਸਤਾਨ ਵਿੱਚ ਅਸਰ ਪੈਂਦਾ ਹੈ। ਪ੍ਰਾਈਮ ਮਨਿਸਟਰ ਸਾਹਿਬ ਨੇ ਇਹ ਲਫਜ ਇਸਤੇਮਾਲ ਕੀਤੇ ਹਨ If the Akali Government does not tackle the problem of terrorism in Punjab, it would amount to leting the electorate down. ਇਸੇ ਤਰ੍ਹਾਂ ਤੁਸੀਂ ਵੀ ਕਿਹਾ ਕਿ ਇਹ ਹੋਣਾ ਚਾਹੀਦਾ ਹੈ। ਇਸ ਨੂੰ ਤ ਤੜੇ ਹੋ ਕੇ ਅਸੀਂ ਸਾਰੇ ਲਗੀਏ। ਮੇਰੇ ਦਿਮਾਗ ਵਿੱਚ ਇਹ ਗਲ ਆਉਂਦੀ ਹੈ ਕਿ ਕੁਝ ਲੋਕ ਐਸੇ ਸ਼ਰਾਰਤੀ ਹਨ ਜੋ ਹਿੰਦੂਆਂ ਨੂੰ ਮਾਰ ਕੇ ਗੱਲ ਨੂੰ ਕਮਿਊਨਲ ਬਣਾ ਕੇ ਕਮਿਊਨਲ ਸਵਾਲ ਪੈਦਾ ਕਰਨਾ ਚਾਹੁੰਦੇ ਹਨ ਅਤੇ ਕੁਝ ਲੋਕ ਐਸੇ ਹਨ ਜਿਹੜੇ ਨੌਜਵਾਨ ਸਿੱਖਾਂ ਨੂੰ ਮਾਰ ਕੇ ਜਾਂ ਹੋਰ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਕੇ ਦਹਿਸ਼ਤ ਫੈਲਾਉਣਾ ਚਾਹੁੰਦੇ ਹਨ। ਕਈ ਲੋਕ ਐਸੇ ਹਨ ਜਿਹੜੇ ਦਹਿਸ਼ਤ ਫੈਲਾਉਣਾ ਚਾਹੁੰਦੇ ਹਨ ਅਤੇ ਕਈ ਲੋਕ ਐਸੇ ਹਨ ਜਿਹੜੇ ਹਿੰਦੂ ਸਿੱਖਾਂ ਵਿਚ ਟਕਰਾਓ ਕਰਾਉਣਾ ਚਾਹੁੰਦੇ ਹਨ। ਸਾਡਾ ਫਰਜ਼ ਬਣਦਾ ਹੈ ਕਿ ਸੋਚ ਸਮਝ ਕੇ ਅਸੀਂ ਸਾਰੇ ਇਸ ਮਸਲੇ ਨੂੰ ਸੁਲਝਾਈਏ। ਸਾਡਾ ਮੈਂ ਇਸ ਕਰਕੇ ਕਹਿੰਦੀ ਹਾਂ ਕਿ ਅਸੀਂ ਇਕ ਇਕ ਲੱਖ ਦੇ ਨੁਮਾਇੰਦੇ ਬਣ ਕੇ ਇਥੇ ਆਏ ਹਾਂ ਅਤੇ ਤੁਸੀਂ ਵੀ ਇਕ ਇਕ ਲੱਖ ਦੇ ਨੁਮਾਇੰਦੇ ਬਣ ਕੇ ਇਥੇ ਆਏ ਹੋ। ਸਾਡਾ ਸਾਰਿਆਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਇਨ੍ਹਾਂ ਗੱਲਾਂ ਨੂੰ ਰੋਕੀਏ, ਇਨ੍ਹਾਂ ਗਲਾਂ ਤੋਂ ਸਟੇਟ ਨੂੰ ਬਚਾ ਕੇ ਸਟੇਟ ਨੂੰ ਅਗੇ ਲਿਜਾ ਸਕੀਏ। ਮੈਂ ਜ਼ਿਆਦਾ ਵਕਤ ਨਾ ਲੈਂਦੀ ਹੋਈ ਮੈਂ ਇਹ ਅਪੀਲ ਕਰਾਂਗੀ ਕਿ ਤੁਸੀਂ ਲਾਅ ਐਂਡ ਆਰਡਰ ਨੂੰ ਠੀਕ ਕਰੋ। ਜਿਨੀ ਮਰਜ਼ੀ ਤੁਸੀਂ ਡਿਵੈਲਪਮੈਂਟ ਕਰੀ ਜਾਓ ਜਦੋਂ ਤਕ ਲਾਅ ਐਂਡ ਆਰਡਰ ਠੀਕ ਨਹੀਂ ਹੋਵੇਗਾ, ਜਦੋਂ ਤਕ ਲੋਕਾਂ ਦੇ ਦਿਲਾਂ ਵਿੱਚ ਫੀਅਰ ਹੋਵੇਗਾ, ਇਨਸਿਕਿਓਰਿਟੀ ਹੋਵੇਗੀ ਉਤਨਾ ਚਿਰ ਇਹ ਗਲ ਠੀਕ ਨਹੀਂ ਹੋਵੇਗੀ। ਇਸ ਲਈ ਮੇਰੀ ਸਦਨ ਪਾਸ ਅਪੀਲ ਹੈ ਕਿ ਇਧਰ ਧਿਆਨ ਦਿੱਤਾ ਜਾਵੇ।

**ਸਰਦਾਰ ਕਰਨੈਲ ਸਿੰਘ ਡੋਡ**: ਅਕਾਰਡ ਬਾਰੇ ਵੀ ਕੁਝ ਕਹਿ ਦਿਓ।

**ਡਾਕਟਰ ਕੇਵਲ ਕ੍ਰਿਸ਼ਨ**: ਇਨ੍ਹਾਂ ਨੇ ਅਕਾਰਡ ਬਾਰੇ ਤਾਂ ਪਹਿਲਾਂ ਸ਼ੁਰੂ ਵਿੱਚ ਹੀ ਕਹਿ ਦਿੱਤਾ ਹੈ।

**ਸਰਦਾਰਨੀ ਗੁਰਬਰਿੰਦਰ ਕੌਰ ਬਰਾੜ**: ਸਭ ਤੋਂ ਪਹਿਲਾਂ ਹੀ ਮੈਂ ਆਪਣੀ ਸਪੀਚ ਹੀ ਅਕਾਰਡ ਨਾਲ ਸ਼ੁਰੂ ਕੀਤੀ ਸੀ। ਮੈਂ ਪਹਿਲਾਂ ਵੀ ਕਿਹਾ ਸੀ ਜਦੋਂ ਕਮਿਊਨਲ ਹਾਰਮਨੀ ਕਮੇਟੀ ਦੀ ਮੀਟਿੰਗ ਸੀ ਕਿ ਇਸ ਦੇ ਵਿਚ ਬਿਲਕੁਲ ਦੋ ਰਾਵਾਂ ਨਹੀਂ ਹਨ ਕਿ ਹਿੰਦੁਸਤਾਨ ਦੀ ਸਰਕਾਰ; ਪ੍ਰਾਈਮ ਮਨਿਸਟਰ ਸਾਹਿਬ ਬਿਲਕੁਲ ਸਿਨਸੀਅਰ ਹਨ ਕਿ ਇਸ ਅਕਾਰਡ ਨੂੰ ਲਾਗੂ ਕੀਤਾ ਜਾਵੇ। ਸਾਰੇ ਕਹਿੰਦੇ ਹਨ ਕਿ ਇਹ 26 ਜਨਵਰੀ ਨੂੰ ਕਿਉਂ ਨਹੀਂ ਲਾਗੂ ਕੀਤਾ ਗਿਆ। ਮਿਨਹਾਸ ਸਾਹਿਬ ਨੇ ਜਦੋਂ ਅਕਾਰਡ ਦੀ ਕਲਾਜ਼ ਪੜ੍ਹੀ ਸੀ ... (ਇਕ ਆਵਾਜ਼: ਤੁਸੀਂ ਆਪਣੀ ਰਾਇ ਦਿਓ) ਇਹ ਤਾਂ ਚੀਫ ਮਨਿਸਟਰ ਸਾਹਿਬ ਇਸ ਚੀਜ਼ ਨੂੰ ਜ਼ਿਆਦਾ ਸਪੱਸ਼ਟ ਕਰਕੇ ਸਦਨ ਦੇ ਸਾਹਮਣੇ ਰਖਣਗੇ ਕਿ ਕੀ ਵਜ੍ਹਾ ਹੈ ਇਹ ਕਿਉਂ ਲੇਟ ਹੋਇਆ ਹੈ ਲੇਕਿਨ ਮੈਂ ਤੁਹਾਨੂੰ ਯਕੀਨ ਦੁਆਉਣਾ ਚਾਹੁੰਦੀ ਹਾਂ ਕਿ

Original with;
Punjab Vidhan Sabha
Digitized by;
Panjab Digital Library

ਅਤਰਾਰਡ ਲਾਗੂ ਹੋਵੇਗਾ ਔਰ ਪ੍ਰਾਈਮ ਮਨਿਸਟਰ ਸਹਿਬ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨਗੇ। (ਕਾਂਗਰਸੀ ਬੈਂਚਾਂ ਵਲੋਂ ਥੰਪਿੰਗ)

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ, ਕੇਂਦਰੀ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਨੇ ਜਿਹੜਾ ਕੱਲ ਇਸ ਪਵਿੱਤਰ ਸਦਨ ਵਿੱਚ ਐਡਰੈਸ ਪੇਸ਼ ਕੀਤਾ ਉਸ ਤੇ ਆਪ ਦੇ ਬਰੂ ਮਾਨਯੋਗ ਮੈਂਬਰਾਂ ਦੇ ਸਾਹਮਣੇ ਆਪਣੇ ਵਿਚਾਰ ਸਾਂਝੇ ਕਰਨ ਵਾਸਤੇ ਜਿਹੜਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਉਸ ਦੇ ਲਈ ਮੈਂ ਤੁਹਾਡਾ ਧੰਨਵਾਦੀ ਹਾਂ। ਚੇਅਰਮੈਨ ਸਾਹਿਬ, ਕੱਲ ਜਿਸ ਵੇਲੇ ਗਵਰਨਰ ਸਾਹਿਬ ਇਥੇ ਤਸ਼ਰੀਫ ਲਿਆਏ ਅਤੇ ਉਹ ਜਦੋਂ ਕੁਰਸੀ ਤੇ ਬੈਠੇ ਤਾਂ ਉਨ੍ਹਾਂ ਦੇ ਹੱਥ ਵਿੱਚ ਭਾਸ਼ਣ ਦਾ ਪਲੰਦਾ ਸੀ ਜਿਹੜਾ ਉਨ੍ਹਾਂ ਨੇ ਪੜ੍ਹਿਆ ਤੇ ਪੜ੍ਹਨ ਤੋਂ ਪਹਿਲਾਂ ਉਹ ਹਿਚਕਿਚਾ ਰਹੇ ਸਨ ਅਤੇ ਉਨ੍ਹਾਂ ਦੇ ਮਨ ਤੇ ਬੋਝ ਸੀ ਕਿ ਮੇਰੇ ਥਰੂ ਕਿਸ ਤਰ੍ਹਾਂ ਦੀ ਗਲ ਕੁਹਾਈ ਜਾ ਰਹੀ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਇਹ ਇਸ ਕਰਕੇ ਗਲ ਕਹੀ ਹੈ ਕਿ ਪੰਜਾਬ ਦੇ ਵਿੱਚ ਜਿਹੜਾ ਜ਼ਹਿਰ ਘੋਲਿਆ ਗਿਆ ਉਸ ਦਾ ਅਸਰ ਗਵਰਨਰ ਸਾਹਿਬ ਦੇ ਉਪਰ ਵੀ ਪਿਆ। ਉਨ੍ਹਾਂ ਦੇ ਦਾਮਾਦ ਸ੍ਰੀ ਲਲਿਤ ਮਾਕਨ ਅਤੇ ਉਨ੍ਹਾਂ ਦੀ ਲੜਕੀ ਸ੍ਰੀਮਤੀ ਗੀਤਾਂਜਲੀ ਮਾਕਨ ਦਿੱਲੀ ਵਿੱਚ ਅਤਿਵਾਦੀਆਂ ਦੇ ਹੱਥੋਂ ਸ਼ਹੀਦ ਹੋਏ ਔਰ ਉਹ ਅਤਿਵਾਦ ਜੋ ਪੰਜਾਬ ਦੀ ਧਰਤੀ ਤੇ ਪੈਦਾ ਹੋਇਆ ਸੀ ਉਥੇ ਉਸ ਦਾ ਅਸਰ ਹੋਇਆ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਇਕ ਆਨਰੇਬਲ ਮੈਂਬਰ ਨੇ ਬੋਲਦਿਆਂ ਹੋਇਆਂ ਇਹ ਕਿਹਾ ਹੈ ਕਿ ਮਾਰਨ ਵਾਲੇ ਪੰਜਾਬ ਵਿੱਚੋਂ ਗਏ। ਜਿਹੜੀ ਗਲ ਅਜੇ ਤਕ ਸਾਬਤ ਨਹੀਂ ਹੋ ਸਕੀ ਉਸ ਦੇ ਬਾਰੇ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। ਜਾਂ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਭੇਜਿਆ ਹੋਵੇਗਾ ਜਾਂ ਇਹ ਦਸਣ ਕਿ ਕਿਸ ਨੇ ਭੇਜੇ।

**ਪ੍ਰੋਫੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ,ਮੈਂ ਇਹ ਗਲ ਕਹੀ ਹੈ ਕਿ ਫਿਰਕਾਪ੍ਰਸਤੀ ਦਾ ਜ਼ਹਿਰ ਜਿਹੜਾ ਕੁਝ ਚਿਰ ਪਹਿਲਾਂ ਘੋਲਿਆ ਗਿਆ ਸੀ ਉਸ ਦਾ ਅਸਰ ਬਾਕੀ ਸੂਬਿਆਂ ਵਿੱਚ ਵੀ ਹੋਇਆ ਹੈ ਔਰ ਇਹ ਸਿਰਫ ਰਾਜਨੀਤਕ ਮੰਤਵ ਵਾਸਤੇ ਇਹ ਕੰਮ ਕੀਤਾ ਗਿਆ ਹੈ।

**ਸ੍ਰੀ ਨੁਸਰਤਅਲੀ ਖਾਨ** : ਚੇਅਰਮੈਨ ਸਾਹਿਬ, ਇਹ ਜਿਹੜੀ ਫਿਰਕਾਪ੍ਰਸਤੀ ਦੀ ਗਲ ਕਰਦੇ ਹਨ ....

ਇਹ ਅੱਗ ਪੰਜਾਬ ਦੇ ਅੰਦਰ ਕਿਸੇ ਨੇ ਲਾਈ ਹੈ?

**ਸਰਦਾਰ ਕਰਨੈਲ ਸਿੰਘ ਡੋਡ** : ਚੇਅਰਮੈਨ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਤੇ ਇਹ ਅਰਜ਼ ਕਰਨੀ ਹੈ ਕਿ ਪ੍ਰੋਫੈਸਰ ਸਾਹਿਬ ਬੜੇ ਪ੍ਰੋਵੋਕੇਟਿਵ ਬਿਆਨ ਦੇ ਰਹੇ ਹਨ। ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਕ ਟਰੈਂਡ ਸੈਟ ਕੀਤਾ ਹੈ। ਮੈਂ ਉਨ੍ਹਾਂ ਦੇ ਸੈਂਟੀਮੈਂਟਸ ਦੀ ਕਦਰ ਕਰਦਾ ਹਾਂ। ਜਿਸ ਤਰ੍ਹਾਂ ਉਨ੍ਹਾਂ ਨੇ ਆਪਣਾ ਕੇਸ ਪਰੇਜ਼ੈਂਟ ਕੀਤਾ ਹੈ, ਮੈਂ ਤੁਹਾਡੀ ਮਾਰਫ਼ਤ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੇ ਆਪਣੇ ਮੈਂਬਰਾਂ ਨੂੰ ਡਿਸਿਪਲਨ ਸਿਖਾਉਣ ਤਾਕਿ ਉਹ ਅਗੇ ਨੂੰ ਪ੍ਰੋਵੋਕੇਟਿਵ ਭਾਸ਼ਣ ਨਾ ਕਰਨ।

**ਪ੍ਰੋਫੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ ਡੋਡ ਸਾਹਿਬ ਨੇ ਡਿਸਿਪਲਨ ਦੀ ਗਲ ਕਹੀ ਹੈ ਤੁਸੀਂ ਜਾਣਦੇ ਹੋ ਕਿ ਅਕਾਲੀ ਦਲ ਵਿਚ ਕਿੰਨਾ ਡਿਸਿਪਲਨ ਰਿਹਾ ਹੈ ਅਤੇ ਸਾਡੇ ਵਿਚ ਕਿੰਨਾ ਹੈ। ਮੈਂ ਇਹ ਗਲ ਕਹਿ ਰਿਹਾ ਸੀ ਕਿ ਪੰਜਾਬ ਵਿਚ ਇਹ ਗਲ ਹੋਈ ਜਿਸ ਦਾ ਰਿਜ਼ਲਟ ਇਹ ਨਿਕਲਿਆ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਕਿ ਦੂਸਰੇ ਪ੍ਰਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਤੇ ਇਸ ਦਾ ਅਸਰ ਪਿਆ । ਜੇ ਸਚਾਈ ਕਹਿਣ ਤੇ ਪੁਆਇੰਟ ਆਫ਼ ਆਰਡਰ ਤੇ ਉਠ ਕੇ ਡਿਸਟਰਬ ਕਰਨਾ ਹੈ ਤਾਂ ਇਥੇ ਕੋਈ ਆਦਮੀ ਸਚਾਈ ਪੇਸ਼ ਨਹੀਂ ਕਰ ਸਕੇਗਾ । ਪੰਜਾਬ ਦੇ ਵਿੱਚ ਇਤਨੇ ਕਤਲ ਹੋਏ ਜਿਨ੍ਹਾਂ ਦੀ ਸੰਖਿਆ ਇਨ੍ਹਾਂ ਪੰਜ ਜਾਂ ਸਾਢੇ ਪੰਜ ਮਹੀਨਿਆਂ ਵਿੱਚ 293 ਦੇ ਕਰੀਬ ਪਹੁੰਚ ਗਈ। ਇਤਨਾ ਕਤਲੇ ਆਮ 1947 ਤੋਂ ਬਾਅਦ ਅੱਜ ਤਕ ਨਹੀਂ ਸੀ ਹੋਇਆ ।

**ਅਵਾਜ਼ਾ** : ਦਿੱਲੀ ਵਿਚ ਕੀ ਹੋਇਆ ;

**ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ** : ਚੇਅਰਮੈਨ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਦੇ ਰਾਹੀਂ ਬੇਨਤੀ ਕਰਦਾ ਹਾਂ ਕਿ ਪ੍ਰੋਫੈਸਰ ਸਾਹਿਬ ਕਹੀ ਜਾਂਦੇ ਹਨ ਕਿ ਪੰਜਾਂ ਮਹੀਨਿਆਂ ਵਿਚ 293 ਕਤਲ ਹੋ ਚੁਕੇ ਹਨ ਇਹ ਬਿਲਕੁਲ ਗਲਤ ਹੈ। ਪਾਰਲੀਆਮੈਂਟ ਵਿਚ ਸ੍ਰੀ ਐਸ.ਬੀ. ਚੋਹਾਨ ਗ੍ਰਹਿ ਮੰਤਰੀ ਨੇ 25 ਫਰਵਰੀ ਨੂੰ ਸ੍ਰੀ ਲਖਸ਼ਮਣ ਅਤੇ ਸ੍ਰੀ ਰਾਵਤ ਦੇ ਸੁਆਲ ਵਿਚ ਰਿਟਨ ਜਵਾਬ ਦਿਤਾ ਹੈ ਕਿ 50 ਕਤਲ ਹੋਏ ਹਨ। ਦੇਸ਼ ਦੇ ਹੋਮ ਮਨਿਸਟਰ ਦੀ ਫ਼ਿਗਰ 50 ਹੈ ਅਤੇ ਇਹ 293 ਦਸਦੇ ਹਨ ਇਹ ਬਿਲਕੁਲ ਗਲਤ ਹੈ ।

**ਪ੍ਰੋਫੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ, ਜਦੋਂ ਇਹ ਬੋਲ ਰਹੇ ਸਨ ਅਸੀਂ ਕੋਈ ਡਿਸਟਰਬ ਨਹੀਂ ਸੀ ਕੀਤਾ । ਕਿਉਂਕਿ ਹੋਮ ਮਨਿਸਟਰ ਨੂੰ ਜਿਹੜੀ ਲਿਸਟ ਸੀ ਉਹ ਪੰਜਾਬ ਸਰਕਾਰ ਨੇ ਭੇਜੀ ਹੈ। ਅਗਰ ਇਹ ਮਰਨ ਵਾਲਿਆਂ ਦੀ ਸੰਖਿਆ ਘੱਟ ਦੇਣਗੇ ਤਾਂ ਉਹ ਉਥੇ ਉਹੀ ਬੋਲਣਗੇ। ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਦੀ ਇੰਨਕੁਆਇਰੀ ਕਰਵਾ ਲਵੋ ।

ਚੇਅਰਮੈਨ ਸਾਹਿਬ ਜਿਹੜੇ ਲੋਕ ਜਿਨ੍ਹਾਂ ਦਾ ਕਿਸੇ ਮਜ਼ਹਬ ਦੇ ਨਾਲ ਕੋਈ ਸਬੰਧ ਹੋਵੇ, ਕੋਈ ਹਿੰਦੂ ਹੈ ਜਾਂ ਸਿੱਖ ਹੈ, ਸੁਆਲ ਇਹ ਨਹੀਂ। ਮੇਰੇ ਮਾਨਯੋਗ ਮੈਂਬਰ ਸਾਹਿਬ ਹਿਸਟਰੀ ਦੇ ਮਾਹਰ ਹਨ ਉਹ ਜਾਣਦੇ ਹਨ ਕਿ ਹਿੰਦੂ ਕੋਈ ਮਜ਼ਹਬ ਨਹੀਂ । ਸਿੰਧ ਤੋਂ ਏ ਉਧਰ ਰਹਿਣ ਵਾਲੇ ਹਿੰਦੂ ਕਹੇ ਜਾਂਦੇ ਸਨ । ਕਿਉਂਕਿ ਉਧਰ ਦੇ ਰਹਿਣ ਵਾਲੇ 'ਸ' ਨੂੰ 'ਹ' ਬੋਲਦੇ ਹਨ ਇਸ ਲਈ ਹਿੰਦੂ ਕਹਿੰਦੇ ਹਨ ।

**ਸ੍ਰੀ ਨੁਸਰਤ ਅਲੀ ਖਾਨ** : ਚੇਅਰਮੈਨ ਸਾਹਿਬ ਇਹ ਦਸ ਦੇਣ ਕਿ ਹਿੰਦੂ ਦਾ ਮਤਲਬ ਕੀ ਹੈ

ਆਵਾਜ਼ਾਂ : [** **]

**ਪ੍ਰੋਫੈਸਰ ਦਰਬਾਰੀ ਲਾਲ** : ਤੁਸੀਂ ਸਾਡੇ ਨਾਲ ਹੋ ।[ *** ***] ਚੇਅਰਮੈਨ ਸਾਹਿਬ ਕਲ ਦਾ ਜਿਹੜਾ ਐਡਰੈਸ ਹੈ ਉਸ ਬਾਰੇ ਅਗਰ ਇਹ ਕਿਹਾ ਜਾਏ ਕਿ ਅਕਾਲੀ ਮੋਰਚੇ ਵਿਚ ਹਿੱਸਾ ਲੈਣ ਵਾਲੇ ਲੋਕਾਂ ਨੂੰ ਆਰਥਿਕ ਸਹਾਇਤਾ ਤੋਂ ਛੁੱਟ ਹੋਰ ਕੁਝ ਨਹੀਂ ਤਾਂ ਇਹ ਕੋਈ ਐਗਜ਼ੇਜੋਰੇਸ਼ਨ ਨਹੀਂ ਹੋਵੇਗੀ । ਇਸ ਐਡਰੈਸ ਦੇ ਸਭ ਤੋਂ ਪਹਿਲਾਂ ਗਵਰਨਰ ਸਾਹਿਬ ਨੇ ਇਹੀ ਗਲ ਕਹੀ ਹੈ । ਚੇਅਰਮੈਨ ਸਾਹਿਬ, ਹਿੰਦੁਸਤਾਨ ਬਹੁ-ਭਾਸ਼ੀ, ਬਹੁ-ਸੰਪਰਦਾਈ ਦੇਸ਼ ਹੈ । ਇਸ ਤਰ੍ਹਾਂ ਪੰਜਾਬ ਵਿਚ ਕਈ ਤਰ੍ਹਾਂ ਦੇ ਲੋਕ ਰਹਿੰਦੇ ਹਨ । ਇੰਨ੍ਹਾਂ ਦੀ ਮੁੱਖ ਭਾਸ਼ਾ ਪੰਜਾਬੀ ਹੈ ਅਤੇ ਬਾਕੀ ਛੋਟੀ ਭਾਸ਼ਾਵਾਂ ਨਾਲ ਰਹੀਆਂ। ਇਸ ਦੇ ਬਾਰੇ ਵਿੱਚ ਅਗਰ ਪਿੱਛੇ ਧਿਆਨ ਮਾਰੀਏ ਤਾਂ ਗੁਰੂ ਨਾਨਕ ਦੇਵ ਜੀ, ਜੋ ਦੁਨੀਆ ਵਿਚ ਅੰਧਕਾਰ ਦੇ ਸਮੇਂ ਪੈਦਾ ਹੋਏ, ਨੇ ਦੁਨੀਆ ਨੂੰ ਸੰਦੇਸ਼ ਦਿਤਾ 'ਨਾ ਕੋ ਹਿੰਦੂ,

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਨਾ ਕੋ ਮੁਸਲਮਾਨ'। ਇਸ ਦਾ ਮਤਲਬ ਇਹ ਸੀ ਕਿ ਉਨ੍ਹਾਂ ਨੂੰ ਗਿਆਨ ਹੋ ਗਿਆ ਸੀ। ਉਨ੍ਹਾਂ ਨੇ ਲੋਕਾਂ ਵਿਚ ਪ੍ਰਚਾਰ ਕੀਤਾ ਔਰ ਉਨ੍ਹਾਂ ਦਾ ਕਿਸੇ ਵੀ ਮਜ਼੍ਹਬ ਨਾਲ ਕੋਈ ਸਬੰਧ ਨਹੀਂ ਸੀ। ਉਨ੍ਹਾਂ ਨੇ ਦੁਨੀਆਂ ਵਿਚ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹ ਸਿਰਫ਼ ਇਥੇ ਹੀ ਨਹੀਂ ਦੁਨੀਆਂ ਦੇ ਹਰ ਖੇਤਰ ਵਿਚ ਗਏ। ਇਹ ਲੋਕ ਜਿਹੜੇ ਉਨ੍ਹਾਂ ਦੇ ਪੈਰੋਕਾਰ ਬਣੇ ਹਨ, ਇਹ ਸਮਝਦੇ ਹਨ ਇਹ ਸਮਾਜਵਾਦ ਨੂੰ ਛੱਡ ਕੇ ਫਿਰਕਾਪ੍ਰਸਤੀ ਅਤੇ ਨਫ਼ਰਤ ਦੀ ਦਲਦਲ ਵਿਚ ਫਸੇ ਹੋਏ ਹਨ। ਇਹ ਨਫ਼ਰਤ ਕੋਈ ਵੀ ਟੌਲਰੇਟ ਨਹੀਂ ਕਰੇਗਾ ਔਰ ਨਾ ਹੀ ਇਸ ਦੇ ਨਾਲ ਸਮਾਜ ਚਲ ਸਕਦਾ ਹੈ। ਪਿਛਲੇ ਦਿਨਾਂ ਵਿਚ ਪਾਕਿਸਤਾਨ ਵਿੱਚ ਨਵਾਏ ਨੂਏ-ਵਕਤ ਅਖ਼ਬਾਰ ਵਿਚ ਇਹ ਲਿਖਿਆ ਗਿਆ ਕਿ ਗੁਰੂ ਨਾਨਕ ਅਖੀਰਲੀ ਉਮਰ ਵਿਚ ਮੁਸਲਮਾਨ ਬਣ ਗਏ ਸਨ। ਦੋ ਵਾਰੀ ਹੱਜ ਕੀਤਾ। ਮੈਂ ਦੱਸਦਾ ਹਾਂ ਕਿ ਉਸ ਦੇ ਬਾਰੇ ਨਾ ਕਿਸੇ ਸ਼੍ਰੋਮਣੀ ਅਕਾਲੀ ਦੇ ਮੈਂਬਰ ਨੇ ਔਰ ਨਾ ਹੀ ਕਿਸੇ ਜੱਥੇਦਾਰ ਨੇ ਕੁਝ ਲਿਖਿਆ ਹੋਣਾ ਹੈ। ਮੈਂ ਇਕ ਲੇਖ ਉਸ ਸਬੰਧ ਵਿਚ ਲਿਖ ਕੇ ਭੇਜਿਆ ਹੈ ਕਿ ਗੁਰੂ ਨਾਨਕ ਨੇ ਕਿਸੇ ਮਜ਼੍ਹਬ ਨੂੰ ਸਵੀਕਾਰ ਨਹੀਂ ਸੀ ਕੀਤਾ।

**ਸ੍ਰੀ ਨੁਸਰਤ ਅਲੀ ਖਾਨ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਨੂੰਹੇ ਵਕਤ ਨੇ ਗੁਰੂ ਨਾਨਕ ਦੇਵ ਜੀ ਨੂੰ ਮੁਸਲਮਾਨ ਲਿਖਿਆ ਹੈ ਤਾਂ ਇਹ ਇਤਰਾਜ਼ ਕਰ ਰਹੇ ਹਨ। ਇਹ ਕੀ ਸਮਝਦੇ ਹਨ ਕਿ ਮੁਸਲਮਾਨ ਕਾਬਲੇ ਨਫ਼ਰਤ ਹਨ। ਇਹ ਠੀਕ ਨਹੀਂ ਹੈ। ਇਹ ਲਫ਼ਜ਼ ਕਾਬਲੇ ਮੁਜ਼ੱਮਤ ਹਨ ਔਰ ਇਹ ਲਫ਼ਜ਼ ਵਾਪਸ ਲੈਣੇ ਚਾਹੀਦੇ ਹਨ।

**ਪ੍ਰੋਫ਼ੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ, ਮੈਂ ਕਿਸੇ ਮੈਂਬਰ ਸਾਹਿਬ ਦੇ ਬਾਰੇ ਵਿਚ ਜਾਂ ਕਿਸੇ ਮਜ਼੍ਹਬ ਦੇ ਬਾਰੇ ਕੋਈ ਗੱਲ ਨਹੀਂ ਕਹੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਮਜ਼੍ਹਬ ਦੀ ਕੋਈ ਸਥਾਪਨਾ ਨਹੀਂ ਸੀ ਕੀਤੀ। ਉਹ ਸਾਰੀ ਦੁਨੀਆਂ ਨੂੰ ਬਰਾਬਰੀ ਦਾ ਪਰਚਾਰ ਦਿੰਦੇ ਰਹੇ। ਇਸ ਦੇ ਬਾਅਦ ਗੁਰੂ ਗੋਬਿੰਦ ਸਿੰਘ ਆਏ, ਉਨ੍ਹਾਂ ਨੇ ਖਾਲਸਾ ਪੰਥ ਚਲਾਇਆ ਤਾਕਿ ਹਿੰਦੁਸਤਾਨ ਵਿੱਚ ਕਲਾਸਲੈਸ ਸੁਸਾਇਟੀ ਬਣਾਈ ਜਾਏ ਕੋਈ ਜ਼ਾਤ ਪਾਤ ਨਹੀਂ ਰਹਿਣੀ ਚਾਹੀਦੀ। ਉਸ ਵੇਲੇ ਸਮਾਜ ਦੇ ਅੰਦਰ ਕਈ ਤਰ੍ਹਾਂ ਦੀਆਂ ਤਰੁਟੀਆਂ ਆ ਗਈਆਂ ਸਨ। ਜੋ ਕੁਝ ਭਾਗਵਤ ਗੀਤਾ ਦਾ ਗਿਆਨ ਹੈ, ਉਸ ਨੂੰ ਪਰੈਕਟੀਕਲ ਰੂਪ ਦਿਤਾ ਅਤੇ ਜ਼ੁਲਮ ਦੇ ਖ਼ਿਲਾਫ਼ ਲੜਾਈ ਲੜੀ ਫਿਰ ਬੰਦਾ ਬਹਾਦਰ ਆਏ, ਉਨ੍ਹਾਂ ਨੇ ਜ਼ੁਲਮਾਂ ਦੇ ਖਿਲਾਫ਼ ਲੜਾਈ ਲੜੀ।

ਦੇਗੋ ਤੇਗੋ ਫਤਹੇ ਔਹ ਨੁਸਰਤ ਬੇਦਰੰਗ,
ਯਾਫਤ ਅੱਜ ਗੁਰੂ ਨਾਨਕ ਗੋਬਿੰਦ ਸਿੰਘ।

ਉਨ੍ਹਾਂ ਨੇ ਤੇਗ ਦੇਗ ਦੀ ਫ਼ਤਿਹ ਹਾਸਲ ਹੋਈ। ਇਹ ਜਿਹੜੀ ਤੁਹਾਨੂੰ ਤੇਗ ਦੇਗ ਦੀ ਫਤਿਹ ਹਾਸਲ ਹੋਈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰਬਾਨੀ ਨਾਲ ਹੋਈ ਹੈ। ਪਰ ਤੁਸੀਂ ਦੂਸਰੇ ਪਾਸੇ ਤੁਰ ਪਏ। ਇਹ ਜ਼ੁਲਮ ਕਰਨ ਵਾਲਿਆਂ ਨੂੰ ਕਿਤੇ ਸਰੋਪੇ ਦੇਣ ਲਗ ਪਏ, ਕਿਤੇ ਪੈਸੇ ਦੇ ਵੀ ਲਗ ਪਏ, ਜੇ ਕਿਤੇ ਕਤਲ ਹੋਵੇ ਤਾਂ ਕਾਤਲ ਦੇ ਪ੍ਰਿਵਾਰ ਨਾਲ ਪ੍ਰੇਮ ਕਰਨ ਲਗ ਪਏ। ਇਹ ਕਤਲ ਕਰਨ ਵਾਲਿਆਂ ਨੂੰ ਕੰਡੈਮ ਕਰਨ ਲਈ ਤਿਆਰ ਨਹੀਂ, ਇਸ ਤੋਂ ਵੱਡੀ ਗੱਲ ਹੋਰ ਇਨ੍ਹਾਂ ਬਾਰੇ ਕੀ ਕਹੀ ਜਾ ਸਕਦੀ ਹੈ। ਇਸ ਦੇ ਨਾਲ ਅਗਰ ਕੋਈ ਮੈਂਬਰ ਇਹ ਕਹਿੰਦਾ ਹੈ ਕਿ ਕਿਸੇ ਬੰਦੇ ਦਾ ਕਤਲ ਹੋਇਆ ਹੈ, ਹਿੰਦੂ, ਸਿੱਖ ਜਾਂ ਮੁਸਲਮਾਨ ਦਾ ਹੋਇਆ, ਪਰ ਉਹ ਪੁਤਰ ਹੈ, ਚਾਹੇ ਉਹ ਹਿੰਦੂ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਦਾ ਹੈ ਚਾਹੇ ਉਹ ਸਿੱਖ ਦਾ ਪੁਤਰ ਹੈ ਔਰ ਚਾਹੇ ਉਹ ਮੁਸਲਮਾਨ ਦਾ ਪੁਤਰ ਹੈ ਔਰ ਅਗਰ ਕੋਈ ਦੂਸਰੇ ਫਿਰਕੇ ਦਾ ਕਤਲ ਸਮਝ ਕੇ ਖੁਸ਼ ਹੋਇਆ ਹੈ, ਉਸ ਨੂੰ ਮੈਂ ਇਹ ਕਹਿੰਦਾ ਹਾਂ ਕਿ ਉਹ ਇਕ ਸੱਪ ਨੂੰ ਪਾਲੇਗਾ ਜਿਹੜਾ ਇਕ ਨਾ ਇਕ ਦਿਨ ਉਸ ਸੱਪ ਦੇ ਕੱਟਣ ਨਾਲ ਆਪ ਵੀ ਮਰ ਜਾਵੇਗਾ (ਥੰਪਿੰਗ) ਅਸੀਂ ਇਸ ਚੀਜ਼ ਨੂੰ ਕੰਡੈਮ ਕਰਦੇ ਹਾਂ।

**ਸਰਦਾਰ ਸੁਰਿੰਦਰ ਸਿੰਘ ਧੂਰੀ** : ਆਨ ਏ ਪੁਆਇੰਟ ਆਫ਼ ਆਰਡਰ ਸਰ। ਚੇਅਰਮੈਨ ਸਾਹਿਬ, ਜਿਹੜੇ ਕਤਲ, ਦਿੱਲੀ, ਬੁਕਾਰੋ ਅਤੇ ਕਾਨਪੁਰ ਵਿਚ ਹੋਏ ਹਨ, ਉਨ੍ਹਾਂ ਦਾ ਕੀ ਕੀਤਾ ਹੈ? ਉਹ ਅੱਜ ਵਜ਼ੀਰ ਬਣੀ ਬੈਠੇ ਹਨ ।

**ਪ੍ਰੋਫੈਸਰ ਦਰਬਾਰੀ ਲਾਲ** : ਜਿਨ੍ਹਾਂ ਦਾ ਕੋਈ ਆਦਮੀ ਮਰਿਆ ਅਸੀਂ ਖੁਲ੍ਹ ਕੇ ਕੰਡੈਮ ਕੀਤਾ। ਉਨ੍ਹਾਂ ਬੰਦਿਆਂ ਨੂੰ ਫੜਿਆ ਗਿਆ ਔਰ ਉਨ੍ਹਾਂ ਤੇ ਕੇਸ ਚਲਾਏ ਗਏ। ਸਾਨੂੰ ਪ੍ਰਾਈਮ ਮਨਿਸਟਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਜਿਸ ਵੇਲੇ ਉਨ੍ਹਾਂ ਨੂੰ ਪਤਾ ਲਗਿਆ ਕਿ ਫ਼ਿਰਕਾਪ੍ਰਸਤੀ ਦਾ ਦੌਰ ਚਲ ਰਿਹਾ ਹੈ ਤਾਂ ਉਨ੍ਹਾਂ ਨੇ ਇਮੀਜੇਟਲੀ ਉਥੇ ਮਿਲਟਰੀ ਭੇਜ ਕੇ ਸ਼ਾਂਤੀ ਕਰਵਾਈ ਔਰ ਮੈਂ ਇਹ ਕਹਾਂਗਾ ਕਿ ਅਸੀਂ ਜਿਸ ਵੇਲੇ ਕਤਲ ਦੀ ਗੱਲ ਕਰਦੇ ਹਾਂ ਤਾਂ ਇਹ ਮਾਨਯੋਗ ਮੈਂਬਰਜ਼ ਗੁਸੇ ਹੋ ਜਾਂਦੇ ਹਨ । ਇਹ ਤਾਂ ਉਹ ਗਲ ਹੈ :—

'ਹਮ ਆਹ ਭੀ ਭਰਤੇ ਹੈਂ ਤੋਂ ਹੋ ਜਾਤੇ ਹੈਂ ਬਦਨਾਮ,
ਵੋਂ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤੀ ।'

ਇਹ ਅਜੀਬ ਮਸਲਾ ਹੈ। ਇਕ ਪਾਸੇ ਕੋਈ ਮਰ ਰਿਹਾ ਹੈ, ਚਾਹੇ ਉਹ ਹਿੰਦੂ ਹੈ ਜਾਂ ਸਿੱਖ, ਪਰ ਉਹ ਕਿਸੇ ਦਾ ਪੁੱਤਰ ਮਰ ਗਿਆ ਹੈ, ਉਹ ਨੁਕਸਾਨ ਕੋਈ ਵੀ ਪੂਰਾ ਨਹੀਂ ਕਰ ਸਕਦਾ । ਮਹਾਰਾਜਾ ਰਣਜੀਤ ਸਿੰਘ ਨੇ ਲੋਕਾਂ ਦੇ ਦਿਲ ਜਿੱਤ ਲਏ, ਔਰ ਕਿਸੇ ਨਾਲ ਬੇਇਨਸਾਫੀ ਨਾ ਹੋਣ ਦਿੱਤੀ। ਪਰ ਤੁਸੀਂ ਲਾਅ ਐਂਡ ਆਰਡਰ ਮੇਨਟੇਨ ਨਾ ਕਰ ਸਕੇ । ਮਹਾਰਾਜਾ ਰਣਜੀਤ ਸਿੰਘ ਦੀ ਇਕ ਗੱਲ ਮੈਂ ਕੋਟ ਕਰਾਂਗਾ ਕਿ....

He was a gem among the kings, who always appointed men on merits and was never swayed by the religious sentiments.

ਉਹ ਸਰਦਾਰ ਕਦੇ ਧਾਰਮਿਕ ਭਾਵ ਤੋਂ ਦੂਰ ਨਹੀਂ ਸੀ ਹਟਿਆਂ । ਉਸ ਨੇ ਕਦੇ ਭੇਦਭਾਵ ਨਹੀਂ ਸੀ ਰਖਿਆ । ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਤਿੰਨੇ ਵਜ਼ੀਰ ਦੀਵਾਨ ਮੋਰਕਮ ਚੰਦ ਆਦਿ ਜਿਹੜੇ ਸਨ, ਉਨ੍ਹਾਂ ਨੇ ਕਦੇ ਇਹ ਗਲ ਨਹੀਂ ਸੀ ਸੋਚੀ ਕਿ ਆਪਣੇ ਧਰਮ ਨੂੰ ਅੱਗੇ ਕਿਵੇਂ ਲੈ ਜਾਣਾ ਹੈ ਅਤੇ ਬਾਕੀਆਂ ਨੂੰ ਪਛਾੜਨਾ ਕਿਸ ਤਰ੍ਹਾਂ ਹੈ? ਇਹ ਠੀਕ ਹੈ ਕਿ ਤੁਸੀਂ ਆਪਣੀ ਮਰਜ਼ੀ ਨਾਲ ਕੰਮ ਚਲਾਓ ਪਰ ਇਹ ਨਾ ਕਰੋ ਕਿ ਕੁਆਲੀਫਾਈਡ ਟੇਲੰਟ ਦੀ ਕਾਸਟ ਦੇ ਉਤੇ ਤੁਸੀਂ ਆਪਣੇ ਆਦਮੀਆਂ ਨੂੰ ਖੁਸ਼ ਕਰੋ । ਜਿਨ੍ਹਾਂ ਨੇ ਮੋਰਚੇ ਵਿਚ ਅੱਗਾਂ ਲਾਈਆਂ ਉਨ੍ਹਾਂ ਨੂੰ ਖੁਸ਼ ਕਰਨ ਲਈ ਕਿਸੇ ਹੋਰ ਦੀ ਕਾਸਟ ਤੇ ਕੰਮ ਨਹੀਂ ਹੋਣਾ ਚਾਹੀਦਾ । ਜੇ ਇਹ ਕਰੋਗੇ ਤਾਂ ਇਹ ਗਲਤ ਪੰਰਪੰਰਾ ਪੈ ਜਾਵੇਗੀ । ਇਸ ਦਾ ਅਸਰ ਇਹ ਹੋਵੇਗਾ ਕਿ ਗਲਤੀ ਕਿਸੇ ਹੋਰ ਨੇ ਕੀਤੀ, ਮਰਿਆ ਕੋਈ ਹੋਰ, ਜੇ ਇਹੀ ਪਰਪੰਰਾ ਚਲੀ ਤਾਂ ਇਹ ਸਮਾਜ ਨੂੰ ਕਮਜ਼ੋਰ ਕਰ ਦੇਵੇਗੀ । ਅਕਾਲੀ ਗੌਰਮਿੰਟ ਦੀ ਅਪਰੋਚ ਇਸ ਤਰ੍ਹਾਂ ਦੀ ਰਹੀ ਹੈ। ਫਿਰਕਾਪ੍ਰਸਤੀ ਦਾ ਪਾਗਲਪਨ ਇਨ੍ਹਾਂ ਨੂੰ ਲਗਿਆ ਹੋਇਆ ਹੈ। ਪਿਛਲੇ ਸੈਸ਼ਨ ਵਿਚ ਵੀ ਜਿਹੜਾ ਐਡਰੈਸ ਆਇਆ ਸੀ ਔਰ ਗਵਰਨਰ ਸਾਹਿਬ ਨੇ ਇਥੇ ਪੜ੍ਹਿਆ ਉਸ ਵਿਚ ਕਿਹਾ ਸੀ ਕਿ 8000 ਦਾ ਟਾਰਗੇਟ ਹੈ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ । ਇਸ ਸਬੰਧ

Original with;
Punjab Vidhan Sabha
Digitized by;
Panjab Digital Library

ਵਿਚ ਸਰਦਾਰ ਕ੍ਰਿਪਾਲ ਸਿੰਘ ਨੇ ਇਹ ਗਲ ਕਹੀ ਸੀ ਕਿ ਤੁਸੀਂ ਇਸ ਵਿਚ ਸਿੱਖ ਲਫ਼ਜ਼ ਕੱਟ ਦਿਓ ਔਰ ਪੰਜਾਬੀ ਲਫ਼ਜ਼ ਰਖ ਲਓ। ਇਹ ਉਨ੍ਹਾਂ ਦਾ ਇਤਰਾਜ ਸੀ ਪਰ ਤੁਸੀਂ ਇਹ ਗਲ ਕਹੀ ਕਿ 8000 ਸਿੱਖ ਰਖਣਾ ਹੈ। ਚੇਅਰਮੈਨ ਸਾਹਿਬ, ਪੰਜਾਬ ਵਿਚ ਹਿੰਦੂ ਵੀ ਹਨ ਸਿੱਖ ਵੀ ਹਨ, ਰਾਧਾ ਸਵਾਮੀ ਵੀ ਹਨ, ਨਿਰੰਕਾਰੀਏ ਵੀ ਹਨ ਅਤੇ ਹੋਰ ਛੋਟੀ ਛੋਟੀ ਕਮਿਊਨਿਟੀਜ਼ ਦੇ ਕਈ ਲੋਕ ਹਨ। ਅਗਰ ਆਪਣੀ ਕਮਿਊਨਿਟੀ ਵਿਚ ਹੀ ਕੰਮ ਕਰੋਗੇ ਤਾਂ ਸਮੁਚੇ ਪੰਜਾਬ ਇਕ ਅਜਿਹਾ ਪਰੇਸੀਡੇਂਟ ਪੈ ਜਾਵੇਗਾ ਜਿਸ ਨਾਲ ਮਾਹੌਲ ਖਰਾਬ ਹੋ ਜਾਵੇਗਾ। ਇਸ ਦੇ ਨਾਲ ਮੈਂ ਇਹ ਗਲ ਕਹਿਣਾ ਚਾਹਵਾਂਗਾ ਕਿ ਜਿਹੜਾ ਵੇੱਲ ਟੇਲੰਟਿਡ ਤਬਕਾ ਹੈ, ਹਿੰਦੂ ਹਨ ਉਨ੍ਹਾਂ ਨਾਲ ਸਟੈਪ ਮਦਰਲੀ ਟਰੀਟਮੈਂਟ ਨਾ ਕਰੋ

Youngmen of other communities are being meted out step-motherly treatment as they do not belong to Punjab.

**ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ** : ਚੇਅਰਮੈਨ ਸਾਹਿਬ, ਪ੍ਰੋਫੈਸਰ ਸਾਹਿਬ ਨੇ ਇਕ ਬੜੇ ਹੀ ਜ਼ਰੂਰੀ ਮਸਲੇ ਵਲ ਧਿਆਨ ਦਿਵਾਇਆ ਹੈ ਕਿ ਅਕਾਲੀ ਸਰਕਾਰ ਪਿਛਲੇ ਗਵਰਨਰ ਐਡਰੈਸ ਵਿਚ ਕੇਵਲ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਵਚਨਬੱਧ ਹੋਈ ਸੀ ਪਰ ਇਹ ਗਲ ਨਹੀਂ। ਤੁਸੀਂ ਆਪ ਪੜ੍ਹਿਆ ਹੋਣਾ ਹੈ, ਬਲਕਿ ਇਸ ਗਵਰਨਰ ਐਡਰੈਸ ਵਿਚ ਵੀ ਇਹ ਗਲ ਆਈ ਹੈ ਕਿ ਇਕ ਅਗਸਤ, 1982 ਤੋਂ ਬਾਅਦ ਪੰਜਾਬ ਵਿਚ ਕਿਸੇ ਅੰਦੋਲਨ ਵਿਚ ਭੀ ਨੁਕਸਾਨ ਉਠਾਉਣ ਵਾਲਿਆਂ ਨੂੰ ਮੁਆਵਜ਼ਾ ਦਿਤਾ ਜਾਵੇਗਾ। ਇਹ ਗਲਤ ਕਹਿ ਰਹੇ ਹਨ। ਅਕਾਲੀ ਸਰਕਾਰ ਸਾਰਿਆਂ ਨਾਲ ਬਰਾਬਰ ਦਾ ਸਲੂਕ ਕਰ ਰਹੀ ਹੈ। ਜਿਸ ਵੇਲੇ ਗਵਰਨਰ ਐਡਰੈਸ ਦੀ ਮੋਸ਼ਨ ਮੈਂ ਮੂਵ ਕੀਤੀ ਤਾਂ ਉਸ ਵੇਲੇ ਵੀ ਮੈਂ ਦਸਿਆ ਸੀ ਕਿ 26 ਹਿੰਦੂ ਨੌਜਵਾਨ ਸਨ ਜਿਨ੍ਹਾਂ ਦੇ ਜਲੰਧਰ ਪਿਛੇ ਇੰਟਰਵਿਊ ਵੀ ਲਏ ਗਏ। (ਵਿਘਨ)

**ਪ੍ਰੋਫੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੇ ਰਾਜਾ ਹੀ ਪ੍ਰਜਾ ਨਾਲ ਡਿਸਕ੍ਰਿਮੀਨੇਟ ਹੋ ਜਾਵੇ, ਜੇ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਕਿਸ ਤਰ੍ਹਾਂ ਸਮਾਜ ਚਲੇਗਾ। ਚੇਅਰਮੈਨ ਸਾਹਿਬ, ਪੰਜਾਬ ਵਿਚ ਸਭ ਤੋਂ ਵਡੀ ਲੋੜ ਇਸ ਗਲ ਦੀ ਹੈ ਕਿ ਫਿਰਕਾਪ੍ਰਸਤੀ ਕਿਸੇ ਵੀ ਮਜ਼ਹਿਬ ਵਿਚ ਹੈ ਤਾਂ ਉਸ ਨੂੰ ਜ਼ਰੂਰ ਹੀ ਖਤਮ ਕਰ ਦੇਣਾ ਚਾਹੀਦਾ ਹੈ। ਅਗਰ ਇਹ ਫੈਲਦੀ ਜਾਵੇਗੀ ਤਾਂ ਇਹ ਦੂਸਰੀਆਂ ਦਾ ਨੁਕਸਾਨ ਕਰੇਗੀ। ਕਿਉਂਕਿ ਜੋ ਘਟਨਾਵਾਂ ਵਾਪਰਦੀਆਂ ਹਨ ਉਸ ਨਾਲ ਦੋਨੋ ਕਮਿਊਨਿਟੀਜ਼ ਵਿਚ ਜ਼ਹਿਰ ਫੈਲ ਰਹੀ ਹੈ। ਜੇ ਇਸ ਨੂੰ ਮਜ਼ਬੂਤੀ ਨਾਲ ਰੋਕਿਆ ਜਾਵੇਗਾ ਤਾਂ ਹੀ ਪੰਜਾਬ ਖੁਸ਼ਹਾਲ ਹੋਵੇਗਾ। ਮੈਂ ਇਹ ਗਲ ਕਹਾਂਗਾ ਕਿ ਇਹ ਸਰਕਾਰ ਦਾ ਫਰਜ਼ ਹੈ ਕਿ ਉਹ ਇਸ ਜ਼ਹਿਰ ਨੂੰ ਫੈਲਣ ਤੋਂ ਰੋਕੇ। ਪਰ ਇਹ ਉਸ ਨੂੰ ਰੋਕਣ ਦੀ ਬਜਾਏ ਉਸ ਐਲੀਮੈਂਟ ਦੀ ਹੌਸਲਾ ਅਫਜ਼ਾਈ ਕਰ ਰਹੇ ਹਨ ਅਤੇ ਉਤਸਾਹਿਤ ਕਰ ਰਹੇ ਹਨ। ਇਹ ਜੋ ਲਫਜ਼ ਗਵਰਨਰ ਐਡਰੈਸ ਵਿਚ ਇਸਤੇਮਾਲ ਕੀਤੇ ਗਏ ਹਨ ਇਹ ਫਿਰਕਾਪ੍ਰਸਤੀ ਦੇ ਆਧਾਰ ਤੇ ਹਨ। ਇਨ੍ਹਾਂ ਦਾ ਉਹ ਹਾਲ ਹੈ ਕਿ ਬਹਾਦਰ ਸ਼ਾਹ ਜਿਸ ਵੇਲੇ ਜੰਗ ਕਰ ਰਿਹਾ ਸੀ ਤਾਂ ਉਸ ਨੂੰ ਆਪਣੀ ਜਿਸ ਵੇਲੇ ਹਾਰ ਨਜ਼ਰ ਆਉਣ ਲਗੀ ਤਾਂ ਉਸ ਨੇ ਕਿਹਾ ਸੀ—

"ਦਮਦਮੇ ਮੇਂ ਦਮ ਨਹੀਂ,
ਅੱਬ ਖੈਰ ਮਾਂਗੋ ਜਾਨ ਕੀ,
ਐ ਜ਼ਫਰ ਠੰਡੀ ਹੁਈ,
ਸ਼ਮਸ਼ੀਰ ਹਿੰਦੁਸਤਾਨ ਕੀ।"

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਇਨ੍ਹਾਂ ਗਲਾਂ ਕਰਕੇ ਹੀ ਅੰਗਰੇਜ਼ਾਂ ਨੇ ਹਿੰਦੁਸਤਾਨ ਤੇ ਕਬਜ਼ਾ ਕਰ ਲਿਆ ਸੀ ਔਰ ਇਕ ਨੌਜਵਾਨ ਨੇ ਇਹ ਗਲ ਕਹੀ ਸੀ —

'ਜੱਬ ਤਲੱਕ ਕਾਜੀਓਂ ਮੇਂ ਬੂ ਰਹੇਗੀ ਈਮਾਨ'ਕੀ
ਤੱਬ ਤੋਂ ਲੰਡਨ ਤਕ ਚਲੇਗੀ ਦੇਗ ਹਿੰਦੁਸਤਾਨ ਕੀ।'

ਜੇ ਇਹੀ ਪਰੰਪਰਾ, ਇਹੀ ਪਰਚਾਰ ਹਿੰਦੁਸਤਾਨ ਵਿਚ ਵੀ ਚਲਦਾ ਰਿਹਾ ਤਾਂ ਹਿੰਦੁਸਤਾਨ ਕਦੇ ਤਰੱਕੀ ਨਹੀਂ ਕਰ ਸਕੇਗਾ । If the violence of communalism is not curbed in time, it may engulf the entire Punjab switching from centuries old communal brotherhood to communal frenzy. ਇਨ੍ਹਾਂ ਨੂੰ ਪੰਜਾਬ ਵਿਚ ਭਾਈਚਾਰਾ ਵਧਾਉਣਾ ਚਾਹੀਦਾ ਹੈ ਅਤੇ ਫਿਰਕਾਪ੍ਰਸਤੀ ਨੂੰ ਦਬਾਉਣਾ ਚਾਹੀਦਾ ਹੈ । ਆਖਿਰ ਵਿਚ ਮੈਂ ਇਹ ਗੱਲ ਕਹਾਂਗਾ ਕਿ ਜਿਸ ਤਰ੍ਹਾਂ ਡੈਮੋਕਰੇਸੀ ਵਿਚ ਇਹ ਗੱਲ ਕਹੀ ਜਾਂਦੀ ਹੈ ਕਿ .... Democracy is of the people, by the people and for the people ਇਸ ਤਰ੍ਹਾਂ Akali Govt. is of the Communalist by the Communalist and for the Communalist ਅਗਰ ਤੁਸੀਂ ਡੈਮੋਕਰੇਸੀ ਵਿਚ ਲਾਅ ਐਂਡ ਆਰਡਰ ਨੂੰ ਮੈਨਟੇਨ ਨਹੀਂ ਕਰ ਸਕਦੇ ਅਤੇ ਪੰਜਾਬ ਵਿਚ ਜਿਸ ਤਰੀਕੇ ਨਾਲ ਮਜ਼ਲੂਮਾ ਨਿਥਾਣਿਆਂ ਅਤੇ ਨਿਹਥਿਆਂ ਦੇ ਕਤਲ ਹੋ ਰਹੇ ਹਨ ਅਤੇ ਉਨ੍ਹਾਂ ਦੀ ਰਕਸ਼ਾ ਨਹੀਂ ਕਰ ਸਕੇ । ਇਸ ਤਰੀਕੇ ਨਾਲ ਲੋਕਾਂ ਦਾ ਇਸ ਡੈਮੋਕਰੇਸੀ ਵਿੱਚੋਂ ਵਿਸ਼ਵਾਸ਼ ਉਠ ਜਾਵੇਗਾ ਅਤੇ ਇਹ ਲੋਕ ਕਿਸੇ ਹੋਰ ਚੀਜ਼ ਬਾਰੇ ਸੋਚਣ ਲਗ ਜਾਣਗੇ ਅਤੇ ਉਹ ਮੰਗ ਕਰਨਗੇ ਕਿ ਸਾਨੂੰ ਡੈਮੋਕਰੇਸੀ ਦੀ ਸਰਕਾਰ ਨਹੀਂ ਚਾਹੀਦੀ । ਅਸੀਂ ਲਾਅ ਐਂਡ ਆਰਡਰ ਕਿਸੇ ਵੀ ਚਾਹੇ ਕੀਮਤ ਤੇ ਕੰਟਰੋਲ ਕਰਨਾ ਪਵੇ, ਇਸ ਨੂੰ ਮੇਨਟੇਨ ਕਰਨਾ ਚਾਹੀਦਾ ਹੈ। ਇਥੇ ਇਹ ਗੱਲ ਕਹੀ ਗਈ ਕਿ ਪੰਜਾਬ ਅਕਾਰਡ ਪ੍ਰਾਈਮ ਮਨਿਸਟਰ ਅਤੇ ਸੰਤ ਜੀ ਦੇ ਵਿਚਕਾਰ ਹੋਇਆ ਸੀ, ਇਹ ਠੀਕ ਗੱਲ ਹੈ ਕਿ ਇਸ ਅਕਾਰਡ ਨੂੰ ਅਮਲੀਜਾਮਾ ਪਹਿਨਾਉਣਾ ਚਾਹੀਦਾ ਹੈ। ਇਸ ਦੇ ਵਿਚ ਡੀਲੇਅ ਜ਼ਰੂਰ ਹੋਈ ਹੈ ਅਤੇ ਇਸ ਡੀਲੇਅ ਕਰਕੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲਿਆ ਪਰ ਇਸ ਡੀਲੇਅ ਦਾ ਮਤਲਬ ਇਹ ਨਹੀਂ ਹੈ ਕਿ ਕਤਲ ਪੰਜਾਬ ਵਿਚ ਹੋ ਰਿਹੇ ਹਨ । ਇਹ ਤਾਂ ਤੁਸੀਂ ਕੋਈ ਨਾ ਕੋਈ ਬਹਾਨਾ ਬਣਾ ਕੇ ਕਦੇ ਸੈਂਟਰ ਦੀ ਸਰਕਾਰ ਨੂੰ ਅਤੇ ਕਦੇ ਪੰਜਾਬ ਦੇ ਪਰੋਮੀਨੈਂਟ ਕਾਂਗਰਸ ਦੇ ਲੀਡਰਜ਼ ਨੂੰ ਘਸੀਟ ਰਹੇ ਹੋ । ਤੁਸੀਂ ਦੇਖੋ ਕਿੰਨੇ ਹਿੰਦੂ ਮਾਰੇ ਗਏ ਹਨ ਅਤੇ ਕਿੰਨੇ ਸਿੱਖ ਮਾਰੇ ਗਏ ਹਨ ਅਤੇ ਕਤਲਾਂ ਕਰਕੇ ਪੰਜਾਬ ਦਾ ਵਾਤਾਵਰਣ ਖਰਾਬ ਹੋਇਆ ਹੈ ਅਤੇ ਲੋਕਾਂ ਦੇ ਵਿਚ ਬੜੀ ਘਬਰਾਹਟ ਹੈ ਅਤੇ ਇਸ ਦੇ ਨਾਲ ਆਪਸ ਵਿਚ ਭਾਈਚਾਰਾ ਖਤਮ ਹੁੰਦਾ ਜਾ ਰਿਹਾ ਹੈ ਅਤੇ ਪੰਜਾਬ ਦੀ ਇੰਡਸਟਰੀ ਤਬਾਹ ਹੋ ਰਹੀ ਹੈ ਅਤੇ ਇਸ ਦੇ ਨਾਲ ਕੋਈ ਵੀ ਬਾਹਰ ਦਾ ਵਪਾਰੀ ਪੰਜਾਬ ਵਿਚ ਆਉਣ ਲਈ ਤਿਆਰ ਨਹੀਂ ਹੈ ਅਤੇ ਅਹਿਮਦਾਬਾਦ ਅਤੇ ਸੂਰਤ ਤੋਂ ਵਪਾਰੀ ਅੰਮ੍ਰਿਤਸਰ ਵਿਚ ਆਉਣ ਤੋਂ ਡਰਦੇ ਹਨ ਅਤੇ ਪੰਜਾਬ ਦੀ ਇਕਾਨਮੀ ਤਬਾਹ ਹੋ ਰਹੀ ਹੈ ਅਤੇ ਪੰਜਾਬ ਦੀਆਂ ਮਿਲਾਂ ਬੰਦ ਹੋ ਰਹੀਆਂ ਹਨ ਅਤੇ ਪੰਜਾਬ ਦੀ ਪਰ ਕੈਪੀਟਾ ਇਨਕਮ ਘੱਟੀ ਹੈ ਇਹ ਭਾਵੇਂ ਕਹਿ ਦੇਣ ਕਿ ਅਸੀਂ ਅੰਕੜੇ ਦੇ ਸਕਦੇ ਹਾਂ ਕਿ ਪਰ ਕੈਪੀਟਾ ਇਨਕਮ ਘੱਟੀ ਨਹੀਂ ਹੈ । ਅਗਰ ਇਸ ਤਰ੍ਹਾਂ ਦਾ ਵਾਤਾਵਰਣ ਪੰਜਾਬ ਵਿਚ ਚਲਦਾ ਰਿਹਾ ਤਾਂ ਪੰਜਾਬ ਦਾ ਸਾਰਾ ਕਾਰੋਬਾਰ ਠੱਪ ਪੈ ਜਾਵੇਗਾ ਅਤੇ ਲੋਕਾਂ ਨੂੰ ਹੋਰ ਕੰਮ ਕਰਨ ਬਾਰੇ ਸੋਚਣਾ ਪਵੇਗਾ । ਅਗਰ ਇਸ ਦਾ ਕੋਈ ਰਾਜਨੀਤਕ ਕਾਰਣ ਹੈ ਤਾਂ ਉਸ ਦਾ ਹੱਲ ਕਰਨਾ ਚਾਹੀਦਾ ਹੈ ਕਿਉਂਕਿ ਗਰੀਬ ਲੋਕਾਂ ਦੀਆਂ ਜਾਨਾਂ ਨਾਲ ਖੇਲਿਆ ਜਾ ਰਿਹਾ ਹੈ। ਅਲੱਗਵਾਦ, ਐਕਸ–

Original with;
Punjab Vidhan Sabha
Digitized by;
Panjab Digital Library

ਟਰੀਮਿਸਟ ਅਤੇ ਅਤਿਵਾਦ ਅਤੇ ਟੈਰੋਰਿਜ਼ਮ ਤੁਹਾਡਾ ਹੀ ਪੈਦਾ ਕੀਤਾ ਹੋਇਆ ਹੈ ਅਤੇ ਇਹ ਤੁਸੀਂ ਸਾਡੀ ਸਰਕਾਰ ਲਈ ਪੈਦਾ ਕੀਤਾ ਸੀ ਜਿਸ ਨੂੰ ਹੁਣ ਸੰਭਾਲਣਾ ਤੁਹਾਨੂੰ ਔਖਾ ਹੋ ਰਿਹਾ ਹੈ ਅਤੇ ਤੁਹਾਡਾ ਹੀ ਬੀਜ ਬੋਇਆ ਹੈ। ਤੁਸੀਂ ਮਹਜ਼ਬ ਦਾ ਆਸਰਾ ਲੈ ਕੇ ਇਹ ਕੰਮ ਸ਼ੁਰੂ ਕੀਤਾ ਸੀ ਅਤੇ ਜਿਸ ਨੇ ਇਹ ਅਤਿਵਾਦ ਨੂੰ ਜਨਮ ਦਿੱਤਾ ਹੈ ਅਤੇ ਹੁਣ ਕਿੰਨੇ ਲੋਕਾਂ ਦਾ ਕਤਲੇਆਮ ਕੀਤਾ ਗਿਆ ਹੈ। ਇਸ ਅਤਿਵਾਦ ਨੂੰ ਹਰ ਕੀਮਤ ਤੇ ਦਬਾਉਣਾ ਚਾਹੀਦਾ ਹੈ ਅਤੇ ਤਦ ਹੀ ਤੁਸੀਂ ਰਾਜ ਕਰ ਸਕਦੇ ਹੋ। ਹਿੰਦੁਸਤਾਨ ਵਿਚ ਜਲਾਲੂਦੀਨ ਖਿਲਜੀ ਬਾਦਸ਼ਾਹ ਹੋਇਆ ਹੈ ਅਤੇ ਉਸ ਦੇ ਬਹੁਤ ਸਾਰੇ ਬਦਮਾਸ਼ ਲੋਕਾਂ ਨੂੰ ਲੁੱਟਦੇ ਸਨ ਅਤੇ ਚੋਰੀਆਂ ਅਤੇ ਡਾਕੇ ਮਾਰਦੇ ਸਨ। ਇਕ ਦਿਨ ਉਸ ਦੇ ਵਜ਼ੀਰ ਨੇ ਹੁਕਮ ਦਿਤਾ ਕਿ ਇਨ੍ਹਾਂ ਲੋਕਾਂ ਨੂੰ ਫੜਿਆ ਜਾਵੇ ਅਤੇ ਉਨ੍ਹਾਂ ਨੇ 200 ਦੇ ਕਰੀਬ ਬੰਦਿਆਂ ਨੂੰ ਫੜ੍ਹ ਲਿਆ ਜਿਹੜੇ ਬਦਮਾਸ਼ੀਆਂ ਕਰਦੇ ਸਨ ਅਤੇ ਲੋਕਾਂ ਨੂੰ ਲੁੱਟਦੇ ਅਤੇ ਮਾਰਦੇ ਸਨ, ਉਨ੍ਹਾਂ ਨੂੰ ਹੱਥਕੜੀਆਂ ਲਗਾਈਆਂ ਗਈਆਂ ਅਤੇ ਬਾਦਸ਼ਾਹ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਦੇਖ ਕੇ ਬਾਦਸ਼ਾਹ ਰੋਣ ਲਗ ਪਿਆ ਤੇ ਕਹਿਣ ਲਗਾ ਕਿ ਇਨ੍ਹਾਂ ਦੀਆਂ ਹੱਥ ਕੜੀਆਂ ਖੋਲ੍ਹ ਦਿੱਤੀਆਂ ਜਾਣ ਅਤੇ ਇਨ੍ਹਾਂ ਦੀ ਮਹਰਮ ਪੱਟੀ ਕੀਤੀ ਜਾਵੇ ਅਤੇ ਇਨ੍ਹਾਂ ਦੀ ਸੇਵਾ ਕਰੋ। ਉਸ ਤੋਂ ਬਾਅਦ ਉਹ ਕਹਿਣ ਲਗਾ ਕਿ ਤੁਸੀਂ ਕੋਈ ਹੋਰ ਕੰਮ ਕਰੋ ਅਤੇ ਇਸ ਕੰਮ ਨੂੰ ਛੱਡ ਦਿਓ ਪਰ ਜਿਨ੍ਹਾਂ ਲੋਕਾਂ ਨੂੰ ਬਿਨਾਂ ਕੰਮ ਕਰੇ ਲੁਟਣ ਦੀ ਆਦਤ ਪੈ ਜਾਵੇ ਅਤੇ ਉਨ੍ਹਾਂ ਨੂੰ ਕੰਮ ਕਰਕੇ ਕਮਾਉਣਾ ਬੜਾ ਮੁਸ਼ਿਕਲ ਹੁੰਦਾ ਹੈ ਅਤੇ ਉਨ੍ਹਾਂ ਨੇ ਬਾਦਸ਼ਾਹ ਦੀ ਗੱਲ ਨਾ ਸੁਣੀ ਅਤੇ ਉਨ੍ਹਾਂ ਵਿਚੋਂ ਜਿਹੜੇ ਚੋਰੀਆਂ ਠਗੀਆਂ ਅਤੇ ਡਾਕੇ ਮਾਰਦੇ ਸਨ ਉਹ ਜਲਾਲੁਦੀਨ ਦੇ ਖਿਲਾਫ ਹੋ ਗਏ ਅਤੇ ਇਨ੍ਹਾਂ ਵਿਚੋਂ ਕਿਸੇ ਇਕ ਆਦਮੀ ਨੇ ਜਲਾਲੁਦੀਨ ਨੂੰ ਛੁਰਾ 3 ਮਹੀਨਿਆਂ ਦੇ ਅੰਦਰ ਹੀ ਮਾਰ ਕੇ ਉਸ ਦੀ ਮੌਤ ਕਰ ਦਿੱਤੀ ਅਤੇ ਉਸ ਤੋਂ ਬਾਅਦ ਅਲਾਓਦੀਨ ਖਿਲਜੀ ਬਾਦਸ਼ਾਹ ਬਣਿਆ ਸੀ। ਅਸੀਂ ਚਾਹੁੰਦੇ ਹਾਂ ਕਿ ਪਰਮਾਤਮਾ ਇਨ੍ਹਾਂ ਦੀ ਉਮਰ ਲੰਬੀ ਕਰੇ ਅਤੇ ਇਹ ਰਾਜ ਕਰਦੇ ਰਹਿਣ। ਜਿਹੜਾ ਪੰਜਾਬ ਦਾ ਵਾਤਾਵਰਣ ਖਰਾਬ ਹੋ ਰਿਹਾ ਹੈ ਅਤੇ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ ਇਸ ਵੱਲ ਸਰਕਾਰ ਨੂੰ ਉਚੇਚੇ ਕਦਮ ਚੁਕਣੇ ਚਾਹੀਦੇ ਹਨ। ਹੁਣ ਮੈਂ ਗਵਰਨਰ ਐਡਰੈਸ ਵੱਲ ਆਉਂਦਾ ਹਾਂ ਕਿ ਜਿਸ ਵਿਚ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਮੇਰੀ ਸਰਕਾਰ ਕਾਨੂੰਨ ਵਿਵਸਥਾ ਨੂੰ ਮੇਨਟੇਨ ਕਰਨ ਵਿਚ ਪਰਾਥਮਿਕਤਾ ਦੇਵੇਗੀ ਪਰ ਇਸ ਦੇ ਉਲਟ ਗਵਰਨਰ ਸਾਹਿਬ ਦੇ ਐਡਰੈਸ ਵਿਚ ਚਾਹੀਦਾ ਸੀ ਕਿ ਮਜ਼ਲੂਮਾ, ਨਿਥਾਣਿਆਂ, ਨਿਮਾਣਿਆਂ ਦੇ ਕਤਲ ਹੋ ਰਹੇ ਹਨ ਇਸ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ ਅਤੇ ਕਤਲੇ-ਆਮ ਦਾ ਸਿਲਸਿਲਾ ਜਾਰੀ ਹੈ ਇਸ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ। ਹਿੰਦੂਆਂ ਅਤੇ ਸਿੱਖਾਂ ਦਾ ਖੂਨ ਅੱਤਿਵਾਦ ਚੂਸ ਰਿਹਾ ਹੈ ਇਸ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ। ਘਰਾਂ ਵਿਚ ਬੈਠੇ, ਦੁਕਾਨਾਂ ਵਿਚ ਕੰਮ ਕਰ ਰਹੇ ਲੋਕਾਂ ਨੂੰ ਬੜੀ ਬੇਰਹਿਮੀ ਨਾਲ ਗੋਲੀਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਕਤਲ ਕੀਤੇ ਜਾ ਰਹੇ ਹਨ ਇਸ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ੀਰੋਜ਼ਪੁਰ ਵਿਚ ਕਤਲ ਕੀਤੇ ਜਾ ਰਹੇ ਹਨ ਅਤੇ ਕਿੰਨੇ ਲੋਕ ਮਾਰੇ ਗਏ ਹਨ ਇਸ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ। ਬਟਾਲੇ ਪੁਲਿਸ ਦੀ ਮੌਜੂਦਗੀ ਵਿਚ ਕਰਫ਼ਿਊ ਦੇ ਦੌਰਾਨ ਕਤਲ ਹੋਏ ਹਨ ਉਸ ਦੇ ਵਿਚ ਮੇਰੀ ਸਰਕਾਰ ਪਰਾਥਮਿਕਤਾ ਦੇਵੇਗੀ। ਗੁਰੂ ਤੇਗ ਬਹਾਦਰ ਜੀ ਨੇ ਵਿਸ਼ਵ ਭਾਈਚਾਰੇ ਦੀ ਖਾਤਰ ਦਿੱਲੀ ਚਾਂਦਨੀ ਚੌਕ ਵਿਚ ਆਪਣੀ ਸ਼ਹੀਦੀ ਦਿੱਤੀ ਸੀ। ਕਤਲੇਆਮ ਦਾ ਸਿਲਸਿਲਾ ਜਾਰੀ ਰਖਣ ਵਿਚ ਮੇਰੀ ਸਰਕਾਰ ਲਾਅ ਐਂਡ ਆਰਡਰ ਵਿਚ ਪਰਾਥਮਿਕਤਾ ਦੇਵੇਗੀ।

**ਸਰਦਾਰ ਹਰਦਿਆਲ ਸਿੰਘ ਰਾਜਲਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਫਿਰਕਾਪ੍ਰਸਾਹਿਬ, ਇਹ ਸਤੀ, ਫਿਰਕਾਪ੍ਰਸਤੀ ਦਾ ਜਾਪ ਕਰੀ ਜਾ ਰਹੇ ਹਨ। ਇਨ੍ਹਾਂ ਨੂੰ ਦਿੱਲੀ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦਿਆਲ ਸਿੰਘ ਰਾਜਲਾ]
ਨਵੰਬਰ ਰਾਇਟਸ ਦੇ ਵਕਤ ਜੋ ਸਿੱਖਾਂ ਦੇ ਨਾਲ ਹੋਇਆ ਅਤੇ ਗਲੇ ਵਿਚ ਟਾਇਰ ਪਾਏ ਗਏ ਅਤੇ ਅੱਗਾਂ ਲਗਾ ਕੇ ਫੂੱਕੇ ਗਏ ਸਨ ਅਤੇ ਸਿੱਖਾਂ ਦੇ ਘਰ ਲੁਟੇ ਗਏ ਸਨ ਉਸ ਵਕਤ ਇਹ ਲੋਕ ਨਹੀਂ ਬੋਲਦੇ ਸਨ । ਹੁਣ ਇਹ ਝੂਠਾ ਪ੍ਰਚਾਰ ਕਰੀ ਜਾ ਰਹੇ ਹਨ ਅਤੇ ਮੈਂਬਰਾਂ ਨੂੰ ਗੁੰਮਰਾਹ ਕਰ ਰਹੇ ਹਨ ।

**Prof. Darbari Lal** : (Chairman Sahib) Peace cannot be assured without the fear of punishment to which the Akali Govt. has not yet made its mind. ਅਸੀਂ ਪੀਸ ਚਾਹੁੰਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ ਕਿ ਪੰਜਾਬ ਵਿਚ ਸ਼ਾਂਤੀ ਹੋ ਜਾਵੇ ਅਤੇ ਲਾਅ ਐਂਡ ਆਰਡਰ ਮੇਨਟੇਨ ਹੋ ਜਾਵੇ। ਪਰ ਜਿਸ ਤਰੀਕੇ ਨਾਲ ਤੁਸੀਂ ਲੋਕਾਂ ਵਿਚੋਂ ਪਨਿਸ਼ਮੈਂਟ ਦਾ ਡਰ ਕੱਢ ਦਿੱਤਾ ਹੈ ਅਤੇ ਪਨਿਸ਼ਮੈਂਟ ਦਾ ਡਰ ਹੁੰਦਾ ਤਾਂ ਲਾਅ ਐਂਡ ਆਰਡਰ ਕਾਇਮ ਰਹਿ ਸਕਦਾ ਹੈ। ਸੋ ਫਰਾਂਸ ਦੇ ਇਕ ਫਿਲਾਸਫਰ Rousseau ਨੇ ਕਿਹਾ ਹੈ ਕਿ There is a social contract between the king and the people. ਲੋਕਾਂ ਦਾ ਸਰਕਾਰ ਦੇ ਵਿਚਕਾਰ ਇਕ ਸਮਝੌਤਾ ਹੁੰਦਾ ਹੈ ਕਿ ਅਸੀਂ ਸਰਕਾਰ ਨੂੰ ਟੈਕਸ ਦੇਵਾਂਗੇ ਅਤੇ ਉਸ ਦੇ ਬਦਲੇ ਸਰਕਾਰ ਲਾਅ ਐਂਡ ਆਰਡਰ ਨੂੰ ਮੇਨਟੇਨ ਕਰੇਗੀ । ਅਗਰ ਲੋਕ ਟੈਕਸ ਦੇਈ ਜਾਣ ਅਤੇ ਫੇਰ ਵੀ ਕਤਲ ਹੋਈ ਜਾਣ ਤਾਂ ਫਿਰ ਲੋਕਾਂ ਦਾ ਹੱਕ ਹੈ ਕਿ ਉਹ ਉਸ ਸਰਕਾਰ ਨੂੰ ਬਦਲ ਦੇਵੇ ਜਿਹੜੀ ਲਾਅ ਐਂਡ ਆਰਡਰ ਨੂੰ ਮੇਨਟੇਨ ਨਹੀਂ ਕਰ ਸਕਦੀ । ਇਸ ਤਰ੍ਹਾਂ ਦੀ ਸਰਕਾਰ ਨੂੰ ਲੋਕ ਬਹੁਤ ਦੇਰ ਬਰਦਾਸ਼ਤ ਨਹੀਂ ਕਰ ਸਕਦੇ । ਅਤਿਵਾਦ ਇਨ੍ਹਾਂ ਦਾ ਛੇੜਿਆ ਹੋਇਆ ਹੈ ਅਤੇ ਮਹਜ਼ਬ ਨੂੰ ਇਹ ਹੀ ਇਸਤੇਮਾਲ ਕਰਦੇ ਰਹੇ ਹਨ ਅਤੇ ਹੁਣ ਆਪ ਹੀ ਫੱਸ ਗਏ ਹਨ ਪਰ ਇਹ ਇਲਜ਼ਾਮ ਕਦੇ ਸਾਡੇ ਤੇ ਲਗਾਉਂਦੇ ਹਨ ਅਤੇ ਕਦੇ ਸੈਂਟਰ ਦੀ ਸਰਕਾਰ ਤੇ ਪਾ ਦਿੰਦੇ ਹਨ ਪਰ ਹਾਲਾਤ ਪੰਜਾਬ ਦੇ ਐਸੇ ਬਣ ਗਏ ਹਨ ਕਿ ਕੋਈ ਬਾਜ਼ਾਰਾਂ ਅਤੇ ਸੜਕਾਂ ਉਤੇ ਸੁਰਖਿਅਤ ਘੁੰਮ ਨਹੀਂ ਸਕਦਾ ਅਤੇ ਮੇਰੇ ਘਰ ਦੇ ਕੋਲ ਲੋਕਾਂ ਨੂੰ ਲੁੱਟ ਕੇ ਲੈ ਗਏ ਹਨ ਪਿਸਤੌਲ ਵਿਖਾ ਕੇ । ਇਸ ਤਰ੍ਹਾਂ ਦੇ ਹਾਲਾਤ ਹਨ ।

ਚੇਅਰਮੈਨ ਸਾਹਿਬ, ਇਨ੍ਹਾਂ ਦਹਿਸ਼ਤ ਪਸੰਦ ਲੋਕਾਂ ਕੋਲ ਪਿਸਤੌਲਾਂ ਅਤੇ ਕਾਰਬਾਈਨਾਂ ਆਦਿ ਵਰਗੇ ਹਥਿਆਰ ਹੁੰਦੇ ਹਨ। (ਵਿਘਨ) (ਸ਼ੋਰ)

**ਸ਼੍ਰੀ ਨੁਸਰਤ ਅਲੀ ਖਾਨ** : ਪੁਆਇੰਟ ਆਫ ਆਰਡਰ, ਸਰ। ਪ੍ਰੋਫੈਸਰ ਜੀ ਨੇ ਫਰਮਾਇਆ ਹੈ ਕਿ ਮੇਰੇ ਘਰ ਚਾਰ ਆਦਮੀਆਂ ਨੂੰ ਲੁਟੇਰਿਆਂ ਨੇ ਲੁਟ ਲਿਆ ਹੈ ਪਰ ਇਨ੍ਹਾਂ ਨੂੰ ਕਿਉਂ ਛੱਡ ਦਿੱਤਾ। ਇਸ ਦੀ ਵਜ੍ਹਾ ਹੈ ਕਿ ਇਹ ਖੁਦ ਲੁਟੇਰੇ ਹਨ। (ਹਾਸਾ)

**ਪ੍ਰੋਫੈਸਰ ਦਰਬਾਰੀ ਲਾਲ** : ਚੇਅਰਮੈਨ ਸਾਹਿਬ, ਜਿਹੜੇ ਲੁਟੇ ਗਏ, ਕਤਲ ਹੋਏ, ਉਨ੍ਹਾਂ ਨਾਲ ਮੈਂਬਰ ਸਾਹਿਬਾਨ ਨੂੰ ਸਹਾਨਭੂਤੀ ਪ੍ਰਗਟ ਕਰਨ ਦੀ ਬਜਾਏ ਇਹ ਮੈਂਬਰਾਂ ਨਾਲ ਮਜ਼ਾਕ ਕਰ ਰਹੇ ਹਨ ਕਿ ਤੂੰ ਕਿਉਂ ਨਹੀਂ ਲੁਟਿਆ ਗਿਆ ? ਮੇਰੇ ਕੋਲ ਲੁਟਣ ਵਾਸਤੇ ਹੈ ਵੀ ਕੀ ਹੈ ? ਲੁਟੇ ਤਾਂ ਤੁਸੀਂ ਜਾਓਗੇ ਜਿਹੜੇ ਕਿ ਮਾਲਾ ਮਾਲ ਹੋ। ਮੇਰੇ ਬਾਰੇ ਤਾਂ ਤੁਸੀਂ ਬੇਸ਼ਕ ਇਨਕੁਆਇਰੀ ਕਰਾ ਲਵੋ, ਜੇਕਰ ਕੋਈ ਵੀ ਚੀਜ਼ ਸਾਬਤ ਹੋ ਜਾਵੇ ਤਾਂ ਮੈਂ ਮੈਂਬਰਸ਼ਿਪ ਤੋਂ ਰਿਜ਼ਾਈਨ ਕਰ ਦਿਆਂਗਾ। (ਥੰਪਿੰਗ) ਮੈਂ ਤਾਂ ਕਾਲਜ ਵਿਚ ਨੌਕਰੀ ਕਰਕੇ ਗੁਜ਼ਾਰਾ ਕਰਦਾ ਹਾਂ। ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਵਿਚ ਦੋ ਗਲਾਂ ਲਿਖੀਆਂ ਹਨ। Every man and women shall have the right to possess pistol revolver rifle, gun and carbine

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਇਸ ਤਰ੍ਹਾਂ ਤਾਂ ਹਰ ਆਦਮੀ ਅਤੇ ਹਰ ਔਰਤ ਕੋਲ ਹਥਿਆਰ ਚਾਹੀਦਾ ਹੈ। ਪਿਸਤੌਲ , ਰੀਵਾਲਵਰ, ਕਾਰਬਾਈਨ ਆਦਿ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਉਨ੍ਹਾਂ ਨੂੰ ਪਤਾ ਹੈ ਕਿ ਜਿਹੜੇ ਲੋਕ ਪਾਕਿਸਤਾਨ ਤੋਂ ਆਏ ਸਨ, ਉਹ ਕਿਸ ਤਰ੍ਹਾਂ ਪਠਾਨਾਂ ਨਾਲ ਲੜਦੇ ਸਨ। ਜੇਕਰ ਸਭ ਨੂੰ ਹਥਿਆਰ ਦਿਉਗੇ ਤੇ ਨਾ ਤੁਸੀਂ ਰਹੋਗੇ ਅਤੇ ਨਾ ਅਸੀਂ ਰਹਾਂਗੇ ਔਰ ਇਥੇ ਹੋਰ ਹੀ ਕੋਈ ਬੈਠੇਗਾ। ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਜਿਹੜੀਆਂ ਚੋਰੀਆਂ ਹੁੰਦੀਆਂ ਹਨ, ਉਸ ਬਾਰੇ ਪੁਲਿਸ ਵਾਲੇ ਪਹਿਲਾਂ ਰਿਪੋਰਟ ਲਿਖਦੇ ਨਹੀਂ ਹਨ, ਜੇਕਰ ਲਿਖਦੇ ਹਾਂ ਤਾਂ ਮਾਲ ਲਭਦਾ ਨਹੀਂ ਹੈ ਔਰ ਜੇਕਰ ਮਾਲ ਲਭ ਜਾਵੇ ਤਾਂ ਪਲੇ ਕੁਝ ਨਹੀਂ ਪੈਂਦਾ। ਪੁਲਿਸ ਉਤੇ ਲੋਕਾਂ ਦਾ ਵਿਸ਼ਵਾਸ ਨਹੀਂ ਰਿਹਾ। ਤੁਸੀਂ ਬੇਸ਼ਕ ਇਸ ਬਾਰੇ ਸਕਰੀਨਿੰਗ ਕਰਾ ਲਵੋ। ਪੰਜਾਬ ਦਾ ਵਾਤਾਵਰਨ ਬਹੁਤ ਖਰਾਬ ਹੈ ਅਤੇ ਪੰਜਾਬ ਦੇ ਲੋਕ ਬਹੁਤ ਦੁਖੀ ਹਨ, ਇਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। Administrative responsibilities have been pawned at the alter of religious sentiments.

ਚੇਅਰਮੈਨ ਸਾਹਿਬ, ਕੋਈ ਵੀ ਆਦਮੀ ਹੋਵੇ, ਐਡਮਨਿਸਟਰੇਟਰ ਹੋਵੇ ਜਾਂ ਕੋਈ ਵੀ ਸਰਕਾਰ ਹੋਵੇ ਤਾਂ ਲੋਕਾਂ ਨੂੰ ਪੂਰਾ ਇਨਸਾਫ ਮਿਲਣਾ ਚਾਹੀਦਾ ਹੈ। ਇਸ ਬਾਰੇ ਕੰਸਟੀਚੂਸ਼ਨ ਵਿਚ ਵੀ ਲਿਖਿਆ ਹੈ। ਇਨਸਾਨ ਦਾ ਨਹੀਂ ਬਲਕਿ ਸਰਕਾਰ ਦਾ ਸਭ ਤੋਂ ਪਹਿਲਾ ਫਰਜ਼ ਬਣਦਾ ਹੈ ਕਿ ਇਨਸਾਨ ਦੀ ਰਖਿਆ ਕੀਤੀ ਜਾਏ।

"ਮਾਸੂਮਾਂ ਸੇ ਤਕਰਾਰ,
ਅਤਿਵਾਦੀਓਂ ਸੇ ਪਿਆਰ,
ਕੈਸੀ ਹੈ ਤੇਰੀ ਬਰਨਾਲਾ ਸਰਕਾਰ"।

ਚੇਅਰਮੈਨ ਸਾਹਿਬ, ਅਤਿਵਾਦੀਆਂ ਦੇ ਹੌਂਸਲੇ ਬੁਲੰਦ ਹਨ। ਅਤਿਵਾਦੀ ਹਥਿਆਰ ਲੈ ਕੇ ਬਜ਼ਾਰਾਂ ਵਿਚ ਆਮ ਘੁੰਮਦੇ ਫਿਰਦੇ ਹਨ । ਦੋ ਢਾਈ ਕਿਲੋਮੀਟਰ ਪੈਦਲ ਹੀ ਤੁਰੇ ਫਿਰਦੇ ਹਨ, ਉਨ੍ਹਾਂ ਨੂੰ ਕੋਈ ਫੜ੍ਹਨ ਵਾਲਾ ਨਹੀਂ ਹੈ। ਇਹ ਜ਼ਿੰਮੇਵਾਰੀ ਆਮ ਪੰਜਾਬ ਦੇ ਲੋਕਾਂ ਤੇ ਨਹੀਂ ਸੁਟੀ ਜਾ ਸਕਦੀ। ਤੁਸੀਂ ਬੇਸ਼ਕ ਸਾਡੇ ਨਾਲ ਚਲੋ ਅਤੇ ਵੇਖ ਲਵੋ ਕਿ ਲੋਕ ਕਿਸ ਤਰ੍ਹਾਂ ਡਰਦੇ ਹਨ। ਇਹ, ਚੇਅਰਮੈਨ ਸਾਹਿਬ, ਸਰਕਾਰ ਦਾ ਫਰਜ਼ ਬਣਦਾ ਹੈ ਕਿ ਥੋੜ੍ਹੇ ਜਿਹੇ ਜਿਹੜੇ ਖਰਾਬ ਬੰਦੇ ਹਨ, ਉਨ੍ਹਾਂ ਨੂੰ ਪਕੜਿਆ ਜਾਵੇ ਨਾ ਕਿ ਆਰਾਮ ਦੇ ਨਾਲ ਬੈਠ ਜਾਵੋ। ਇਹੀ ਲੋਕ ਸਾਨੂੰ ਵੀ ਤੰਗ ਕਰਦੇ ਸੀ ਅਤੇ ਇਹੀ ਲੋਕ ਤੁਹਾਨੂੰ ਤੰਗ ਕਰਦੇ ਹਨ।

**ਸਰਦਾਰ ਗੋਬਿੰਦ ਸਿੰਘ ਕਾਂਝਲਾ** ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਅਤਿਵਾਦੀਆਂ ਨੂੰ ਜਨਮ ਕਿਸ ਨੇ ਦਿੱਤਾ ? ਹੋਰ ਦੂਸਰੇ ਸੂਬਿਆਂ ਵਿਚ ਇਹੋ ਜਿਹੇ ਹਾਲਾਤ ਪੈਦਾ ਕੇਂਦਰ ਸਰਕਾਰ ਨੇ ਕੀਤੇ ਹਨ। ਇਸ ਮੌਜੂਦਾ ਹਾਲਾਤ ਨੂੰ ਪੈਦਾ ਕਰਨ ਵਿਚ ਕਾਂਗਰਸ ਸਰਕਾਰ ਦੀ ਜ਼ਿੰਮੇਵਾਰੀ ਹੈ, ਸੈਂਟਰ ਸਰਕਾਰ ਦੀ ਜ਼ਿੰਮੇਵਾਰੀ ਹੈ ਜਿਸ ਨੇ ਪੰਜਾਬ ਦੇ ਸਮਝੌਤੇ ਨੂੰ ਲਾਗੂ ਨਹੀਂ ਕੀਤਾ। ਚੰਡੀਗੜ੍ਹ ਪੰਜਾਬ ਨੂੰ ਦੇਣਾ ਚਾਹੀਦਾ ਸੀ, ਔਰ ਪੰਜਾਬ ਸਮਝੌਤੇ ਨੂੰ ਲਾਗੂ ਕਰਨਾ ਚਾਹੀਦਾ ਹੈ ਤਾਕਿ ਵਾਤਾਵਰਣ ਠੀਕ ਹੋ ਸਕੇ।

**ਕੈਪਟਨ ਕੰਵਲਜੀਤ ਸਿੰਘ :** ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਅਤਿਵਾਦ ਨੂੰ ਖਤਮ ਕਰਨ ਲਈ ਅਸੀਂ ਯਤਨਸ਼ੀਲ ਹਾਂ ਔਰ ਅਸੀਂ ਬੰਦ ਕਰਨਾ ਹੈ। ਕੀ ਇਨ੍ਹਾਂ ਦੀ ਪਾਰਟੀ ਦਿੱਲੀ ਦੀ ਕਾਂਗਰਸ ਸਰਕਾਰ ਨੂੰ ਕਹਿਣ ਵਾਸਤੇ ਤਿਆਰ ਹੈ ਕਿ ਜਿਹੜੇ ਅਤਿਵਾਦੀ ਪਾਕਿਸਤਾਨ ਤੋਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]
ਟ੍ਰੇਨਿੰਗ ਲੈ ਕੇ ਹਿੰਦੁਸਤਾਨ ਵਿਚ ਬਾਰਡਰ ਕਰਾਸ ਕਰਕੇ ਆਉਂਦੇ ਹਨ ਹਿੰਦੁਸਤਾਨ ਦੀ ਕਾਂਗਰਸ ਸਰਕਾਰ ਉਨ੍ਹਾਂ ਨੂੰ ਰੋਕਦੀ ਕਿਉਂ ਨਹੀਂ ਹੈ ਅਤੇ ਬੀ.ਐਸ.ਐਫ. ਉਨ੍ਹਾਂ ਨੂੰ ਰੋਕਦੀ ਕਿਉਂ ਨਹੀਂ ਹੈ ?

**ਪ੍ਰੋਫੈਸਰ ਦਰਬਾਰੀ ਲਾਲ :** ਚੇਅਰਮੈਨ ਸਾਹਿਬ, ਪੁਲਿਸ ਸਾਇਲੈਂਟ ਸਪੈਕਟੇਟਰ ਬਣ ਕੇ ਰਹਿ ਗਈ ਹੈ। ਉਸ ਦੇ ਕੁਝ ਕਾਰਨ ਹਨ। ਪਹਿਲਾ ਕਾਰਨ ਤਾਂ ਇਹ ਹੈ ਕਿ ਪੁਲਿਸ ਵਿਚ ਹੋਲ ਸੇਲ ਡੀਮਾਰੇਲਾਈਜ਼ੇਸ਼ਨ ਹੋ ਗਈ ਹੈ। ਦੂਸਰਾ ਕਾਰਨ ਇਹ ਹੈ ਕਿ ਜਿਹੜੇ ਸਿੰਪਥਾਈਜ਼ਰ ਹਨ, ਉਹ ਪੁਲਿਸ ਵਿਚ ਇਨਫਿਲਟਰੇਟ ਕਰ ਗਏ ਹਨ। ਪੁਲਿਸ ਜਦੋਂ ਕਿਸੇ ਨੂੰ ਫੜਨ ਜਾਂਦੀ ਹੈ ਤਾਂ ਫੜਨ ਵਾਲੇ ਨੂੰ ਪਹਿਲਾਂ ਹੀ ਪਤਾ ਲਗ ਜਾਂਦਾ ਹੈ ਅਤੇ ਉਹ ਉਥੋਂ ਨਿਕਲ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਪੁਲਿਸ ਵਿਚ ਇਨਫਿਲਟਰੇਸ਼ਨ ਹੈ। ਇਸ ਬਾਰੇ, ਚੇਅਰਮੈਨ ਸਾਹਿਬ, ਸਕਰੀਨਿੰਗ ਹੋਣੀ ਚਾਹੀਦੀ ਹੈ।

**Mr. Chairman :** The House stands adjourned till 9.00 A.M. on Wednesday, the 5th March, 1986.

*1.30 P. M. | (The Sabha then *adjourned till 9.00 A. M. on Wednesday, the 5th March, 1986).

21741/PVS—Govt.Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1987

Published under the authority of the Punjab Vidhan Sabha and printed by the Controller, Government Press, Chandigarh.

*Original with;*
Punjab Vidhan Sabha
*Digitized by;*
Panjab Digital Library